# ਸਿਰਜਣਾ



ਜਨਵਰੀ-ਮਾਰਚ 2024 211 50 ਰੁਪਏ

ਸਿਰਜਣਾ

211

ਜਨਵਰੀ-ਮਾਰਚ 2024

ਸੰਪਾਦਕ : ਰਘਬੀਰ ਸਿੰਘ
Editor : Raghbir Singh

1728, ਸੈਕਟਰ 43-ਬੀ,
ਚੰਡੀਗੜ੍ਹ-160 043
ਫੋਨ : +91-172-2601693

***SIRJANA***
*1728, Sector 43-B,*
*Chandigarh-160 043*
*INDIA*
*Phone : +91-172-2601693*
*E-mail :*
*raghbirssirjana@yahoo.com*

**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**

## ਇਸ ਅੰਕ ਵਿਚ

ਸੰਪਾਦਕੀ/ਪੰਜਾਬੀ ਸਭਿਆਚਾਰ ਦਾ ਪ੍ਰਸੰਗ ਤੇ ਭਈਏ/1
ਸਤਪਾਲ ਭੀਖੀ/ਅੱਠ ਕਵਿਤਾਵਾਂ/3
ਸਤੀਸ਼ ਗੁਲਾਟੀ/ਪੰਜ ਗ਼ਜ਼ਲਾਂ/8
ਦੀਪਤੀ ਬਬੂਟਾ/ਵਾਹਾਂ ਇਨਾਮ/ਅੱਖੀਂ ਡਿੱਠਾ... !
ਧਰਤੀ ਉੱਤੇ ਉੱਡਦਾ ਪੰਛੀ/11
ਜਸਵੰਤ ਦੀਦ/ਸ਼ਬਦ ਚਿਤਰ/
ਤਿੜਕੀਆਂ ਮੁੰਦਰਾਂ ਵਾਲਾ ਅਮਿਤੋਜ/17
ਰਾਜਿੰਦਰਪਾਲ ਸਿੰਘ ਬਰਾੜ/ਸ਼ਬਦ ਚਿੱਤਰ/ਮੇਰੀ ਬੀਬੀ/29
ਹਰਪ੍ਰੀਤ ਸਿੰਘ ਚਨੂੰ/ਕਹਾਣੀ/ਜਾਹ-ਜਾਂਦੀ/34
ਕਮਲ ਸੇਖੋਂ/ਕਹਾਣੀ/ਕੁਦੇਸਣ !/50
ਚਰਨਜੀਤ ਮਿਨਹਾਸ/ਕਹਾਣੀ/ਲੈ ਫੇਰ ਸੁਣ/56
ਬੂਟਾ ਸਿੰਘ ਚੌਹਾਨ/ਕਹਾਣੀ/ਮੈਂ ਕੈਦ ਨੀਂ ਕੱਟਣੀ/63
ਬਲਜਿੰਦਰ ਨਸਰਾਲੀ/ਲੇਖ/ਬਹੁ-ਸਭਿਆਚਾਰਵਾਦ, ਪਰਵਾਸ
ਤੇ ਆਵਾਸ ਦਾ ਵਰਤਾਰਾ: ਪੰਜਾਬੀ ਨਾਵਲ ਦੇ ਹਵਾਲੇ ਨਾਲ/72
ਅਮਨਦੀਪ ਕੌਰ/ਲੇਖ/'ਰੁੱਤਾਂ' ਕਾਵਿ ਸੰਗ੍ਰਹਿ- ਸੁਫ਼ਨੇ ਤੇ
ਹਕੀਕਤਾਂ ਵਿਚਲਾ ਤਣਾਉ/80
ਜੇ.ਬੀ. ਸੇਖੋਂ/ਰਿਵਿਊ/ਧੁੱਪ ਛਾਂ ਦੇ ਖ਼ਤ/84
ਪਰਗਟ ਸਿੰਘ ਬਰਾੜ/ਰਿਵਿਊ/ਨਾਬਰ/86
ਹਰਿੰਦਰ ਸਿੰਘ/ਰਿਵਿਊ/ਰਾਵੀ ਦੀਆਂ ਛੱਲਾਂ/88/ਲੂਣਦਾਨੀ/90
ਜਸਬੀਰ/ਰਿਵਿਊ/ਅਣ-ਫਿਰਿਆ ਮੱਕਾ/93
ਹੁੰਗਾਰਾ/ਪੱਤਰ/95

ਟਾਈਟਲ ਚਿੱਤਰ : ਦੇਵ

**ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ**
**ਵਿਦੇਸ਼-ਹਵਾਈ ਡਾਕ ਰਾਹੀਂ : ਪੰਜ ਸਾਲ : 100 ਅਮਰੀਕਨ ਡਾਲਰ**

*ਸੰਪਾਦਕੀ*

# *ਪੰਜਾਬੀ ਸਭਿਆਚਾਰ ਦਾ ਪ੍ਰਸੰਗ ਤੇ ਭਈਏ*

*ਪੰਜਾਬ ਵਿਚ ਯੂਪੀ ਬਿਹਾਰ ਤੋਂ ਆ ਕੇ ਵਸੇ ਕਾਮਿਆਂ ਦੀ ਹਕੀਕਤ ਦੇ ਸਨਮੁਖ ਸਮੇਂ ਸਮੇਂ ਕੁਝ ਆਵਾਜ਼ਾਂ ਸੁਣਨ ਨੂੰ ਮਿਲਦੀਆਂ ਹਨ, ਜਿਨ੍ਹਾਂ ਵਿਚ ਪੰਜਾਬੀ ਸਭਿਆਚਾਰ ਦੇ ਭਵਿੱਖ ਬਾਰੇ ਫਿਕਰਮੰਦੀ ਦਾ ਇਜ਼ਹਾਰ ਕੀਤਾ ਜਾਂਦਾ ਹੈ। ਲੁਧਿਆਣੇ ਵਰਗੇ ਪੰਜਾਬ ਦੇ ਵੱਡੇ ਸਨਅਤੀ ਸ਼ਹਿਰਾਂ ਤੇ ਕਸਬਿਆਂ ਵਿਚ ਤਾਂ ਦੂਜੇ ਪ੍ਰਾਂਤਾਂ ਤੋਂ ਆ ਕੇ ਮਜ਼ਦੂਰੀ ਕਰਨ ਵਾਲੇ ਕਾਮਿਆਂ ਦੇ ਗਰੁੱਪ ਪਹਿਲਾਂ ਵੀ ਮੌਜੂਦ ਹੁੰਦੇ ਸਨ ਪਰ ਪੰਜਾਬ ਦੇ ਪਿੰਡਾਂ ਥਾਵਾਂ ਉੱਤੇ ਇਸ ਤਰ੍ਹਾਂ ਦੇ ਪਰਵਾਸੀ ਮਜ਼ਦੂਰ ਘੱਟ ਵੱਧ ਹੀ ਵੇਖਣ ਨੂੰ ਮਿਲਦੇ ਸਨ। ਪਿਛਲੇ ਪੰਜਾਹਵਿਆਂ ਸੱਠਵਿਆਂ ਵਿਚ ਦਿਹਾਤੀ ਖੇਤਰਾਂ ਵਿਚ ਬਿਜਲੀ ਦੀ ਆਮਦ, ਨਵੇਂ ਵਿਕਸਤ ਬੀਜਾਂ, ਰਸਾਇਣਕ ਖਾਦਾਂ ਅਤੇ ਮਸ਼ੀਨਰੀ ਦੀ ਵਰਤੋਂ ਨਾਲ ਖੇਤੀ ਦਾ ਸਰੂਪ ਬਦਲਣ ਲੱਗਾ। ਹਰੇ ਇਨਕਲਾਬ ਦੇ ਨਾਂ ਨਾਲ ਜਾਣੇ ਜਾਂਦੇ ਇਸ ਇਤਿਹਾਸਕ ਵਰਤਾਰੇ ਨੇ ਪਿੰਡਾਂ ਦੀ ਆਰਥਿਕਤਾ ਦੇ ਨਾਲ ਨਾਲ ਸਮਾਜਕ ਬਣਤਰ ਵਿਚ ਵੀ ਵੱਡੀ ਤਬਦੀਲੀ ਲਿਆਉਣੀ ਸ਼ੁਰੂ ਕੀਤੀ। ਪੂੰਜੀ ਦਾ ਦਬਦਬਾ ਵਧਣ ਨਾਲ ਜੱਟ ਜ਼ਿਮੀਂਦਾਰ ਤੇ ਸੀਰੀ ਦਾ ਪਰੰਪਰਕ ਰਿਸ਼ਤਾ ਅਲੋਪ ਹੋਣ ਲੱਗਾ ਅਤੇ ਇਸ ਦੇ ਨਾਲ ਹੀ ਪਿੰਡ ਦੇ ਦੂਜੇ ਦਸਤਕਾਰਾਂ ਦਾ ਜੱਟ ਕਿਰਸਾਣੀ ਨਾਲ ਸੇਪੀ ਵਾਲਾ ਰਵਾਇਤੀ ਰਿਸ਼ਤਾ ਵੀ ਖਾਤਮੇ ਵੱਲ ਵਧਿਆ।*

*ਪੇਂਡੂ ਕਿਰਤੀਆਂ ਦੇ ਸ਼ਹਿਰਾਂ ਵੱਲ ਮੁਹਾਣ ਕਾਰਨ ਜ਼ਿਮੀਂਦਾਰ ਵਰਗ ਨੂੰ ਖੇਤੀ ਦੇ ਧੰਦੇ ਵਿਚ, ਖਾਸ ਤੌਰ 'ਤੇ ਵਾਢੀ ਤੇ ਬਿਜਾਈ ਆਦਿ ਦੇ ਮੌਕੇ, ਜਦੋਂ ਕਿਰਤੀ ਸਹਾਇਕਾਂ ਦੀ ਲੋੜ ਪਈ ਤਾਂ ਉਸਦੀ ਪੂਰਤੀ ਲਈ ਉੱਤਰ ਪ੍ਰਦੇਸ਼ ਤੇ ਬਿਹਾਰ ਵਰਗੇ ਮੁਕਾਬਲਤਨ ਗ਼ਰੀਬ ਪ੍ਰਾਂਤਾਂ ਵਿਚੋਂ ਪਰਵਾਸੀਆਂ ਦਾ ਆਉਣਾ ਸ਼ੁਰੂ ਹੋਇਆ। ਪਹਿਲਾਂ ਪਹਿਲਾਂ ਇਹ ਪਰਵਾਸੀ ਮੌਸਮੀ ਕਾਮਿਆਂ ਵਜੋਂ ਆਉਂਦੇ ਸਨ। ਇਹਨਾਂ ਦੀ ਲੋੜ ਏਨੀ ਜ਼ਿਆਦਾ ਹੁੰਦੀ ਸੀ ਕਿ ਜ਼ਮੀਨਾਂ ਦੇ ਮਾਲਕ, ਝੁੰਡਾਂ ਵਿਚ ਆਉਣ ਵਾਲੇ ਇਹਨਾਂ ਨਵੇਂ ਕਾਮਿਆਂ ਨੂੰ ਰੇਲ ਗੱਡੀ ਵਿਚੋਂ ਉਤਰਨ ਸਾਰ ਦਬੋਚਣ ਲਈ, ਰੇਲਵੇ ਸਟੇਸ਼ਨਾਂ ਉੱਤੇ ਡੇਰੇ ਲਾ ਕੇ ਉਡੀਕਦੇ ਰਹਿੰਦੇ ਸਨ। ਸਮੇਂ ਦੇ ਬੀਤਣ ਨਾਲ ਇਹ 'ਭਈਏ' ਸਥਾਈ ਤੌਰ 'ਤੇ ਆਉਣੇ ਸ਼ੁਰੂ ਹੋਏ ਅਤੇ ਰੁਜ਼ਗਾਰ ਦਾ ਠੀਕ ਪ੍ਰਬੰਧ ਹੋਣ ਮਗਰੋਂ ਪਰਿਵਾਰਾਂ ਨੂੰ ਵੀ ਮੰਗਵਾਉਣ ਜਾਂ ਨਾਲ ਲਿਆਉਣ ਲੱਗੇ।*

*ਇਉਂ ਪਿਛਲੇ ਚਾਰ ਪੰਜ ਦਹਾਕਿਆਂ ਤੋਂ ਇਹ ਪਰਵਾਸੀ ਕਿਰਤੀ ਪੰਜਾਬ ਦੀ ਖੇਤੀਬਾੜੀ ਦੇ ਧੰਦੇ ਨੂੰ ਚੱਲਦਾ ਰੱਖਣ ਵਾਲੀ ਆਧਾਰ ਸ਼ਕਤੀ ਬਣੇ ਹੋਏ ਹਨ। ਬਿਲਕੁਲ ਹੇਠਲੀ ਪੱਧਰ ਦੀ ਜੱਟ ਕਿਸਾਨੀ ਨੂੰ ਛੱਡ ਕੇ, ਬਾਕੀ ਲਗਪਗ ਸਾਰੇ ਵੱਡੇ ਤੇ ਦਰਮਿਆਨੇ ਜ਼ਮੀਨ ਮਾਲਕ ਤਾਂ ਹੁਣ ਕਹਿਣ ਨੂੰ ਹੀ ਕਿਸਾਨ ਹਨ। ਹਕੀਕਤ ਵਿਚ ਉਹ ਨਿਗਰਾਨੀ ਕਰਨ ਵਾਲੇ ਮੈਨੇਜਰ ਜਾਂ 'ਸਰਦਾਰ' ਬਣ ਚੁੱਕੇ ਹਨ, ਹੱਥੀਂ ਕੰਮ ਕਰਨਾ ਜਿਨ੍ਹਾਂ ਦੀ ਜਿਵੇਂ ਲੋੜ ਹੀ ਨਹੀਂ ਰਹੀ! ਇਹਨਾਂ ਜ਼ਮੀਨ ਮਾਲਕਾਂ ਦੀ ਨਵੀਂ ਪੀੜ੍ਹੀ ਤਾਂ ਮੂਲੋਂ ਹੀ ਖੇਤੀ ਦੇ ਧੰਦੇ ਵੱਲ ਮੂੰਹ ਕਰਨ ਲਈ ਤਿਆਰ ਨਹੀਂ। ਖੇਤੀ ਤੇ ਇਸਦੇ ਸਹਾਇਕ ਧੰਦਿਆਂ ਦਾ ਸਾਰਾ ਕੰਮ ਕਰਨ ਦੀ ਜ਼ਿੰਮੇਵਾਰੀ ਇਹ ਭਈਏ ਨਿਭਾਅ ਰਹੇ ਹਨ। ਜਿਵੇਂ ਜਿਵੇਂ ਇਹ ਲੋਕ ਪੰਜਾਬ ਵਿਚ ਆ ਕੇ ਵਸੇ ਹਨ ਅਤੇ ਪੰਜਾਬ ਦੇ ਬੇਜ਼ਮੀਨੇ ਕਿਰਤੀ ਆਪਣਾ ਰਵਾਇਤੀ ਜੱਦੀ ਪੁਸ਼ਤੀ ਕੰਮ ਛੱਡ ਰਹੇ ਹਨ, ਇਹਨਾਂ 'ਭਈਆਂ' ਨੇ ਖੇਤੀ ਤੋਂ ਅਗਾਂਹ ਛੋਟੀ ਦੁਕਾਨਦਾਰੀ ਅਤੇ ਦਸਤਕਾਰੀ ਦੇ ਕਿੱਤਿਆਂ ਨੂੰ ਵੀ ਅਪਨਾਉਣਾ ਸ਼ੁਰੂ ਕੀਤਾ ਹੈ। ਯਕੀਨਨ ਇਸ ਸਮੇਂ ਪੰਜਾਬ ਦੀ ਆਰਥਿਕਤਾ ਅਤੇ ਪੰਜਾਬ ਦੇ ਸਮਾਜਕ ਤਾਣੇ ਬਾਣੇ ਵਿਚ ਪਰਵਾਸੀ ਭਈਆਂ ਦਾ ਯੋਗਦਾਨ ਬਹੁਤ ਅਹਿਮ ਹੈ।*

*ਜਿਸ ਤਰ੍ਹਾਂ ਕੁਝ ਹਲਕਿਆਂ ਵੱਲੋਂ ਆਵਾਜ਼ ਉਠਾਈ ਜਾਂਦੀ ਹੈ, ਕੀ ਭਈਆਂ ਦੇ ਆਉਣ ਨਾਲ ਪੰਜਾਬ ਦੀ ਹੋਂਦ ਨੂੰ ਕੋਈ ਖਤਰਾ ਖੜ੍ਹਾ ਹੋ ਗਿਆ ਹੈ, ਜਾਂ ਇਹਨਾਂ ਕਰ ਕੇ ਪੰਜਾਬ ਦਾ ਸਭਿਆਚਾਰਕ ਮੁਹਾਂਦਰਾ ਵਿਗੜ ਜਾਵੇਗਾ? ਸਾਡੀ ਜਾਚੇ ਉੱਤਰ ਸਪਸ਼ਟ ਨਾਂਹ ਵਿਚ ਬਣਦਾ ਹੈ। ਪਹਿਲੀ ਗੱਲ ਤਾਂ ਇਹ ਕਿ ਕੋਈ ਵੀ ਸਭਿਆਚਾਰ ਸਮੇਂ ਸਥਾਨ ਦੀਆਂ ਵਿਸ਼ੇਸ਼ ਹਾਲਤਾਂ ਵਿਚੋਂ ਆਪਣਾ ਰੂਪ ਧਾਰਨ ਕਰਦਾ ਹੈ ਅਤੇ ਇਹ ਕਦੇ ਵੀ ਖੜੋਤ ਦੀ ਅਵਸਥਾ ਵਿਚ ਨਹੀਂ ਰਹਿੰਦਾ। ਵਸਨੀਕਾਂ ਦੀ ਆਮਦੋ-ਰਫਤ ਸਮੇਤ ਕੁਝ ਛੱਡੇ ਜਾਣ ਤੇ ਕੁਝ ਨਵਾਂ ਆਉਣ ਸਦਕਾ ਇਸ ਵਿਚ ਨਿਰੰਤਰ ਤਬਦੀਲੀ ਹੁੰਦੀ ਰਹਿੰਦੀ ਹੈ। ਤੇ ਦੂਜੀ ਗੱਲ, ਕੋਈ ਵੀ ਪਰਵਾਸੀ ਸਮੂਹ ਏਨਾ ਸ਼ਕਤੀਸ਼ਾਲੀ ਨਹੀਂ ਹੁੰਦਾ ਕਿ ਉਹ ਮੂਲ ਸਭਿਆਚਾਰ ਦਾ ਮੁਹਾਂਦਰਾ ਬਦਲ ਸਕੇ। ਪਰਵਾਸੀ ਸਮੂਹ ਕਿਸੇ ਦੂਸਰੇ ਸਮਾਜ-ਸਭਿਆਚਾਰ ਵਿਚ ਦਾਖਲ ਹੋ ਕੇ ਉਸਨੂੰ ਵਿਗਾੜਦਾ ਨਹੀਂ, ਸਗੋਂ ਸੰਬੰਧਤ ਸਭਿਆਚਾਰ ਵਿਚ ਹੋਰ ਨਵੇਂ ਰੰਗ ਭਰ ਕੇ ਉਸਨੂੰ ਵਧੇਰੇ ਅਮੀਰ ਬਣਾਉਣ ਦਾ ਕਾਰਜ ਕਰਦਾ ਹੈ। ਇਉਂ ਪੰਜਾਬ ਵਿਚ ਆ ਕੇ ਵਸੇ ਭਈਆਂ ਤੋਂ ਪੰਜਾਬੀ ਸਮਾਜ-ਸਭਿਆਚਾਰ ਨੂੰ ਕੋਈ ਖਤਰਾ ਨਹੀਂ, ਐਨ ਉਵੇਂ ਜਿਵੇਂ ਅਮਰੀਕਾ, ਕੈਨੇਡਾ, ਬਰਤਾਨੀਆ, ਆਸਟਰੇਲੀਆ, ਨਿਊਜ਼ੀਲੈਂਡ ਤੇ ਹੋਰ ਦੇਸ਼ਾਂ ਵਿਚ ਜਾ ਕੇ ਪੰਜਾਬੀ ਸਮੂਹਾਂ ਦੇ ਵਸ ਜਾਣ ਨਾਲ ਉੱਥੋਂ ਦੇ ਭਾਰੂ ਸਭਿਆਚਾਰ ਨੂੰ ਕੋਈ ਆਂਚ ਨਹੀਂ ਆਈ। ਜਿਵੇਂ ਬਦੇਸ਼ਾਂ ਵਿਚ ਪੰਜਾਬੀ ਪਰਵਾਸੀ ਸਹਿਜੇ ਸਹਿਜੇ ਆਪਣੇ ਆਪ ਨੂੰ ਉੱਥੋਂ ਦੇ ਸਮਾਜ-ਸਭਿਆਚਾਰ ਵਿਚ ਆਤਮਸਾਤ ਕਰਦੇ ਗਏ ਹਨ, ਤਿਵੇਂ ਹੀ ਪੰਜਾਬ ਵਿਚਲੇ ਭਈਏ ਵੀ ਪੰਜਾਬੀ ਰਹਿਤਲ ਦਾ ਅੰਗ ਬਣ ਰਹੇ ਹਨ। ਸਗੋਂ ਭਈਆਂ ਨੇ ਤਾਂ ਜਿਸ ਤਰ੍ਹਾਂ ਕਿਰਤ ਦੀ ਵਡਿਆਈ ਨੂੰ ਪ੍ਰਮਾਣਤ ਕਰਦਿਆਂ ਹੋਇਆਂ ਪੰਜਾਬ ਦੇ ਅਰਥਚਾਰੇ ਨੂੰ ਬਚਾਉਣ ਵਿਚ ਵੱਡਾ ਯੋਗਦਾਨ ਦਿੱਤਾ ਹੈ, ਉਸ ਲਈ ਪੰਜਾਬ ਨੂੰ ਉਹਨਾਂ ਦਾ ਸ਼ੁਕਰਗੁਜ਼ਾਰ ਹੋਣ ਚਾਹੀਦਾ ਹੈ।*

*ਕਿਸੇ ਵੀ ਨਿਸਚਤ ਖਿੱਤੇ ਦੇ ਭੂਗੋਲ ਤੇ ਪਉਣ-ਪਾਣੀ ਵਿਚ ਢਲੀ ਉੱਥੋਂ ਦੀ ਸਮੁੱਚੀ ਰਹਿਤਲ ਅਥਵਾ ਲੋਕਾਂ ਦਾ ਪਹਿਰਾਵਾ, ਖਾਣ-ਪੀਣ, ਕੰਮ-ਕਾਰ, ਸੁਭਾਅ, ਰੀਤੀ-ਰਿਵਾਜ, ਸਭਿਆਚਾਰਕ ਸ਼ਨਾਖਤ ਦੇ ਵੱਖ ਵੱਖ ਅੰਗ ਹਨ, ਜਿਨ੍ਹਾਂ ਵਿਚ ਧਰਮ ਤੇ ਭਾਸ਼ਾ ਅਵੱਸ਼ ਬਹੁਤ ਅਹਿਮ ਅੰਗ ਹਨ। ਪਰ ਇਹ ਨਿਰੋਲ ਆਪਣੇ ਆਪ ਵਿਚ ਸਭਿਆਚਾਰ ਨਹੀਂ। ਲਹਿੰਦੇ ਅਤੇ ਚੜ੍ਹਦੇ ਪੰਜਾਬ ਵਿਚ ਧਰਮ ਦੇ ਵਖਰੇਵੇਂ ਦੇ ਬਾਵਜੂਦ ਪੰਜਾਬੀ ਸਮਾਜ ਇਕੋ ਹੈ। ਪਰ ਕੁਝ ਲੋਕ ਇਕ ਖਾਸ ਧਰਮ ਦੀ ਚੜ੍ਹਤ ਵਿਚ ਹੀ ਪੰਜਾਬੀ ਸਭਿਆਚਾਰ ਦੇ ਅਰਥ ਲੱਭਣ ਦਾ ਭਰਮ ਪਾਲ਼ ਬੈਠੇ ਹਨ। ਭਈਆਂ ਦੀ ਪੰਜਾਬ ਵਿਚ ਮੌਜੂਦਗੀ ਬਾਰੇ ਫਿਕਰਮੰਦੀ ਇਸ ਭਾਂਤ ਦੀ ਸੋਚ ਦਾ ਪਰਤੌ ਹੈ, ਜੋ ਨਿਸਚੇ ਹੀ ਗ਼ਲਤ ਹੈ।*

*ਇਹ ਬੜੀ ਬਚਿੱਤਰ ਗੱਲ ਹੈ ਕਿ ਬਦੇਸ਼ਾਂ ਵਿਚ ਪੰਜਾਬੀ ਪਰਵਾਸੀਆਂ ਦੀਆਂ ਪ੍ਰਾਪਤੀਆਂ ਦਾ ਤਾਂ ਬਹੁਤ ਹੁੱਬ ਕੇ ਜ਼ਿਕਰ ਕੀਤਾ ਜਾਂਦਾ ਹੈ ਅਤੇ ਬਦੇਸ਼ੀ ਸਮਾਜ-ਸਭਿਆਚਾਰ ਵਿਚ ਰਚ ਜਾਣ ਦੇ ਨਾਲ ਆਪਣੇ ਮੂਲ ਪੰਜਾਬੀ ਸਭਿਆਚਾਰ ਦੀ ਸ਼ਨਾਖਤ ਵੀ ਬਣਾਈ ਰੱਖਣ ਦਾ ਆਵਾਹਨ ਕੀਤਾ ਜਾਂਦਾ ਹੈ। ਉਸ ਦੇ ਟਾਕਰੇ ਭਈਆਂ ਦੀ ਆਮਦ ਤੋਂ ਪੰਜਾਬੀ ਸਮਾਜ ਨੂੰ ਖਤਰੇ ਦੀ ਗੱਲ ਹੁੰਦੀ ਹੈ, ਜਦਕਿ ਭਈਏ ਸਾਡੇ ਹੀ ਗਵਾਂਢੀ ਹੋਣ ਦੇ ਨਾਤੇ ਕੋਈ ਬਹੁਤੇ ਓਪਰੇ ਵੀ ਨਹੀਂ।*

*ਪੰਜਾਬੀ ਬੋਲੀ ਨੂੰ ਵੀ ਭਈਆਂ ਤੋਂ ਕੋਈ ਖਤਰਾ ਨਹੀਂ। ਉਹ ਲੋਕ ਤਾਂ ਲੋੜ ਅਨੁਸਾਰ ਪੰਜਾਬੀ ਬੋਲਣਾ ਸਿੱਖ ਗਏ ਹਨ ਅਤੇ ਪੰਜਾਬੀ ਬੋਲਦੇ ਵੀ ਹਨ। ਸਮਰੱਥ ਪੰਜਾਬੀਆਂ ਵੱਲੋਂ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿਚ ਪੜ੍ਹਾਉਣ ਦੇ ਉਲਟ ਉਹਨਾਂ ਦੇ ਬੱਚੇ ਸਗੋਂ ਸਰਕਾਰੀ ਸਕੂਲਾਂ ਵਿਚ ਪੰਜਾਬੀ ਪੜ੍ਹਦੇ ਹਨ। ਜਿਵੇਂ ਕਿ ਹਰ ਥਾਂ ਪਰਵਾਸੀਆਂ ਨਾਲ ਵਾਪਰਦਾ ਹੈ, ਭਈਆਂ ਦੀ ਨਵੀਂ ਪੀੜ੍ਹੀ ਤਾਂ ਨਿਰੋਲ ਪੰਜਾਬੀ ਬਣਕੇ ਉਭਰ ਰਹੀ ਹੈ। ਹੁਣੇ ਹੀ ਇਸਦੇ ਪ੍ਰਮਾਣ ਵੇਖਣ ਨੂੰ ਮਿਲ ਰਹੇ ਹਨ ਜਦੋਂ ਅਕਾਦਮਿਕਤਾ ਅਤੇ ਪੰਜਾਬੀ ਸਾਹਿਤ ਦੇ ਖੇਤਰ ਵਿਚ ਭਈਆਂ ਦੇ ਪਿਛੋਕੜ ਵਾਲੇ ਵਿਅਕਤੀ ਆਪਣਾ ਸਥਾਨ ਬਣਾ ਰਹੇ ਹਨ।*

*ਪੰਜਾਬੀ ਸਭਿਆਚਾਰ ਦਾ ਫਿਕਰ ਕਰਨ ਵਾਲਿਆਂ ਨੂੰ ਭਈਆਂ ਦਾ ਖਿਆਲ ਛੱਡਕੇ ਖੁਦ ਆਪਣੀ ਪੀੜ੍ਹੀ ਹੇਠ ਸੋਟਾ ਫੇਰਨਾ ਚਾਹੀਦਾ ਹੈ। 000*

# ਸਤਪਾਲ ਭੀਖੀ: ਅੱਠ ਕਵਿਤਾਵਾਂ

**ਚਿੰਗਾੜੀ**

ਪਾਣੀ ਦਾ ਉਬਾਲ ਦਰਜਾ ਪਤਾ ਹੈ
ਦੁੱਧ ਦਾ ਵੀ
ਮੇਰਾ ਉਬਾਲ ਦਰਜਾ ਕੀ ਹੈ? ਨਹੀਂ ਪਤਾ

ਕਦੇ ਦਾਵਾਨਲ ਵੀ
ਕੁਝ ਨਹੀਂ ਕਹਿੰਦਾ

ਕਦੇ ਕਦੇ
ਅਣਦਿਖਦੀ ਚਿੰਗਾੜੀ ਵੀ
ਉਬਾਲ਼ਦੀ ਕੰਢੇ ਸਾੜਦੀ
ਡੁੱਲ੍ਹ ਜਾਂਦਾ ਹਾਂ ਮੈਂ
ਆਪਣੇ ਹੀ ਚੁਫੇਰੇ। 00

**ਪਹਾੜਾ**

ਜ਼ਿੰਦਗੀ
ਨੌਂ ਦੇ ਪਹਾੜੇ ਵਾਂਗ ਹੈ
ਇਕ ਤੇ ਅੱਠ
ਕਦੋਂ ਅੱਠ-ਇਕ ਹੋ ਜਾਣ
ਦੋ ਨੂੰ ਭੁਆਂਟਣੀ ਦੇ
ਸੱਤ ਕਦੋਂ ਅੱਗੇ ਨਿਕਲ ਜਾਵੇ
ਤੇ 36 ਦਾ ਪਿੱਠ ਕਰੀਂ ਖੜ੍ਹਾ ਅੰਕੜਾ
ਕਦੋਂ 63 'ਚ ਬਦਲ ਸਾਹਮਣੇ ਆ ਜਾਵੇ
ਚਾਰ ਪੰਜ -- ਪੰਜ ਚਾਰ ਹੋ ਜਾਣ
ਕਿਸੇ ਨੂੰ ਜ਼ੀਰੋ ਕਰ, ਜਰਬਾਂ ਦਿੰਦਾ ਨੌਂ
ਬਹੁਤ ਅੱਗੇ ਲੰਘ ਜਾਵੇ

ਸਮੇਂ ਦੀ ਗੱਲ ਹੈ! 00

**ਉਡੀਕ ਯੁੱਗ!**

ਠੰਢੇ ਮਤੇ ਵਾਲੀ ਪ੍ਰੇਮਿਕਾ
ਵਰੋਲ਼ੇ ਵਾਂਗ ਘੁੰਮਦੇ
ਪ੍ਰੇਮੀ ਦੀ ਤੋਰ ਤੇ ਤੇਵਰ ਤੋਂ
ਹੈਰਾਨ ਹੈ

ਜਿਵੇਂ ਚਿਰਾਂ ਤੋਂ ਉਡੀਕਦੇ, ਮੁਸਾਫ਼ਿਰ ਅੱਗਿਓਂ
ਬਿਨ ਰੁਕਿਆਂ, ਲੰਘ ਜਾਵੇ ਰੇਲ
ਤੇ ਉੱਡਦੀ ਧੂੜ
ਭਰ ਜਾਵੇ ਘੱਟੇ ਨਾਲ ਚਿਹਰਾ

ਜੀਅ ਕਰਦਾ
ਇਸ ਸਬਰ ਨੂੰ ਆਖਾਂ
ਇਹ ਪ੍ਰੇਮ ਯੁੱਗ ਨਹੀਂ
ਉਡੀਕ ਯੁੱਗ?
ਉਡੀਕ ਯੁੱਗ ਤਾਂ ਕਦਾਚਿਤ ਨਹੀਂ! 00

## ਪੀਨਾ

ਲੱਭੂ ਦੇ ਪੀਨੇ ਨੂੰ
ਸਾਰੇ ਪਿੰਡ ਦੇ ਪੈਰਾਂ ਦਾ ਮੇਚਾ ਯਾਦ ਹੈ

ਦੁਕਾਨ ਚੜ੍ਹਦਿਆਂ, ਪੈਰਾਂ ਨੂੰ ਦੱਸ ਦਿੰਦਾ
ਕਿੰਨਾ ਨੰਬਰ, ਕਿਹੜੀ ਕਿਸਮ
ਕਿਹੜਾ ਡਿਜ਼ਾਇਨ, ਕਿੰਨੀ ਕੁ ਕੀਮਤ

ਕਿਹੜਾ ਜੁੱਤਾ, ਕੀ ਕੰਮ ਕਰਦਾ?
ਕਿਸ ਦਾ ਕੰਮ ਕਰਦਾ?
ਕਿਸ ਹਾਲ 'ਚ? ਕਿਸ ਚਾਲ 'ਚ ?
ਪੀਨੇ ਨੂੰ ਪਤਾ ਹੈ

ਪੀਨੇ ਦੀ ਮੁਸਕਰਾਹਟ
ਸ਼ਬਦ ਮਿਠਾਸ, ਮੋਹਣੀ ਅਦਾ ਨੂੰ
ਮਿਲਣ ਆਉਂਦੇ ਨੇ ਪੈਰ

ਬਿਆਈਆਂ ਦੇ ਭੁਗੋਲ ਨੂੰ
ਪੀਨੇ ਤੋਂ ਵੱਧ ਕੌਣ ਜਾਣਦਾ?

ਬੂਟਾਂ ਰਾਹੀਂ, ਹਰ ਘਰ ਚ
ਬਣੀ ਰਹਿੰਦੀ ਪੀਨੇ ਦੀ ਦਸਤਕ
ਮੁਹੱਬਤ - ਜਜ਼ਬਾਤ

ਪੈਰਾਂ ਸੰਗ ਆਏ
ਨਿੱਕੇ ਨਿੱਕੇ ਪੈਰਾਂ ਨੂੰ
ਵੱਡੇ ਹੁੰਦੇ, ਵਧਦੇ

ਵੇਖਿਆ ਹੈ ਪੀਨੇ ਨੇ
ਕਿੰਨੇ ਪੈਰ
ਮੁੜ ਦੁਕਾਨ ਨਹੀਂ ਚੜ੍ਹੇ
ਪਤਾ ਨਹੀਂ ਕਿੱਥੇ ਅੜੇ ਝੜੇ
ਪੀਨੇ ਦੇ ਪੋਟਿਆਂ ਨੂੰ ਯਾਦ

ਲੱਗਦਾ - ਜਿਵੇਂ ਪੀਨੇ ਕਰ ਕੇ
ਤੁਰਦੇ ਨੇ ਪੈਰ
ਪੀਨੇ ਦੇ ਬੂਟ
ਜਿਵੇਂ ਪੈਰਾਂ ਨੂੰ ਨਹੀਂ
ਸਿਰ ਨੂੰ ਵੀ ਢਕ ਰਹੇ ਹੋਣ! 00

## ਘਰ

ਘਰ -- ਨਵਾਂ ਨਵਾਂ ਬਣਿਆ ਅਜੇ
ਮਜ਼ਦੂਰਾਂ ਦੇ ਤਾਜ਼ਾ ਤਾਜ਼ਾ ਮੁੜ੍ਹਕੇ ਦਾ
ਅਹਿਸਾਸ ਗਿਆ ਨਹੀਂ ਕਿਤੇ
ਮਿਸਤਰੀ ਨੇ ਇੱਟ ਮੰਗੀ
ਤੇ ਮਜ਼ਦੂਰ ਵੱਲੋਂ ਕੁਝ ਹੋਰ ਫੜਾਉਣ ‘ਤੇ
ਮਿਸਤਰੀ ਦੀ ਮਸ਼ਕਰੀ
ਹੁਣ ਵੀ ਗੂੰਜ ਰਹੀ ਹੈ ਇੱਥੇ

ਨਵੇਂ ਨਕੋਰ ਗਮਲੇ
ਨਵੀਆਂ ਤਿਆਰ ਕੀਤੀਆਂ ਕਿਆਰੀਆਂ
ਮਿੱਟੀ ਚ ਬੀਜੇ ਬੀਜ
ਨਿਕਲਦੀਆਂ ਤੂਈਆਂ, ਕਰੂੰਬਲਾਂ
ਨਿੱਕੇ ਨਿੱਕੇ ਪੌਦੇ
ਹਰ ਚੀਜ਼ ਨਵੀਂ ਨਵੀਂ
ਨਵੇਂ ਅਹਿਸਾਸ
ਨਫਾਸਤ ਦੀ ਦੁਨੀਆ

ਕਿਸੇ ਨੇ ਬੋਲਦਿਆਂ
ਗਾਲ਼ ਕੱਢੀ ਹੈ ਦੂਜੇ ਜਣੇ ਨੂੰ
ਗਾਲ਼ 'ਚੋਂ, ਭੜੂਆ, ਭੰਗੀ
ਪਾਕੀ ਨਿਕਲ ਆਏ ਨੇ

ਗਮਲੇ ‘ਚ ਪੌਦੇ ਕੁਮਲਾ ਗਏ
ਕਰੂੰਬਲਾਂ ਨੇ ਸਿਰ ਸੁੱਟ ਲਏ
ਸੱਜਰੇ ਪਲਾਂ ਨੂੰ, ਦੰਦਲ਼ ਪੈ ਗਈ ਹੈ

ਘਰ,ਘਰ ਨਹੀਂ ਰਿਹਾ
ਪਾਰਲੀਮੈਂਟ ਬਣ ਗਿਆ ਹੈ! 00

## ਪੈਰ

ਜੋ ਤੁਰੇ ਨਹੀਂ
ਪੈਰਾਂ ਨੂੰ ਉਨ੍ਹਾਂ, ਸ਼ੂਦਰ ਕਿਹਾ
ਆਪ ਸਿਰ, ਧੜ, ਭੁਜਾਵਾਂ ਦੇ
ਮਾਲਕ ਹੋ ਗਏ

ਸਿਧਾਰਥ ਮਹਿਲੋਂ ਤੁਰਿਆ
ਬੁੱਧ ਹੋ ਗਿਆ
ਨਾਨਕ ਘਰੋਂ ਤੁਰਿਆ
ਦੁਨੀਆ ਵੇਖੀ ਤੇ ਬਾਬਾ ਬਣਿਆ
ਮਰਦਾਨਾ ਰਬਾਬ ਹੋਇਆ
ਅਨੰਦਪੁਰ ਤੋਂ ਤੁਰੇ ਪੈਰ, ਦਿੱਲੀ ਚ ਪੁੱਜ
ਹਿੰਦ ਦੀ ਚਾਦਰ ਹੋ ਗਏ

ਜਿਨ੍ਹਾਂ ਸਫਰ ਕੀਤਾ
ਸਿਰਜਣਾ ਉਨ੍ਹਾਂ ਦੀ ਗਵਾਹ ਰਹੀ
ਉਨ੍ਹਾਂ ਵਿਚਾਰ ਦਿੱਤਾ
ਨਵਾਂ ਸੰਸਾਰ ਦਿੱਤਾ

ਜਿਹੜੇ ਤੁਰੇ ਨਹੀਂ
ਕਿਤੇ ਨਹੀਂ ਪੁੱਜੇ
ਬੈਠੇ ਪੈਰਾਂ ਨੂੰ
ਸ਼ੂਦਰ ਹੀ ਕਹਿੰਦੇ ਰਹੇ। 00

## ਉਬਾਲ਼

ਚੁੱਲ੍ਹੇ ਚੜ੍ਹੀ ਪਤੀਲੀ ਨੂੰ
ਵਾਰ ਵਾਰ ਵੇਖਦਾ
ਗਰਮ ਹੋਣ ਲਈ ਧਰਿਆ ਦੁੱਧ
ਉੱਬਲ਼ ਨਹੀਂ ਰਿਹਾ

ਦੁੱਧ ਮੇਰੇ ਸਬਰ ਨੂੰ
ਉਬਾਲ਼ ਦਿੰਦਾ ਹੈ ... ...

ਮੇਰੇ ਕੰਢੇ ਸੜ ਰਹੇ ਨੇ
ਕਿੰਨਾ ਕੁਝ

ਮਨ ਦੀ ਪਤੀਲੀ 'ਚੋਂ ਨਿੱਕਲ
ਇਧਰ-ਉਧਰ, ਡੁੱਲ੍ਹ ਰਿਹਾ ਹੈ। 00

## ਪਹਿਲਵਾਨ ਧੀਆਂ ਲਈ

ਜਿੱਤ ਦਾ ਜਸ਼ਨ ਕਾਹਦਾ?
ਦੇਸ਼ ਦੀ ਸ਼ਾਨ ਕੀ ਹੈ?
ਝੰਡੇ ਦਾ ਮਾਣ ਕੀ ਹੈ ?
ਰੰਗਾਂ ਦੇ ਅਰਥ ਕੀ ਨੇ?

ਦੇਸ਼ ਦੇ ਨਾਮ ਉੱਤੇ
ਰਾਜਾ ਦੇਸ਼ ਦਾ ਜਦ, ਮੈਂ ਮੈਂ ਦੀ ਭਾਸ਼ਾ ਬੋਲੇ
ਪੈਰਾਂ ਵਿਚ ਸ਼ਾਨ ਰੋਲ਼ੇ, ਇੱਜ਼ਤ ਮਾਣ ਰੋਲ਼ੇ
ਵਹਿਸ਼ੀ ਦਾਨਵਾਂ ਨੂੰ, ਸਿਪਾਹ ਸਲਾਰ ਥੋਪੇ
ਇਕੋ ਹੀ ਰੰਗ ਥੋਪੇ, ਇਕੋ ਉਮੰਗ ਥੋਪੇ

ਪਾਪਾਂ ਦੇ ਭਾਰ ਵਾਲੀ, ਬੇੜੀ ਤਦ ਡੋਲਦੀ ਹੈ
ਪੀੜ ਫਿਰ ਦੁੱਖਾਂ ਵਾਲੀ, ਉੱਚੇ ਚੜ੍ਹ ਬੋਲਦੀ ਹੈ
------
ਮਾਣ ਦਾ ਤਾਜ ਧੀਆਂ, ਰਣ ਵਿਚੋਂ ਬੋਲ ਰਹੀਆਂ
ਰਾਖ ਦੇ ਢੇਰ ਵਿਚੋਂ, ਅੰਗਿਆਰ ਟੋਲ਼ ਰਹੀਆਂ
ਮੈਲੀ ਅੱਖ ਨੇ ਜੋ ਦਿੱਤੇ, ਜ਼ਖ਼ਮ ਫਰੋਲ ਰਹੀਆਂ

ਮਾਣ ਤੇ ਤਾਣ ਸਾਰ ਇਕ ਕਰ ਕੇ
ਪਾਣੀ ਨੂੰ ਭੇਂਟ ਕਰ ਕੇ
ਅੱਖਾਂ ਵਿਚ ਹੰਝ ਭਰ ਕੇ
ਇਹ ਪੁੱਛ ਰਹੀਆਂ:

ਜਿੱਤ ਦਾ ਜਸ਼ਨ ਕਾਹਦਾ?
ਦੇਸ਼ ਦੀ ਸ਼ਾਨ ਕੀ ਹੈ?
ਝੰਡੇ ਦਾ ਮਾਣ ਕੀ ਹੈ?
ਰੰਗਾਂ ਦੇ ਅਰਥ ਕੀ ਨੇ?? 000

***(ਐੱਮ ਆਈ ਜੀ-578, ਫੇਜ਼ 1, ਅਰਬਨ ਅਸਟੇਟ, ਪਟਿਆਲਾ-147 002***
***ਫੋਨ: +91-98761-55530***
***ਈਮੇਲ: satpalbhikhi@gmail.com)***

## ਸਤੀਸ਼ ਗੁਲਾਟੀ: ਪੰਜ ਗ਼ਜ਼ਲਾਂ

### -1-

ਉਹ ਫੁੱਟਦੇ ਪੱਤਿਆਂ ਨੂੰ ਲੋਰੀਆਂ ਦੀ ਝੋਲ ਦਿੰਦੀ ਹੈ
ਚਿੜੀ ਜਦ ਫੜਫੜਾਕੇ ਆਪਣੇ ਪਰ ਤੋਲ ਦਿੰਦੀ ਹੈ

ਕੋਈ ਸਮਝੇ ਨਾ ਸਮਝੇ ਪਰ ਅਮੂਮਨ ਬੋਲ ਦਿੰਦੀ ਹੈ
ਕਿ ਇਹ ਆਕਾਸ਼ ਗੰਗਾ ਅਪਣਾ ਆਪਾ ਫੋਲ ਦਿੰਦੀ ਹੈ

ਸ਼ਿਕਨ ਚਿਹਰੇ ਦੀ, ਧੀ ਦਾ ਫ਼ਿਕਰ, ਕੁਛ ਸ਼ਿਕਵੇ, ਗਿਲੇ, ਸ਼ੰਕੇ
ਕਿ ਮਾਂ ਬੋਲੇ ਬਿਨਾਂ ਅੱਖਾਂ 'ਚੋਂ ਸਭ ਕੁਝ ਬੋਲ ਦਿੰਦੀ ਹੈ

ਜਦੋਂ ਵੀ ਥੱਕਿਆ ਟੁੱਟਿਆ ਮੈਂ ਘਰ ਵਿਚ ਪੈਰ ਧਰਦਾ ਹਾਂ
ਤਾਂ ਧੀ ਗਲਵੱਕੜੀ ਪਾ ਕੇ ਥਕੇਵਾਂ ਰੋਲ਼ ਦਿੰਦੀ ਹੈ

ਅਸੀਂ ਤਾਂ ਜਾਗਦੇ ਹੋਏ ਵੀ ਅੱਖਾਂ ਬੰਦ ਰੱਖਦੇ ਹਾਂ
ਮੁਸੀਬਤ ਆਉਂਦੀ ਹੈ ਤੇ ਆ ਕੇ ਅੱਖਾਂ ਖੋਲ੍ਹ ਦਿੰਦੀ ਹੈ

ਜੇ ਛੋਟੀ ਸੱਟ ਵੀ ਵੱਜੇ ਤਾਂ ਦੱਸ ਦਿੰਨਾਂ ਜ਼ਮਾਨੇ ਨੂੰ
ਤੇ ਪਤਨੀ ਚੁੱਪ-ਚੁਪੀਤੇ ਆਪਣਾ ਦੁੱਖ ਫੋਲ ਦਿੰਦੀ ਹੈ

### -2-

ਹਰ ਯੁੱਗ ਅੰਦਰ ਅੱਥਰੂਆਂ ਦੇ ਸੋਮੇ ਸਨ
ਪਹਿਲਾਂ ਵੀ ਤਾਂ ਤਾਰੇ ਟੁੱਟਦੇ ਰਹਿੰਦੇ ਸਨ

ਹਰ ਯੁੱਗ ਵਿਚ ਬੰਦੇ ਨੂੰ ਜੀਣਾ ਆਉਂਦਾ ਸੀ
ਹਰ ਯੁੱਗ ਕੋਲ਼ੇ ਜੀਵਨ ਲਈ ਕਲਪੁਰਜ਼ੇ ਸਨ

ਨਿਊਟਨ ਦੀ ਹੀ ਅੱਖ ਨੇ ਭੇਤ ਨੂੰ ਸਮਝ ਲਿਆ
ਸੇਬ ਤਾਂ ਉਸਤੋਂ ਪਹਿਲਾਂ ਪਹਿਲ ਵੀ ਡਿੱਗਦੇ ਸਨ

ਪਹਿਲਾਂ ਵੀ ਤਾਂ ਆਫ਼ਤ ਆਉਂਦੀ ਰਹਿੰਦੀ ਸੀ
ਪਹਿਲਾਂ ਵੀ ਦੁਨੀਆਂ ਵਿਚ ਰਾਹ-ਰੁਸ਼ਨੇਰੇ ਸਨ

ਉਸਨੂੰ ਮਿਲ ਕੇ ਬਹੁਤ ਨਿਰਾਸ਼ਾ ਹੋਈ ਹੈ
ਉਸਦੇ ਕੋਲ਼ੇ ਘੜੇ-ਘੜਾਏ ਫਿਕਰੇ ਸਨ

ਉਹਨਾਂ ਦੇ ਘਰ ਵਿਚ ਵੀ ਨ੍ਹੇਰਾ ਫੈਲ ਰਿਹੈ,
ਜਿਨ੍ਹਾਂ ਦੇ ਘਰ ਵਿਚ ਸੁਣਿਐ ਬਹੁਤ ਉਜਾਲੇ ਸਨ

ਪਹਿਲਾਂ ਵੀ ਸੰਗੀਤ ਗੂੰਜਦਾ ਰਹਿੰਦਾ ਸੀ
ਪਹਿਲਾਂ ਵੀ ਤਾਂ ਸੁੱਖ-ਦੁੱਖ ਹੁੰਦੇ ਰਹਿੰਦੇ ਸਨ 00

**-3-**

ਮੈਂ ਤੱਕਿਆ ਹੈ ਤੂੰ ਤੱਕਣਾ ਹੈ ਅੱਜ ਨਹੀਂ ਤਾਂ ਭਲ਼ਕੇ
ਜਲ੍ਹਿਆਂਵਾਲਾ ਬਾਗ ਦਿਸੂਗਾ ਸ਼ਕਲਾਂ ਬਦਲ ਬਦਲ ਕੇ

ਮੇਰੇ ਸ਼ਹਿਰ 'ਚ ਵੀ ਅਣਹੋਣੀ ਹੋ ਸਕਦੀ ਹੈ ਰਾਤੀਂ
ਤੇਰਾ ਸ਼ਹਿਰ ਵੀ ਇਕੋ ਰੰਗ 'ਚ ਰੰਗ ਸਕਦਾ ਹੈ ਭਲ਼ਕੇ

ਜਾਂ ਤਾਂ ਸਾਹਾਂ ਦੇ ਵਿਚ ਚੁੱਪ-ਚੁਪੀਤੇ ਸ਼ਾਮਿਲ ਹੋ ਜਾ
ਜਾਂ ਫਿਰ ਸ਼ੋਰ ਜਿਹਾ ਕੁਝ ਕਰਦੇ ਪਉਣਾਂ ਦੇ ਵਿਚ ਰਲ਼ ਕੇ

ਸਾਡੀ ਵੀ ਕੋਈ ਗੱਲ ਸੁਣ ਜਾਓ ਤੇਜ਼ ਦੌੜਦਿਓ ਲੋਕੋ
ਰਸਤੇ ਦੇ ਵਿਚ ਹਾਕਾਂ ਮਾਰਨ ਚੁੱਪ-ਚੁਪੀਤੇ ਨਲ਼ਕੇ

ਏਦਾਂ ਦਾ ਕੋਈ ਬੱਦਲ਼ ਬਣਕੇ ਮਿੱਟੀ ਨੂੰ ਮਹਿਕਾ ਜਾ
ਜਿੱਦਾਂ ਤ੍ਰੇਲ ਦੀਆਂ ਕੁਝ ਬੂੰਦਾਂ ਮਿਲਦੀਆਂ ਹਲਕੇ ਹਲਕੇ 00

**-4-**

ਉਦਾਸੀ ਕਰਦਿਆਂ ਹੋਇਆਂ ਅਮੂਮਨ ਛੱਤ ਨਹੀਂ ਮਿਲਦੀ
ਜੇ ਕਿਧਰੇ ਛੱਤ ਮਿਲ ਜਾਂਦੀ ਵੀ ਹੈ ਤਾਂ ਰਾਹਤ ਨਹੀਂ ਮਿਲਦੀ

ਅਸਾਡੇ ਚਾਹੁਣ 'ਤੇ ਵੀ ਉਹ ਕਦੇ 'ਕੱਠੇ ਨਹੀਂ ਮਿਲਦੇ
ਕਦੇ ਸੂਰਤ ਨਹੀਂ ਮਿਲਦੀ, ਕਦੇ ਸੀਰਤ ਨਹੀਂ ਮਿਲਦੀ

ਵਿਕਣ ਲਈ ਰੋਜ਼ ਹੀ ਬਾਜ਼ਾਰ ਦਾ ਚੱਕਰ ਲਗਾਉਂਦਾ ਹਾਂ
ਕਦੇ ਗਾਹਕ ਨਹੀਂ ਮਿਲਦਾ, ਕਦੇ ਕੀਮਤ ਨਹੀਂ ਮਿਲਦੀ

ਕੋਈ ਤਾਂ ਇਕ ਦਿਨ ਦੇ ਵਿਚ ਹੀ ਅੰਬਰ 'ਤੇ ਛਾ ਜਾਵੇ
ਕਿਸੇ ਨੂੰ ਉਮਰ ਭਰ ਦੇ ਵਿਚ ਵੀ ਸ਼ੋਹਰਤ ਨਹੀਂ ਮਿਲਦੀ

ਮੇਰੀ ਤੁਲਨਾ ਵੀ ਕਰਦਾ ਹੈ ਤਾਂ ਉਸਦੇ ਨਾਲ਼ ਕਰਦਾ ਹੈ
ਕਿ ਜਿਸ ਦੇ ਨਾਲ਼ ਮੇਰੀ ਇਕ ਵੀ ਆਦਤ ਨਹੀਂ ਮਿਲਦੀ

ਅਸਾਡੇ ਸਾਹਮਣੇ ਪਿੱਪਲ਼ ਵੀ ਹੈ, ਬੂਟੇ ਅਨੇਕਾਂ ਵੀ
ਬਹਾਨਾ ਵੀ, ਉਨ੍ਹਾਂ ਨੂੰ ਮਿਲਣ ਦੀ ਫੁਰਸਤ ਨਹੀਂ ਮਿਲਦੀ

ਅਨੇਕ ਪੁਸਤਕਾਂ ਪੜ੍ਹੀਆਂ ਮਗਰ ਸੰਤਾਲੀ ਤੋਂ ਵੱਡੀ
ਕਿਸੇ ਇਤਿਹਾਸ ਵਿਚ ਵੀ ਇਸ ਤਰ੍ਹਾਂ ਹਿਜਰਤ ਨਹੀਂ ਮਿਲਦੀ

ਨਗਰ, ਕਸਬੇ, ਜ਼ਮਾਨੇ ਦੀ, ਸ੍ਰਿਸ਼ਟੀ ਦੇ ਫਸਾਨੇ ਵੀ
ਖ਼ਬਰ ਅਖ਼ਬਾਰ 'ਚੋਂ ਮਿਲਦੀ ਤਾਂ ਹੈ, ਖੁਸ਼ਖ਼ਤ ਨਹੀਂ ਮਿਲਦੀ।00

## -5-

ਰੋਟੀ ਰੋਜ਼ੀ ਦੇ ਚੱਕਰ ਜਦ ਸੋਚਾਂ ਦੇ ਵਿਚ ਫੈਲ ਗਏ
ਫੇਰ ਆਰੀਅਨ ਸਫ਼ਰ 'ਤੇ ਨਿਕਲੇ ਮੁਲਕਾਂ ਦੇ ਵਿਚ ਫੈਲ ਗਏ

ਉਹਨਾਂ ਦੀ ਮਨਸ਼ਾ ਸੀ ਸੂਬਾ ਟੁਕੜੇ ਟੁਕੜੇ ਕਰ ਦੇਵੋ
ਇਹ ਸਾਡੀ ਹਿੰਮਤ ਹੈ ਪੂਰੀ ਦੁਨੀਆ ਦੇ ਵਿਚ ਫੈਲ ਗਏ

ਧੁੱਪ ਦਾ ਮਨ ਕੀਤਾ ਸੀ ਕਿ ਉਹ ਪੀਂਘ ਚੜ੍ਹਾਵੇ ਅਸਮਾਨੀਂ
ਵਰਖਾ ਦੇ ਕਣ ਹੱਸ ਹੱਸ ਕੇ ਸੱਤ ਰੰਗਾਂ ਦੇ ਵਿਚ ਫੈਲ ਗਏ

ਇਕ ਹੰਝੂ ਦੀ ਦਰਦ ਕਹਾਣੀ ਕੀ ਲਿਖਣੀ ਸੀ ਉਸ ਵੇਲ਼ੇ
ਸੱਤ ਸਮੁੰਦਰ, ਦਰਿਆ, ਝਰਨੇ, ਅੱਖਾਂ ਦੇ ਵਿਚ ਫੈਲ ਗਏ

ਮਾਂ ਦੇ ਫ਼ਿਕਰਾਂ ਦੀ ਪੰਡ ਸਾਰੀ ਝੁਰੀਆਂ ਦੇ ਵਿਚ ਫੈਲ ਗਈ
ਧੀ ਦੇ ਸਾਰੇ ਸੁਪਨੇ ਵੀਣੀ, ਵੰਗਾਂ ਦੇ ਵਿਚ ਫੈਲ ਗਏ 000

***(#35 ਸ਼ਾਂਤ ਪਾਰਕ, ਬਰੀਕੇ ਰੋਡ, ਲੁਧਿਆਣਾ 142 021,***
***ਫੋਨ: +91-98152-98459***
***#111-8312, 128 St. Surrey BC Canada***
***Phone: +1-604-750-0189)***

# ਅੱਖੀਂ ਡਿੱਠਾ...! ਧਰਤੀ ਉੱਤੇ ਉੱਡਦਾ ਪੰਛੀ

## ਦੀਪਤੀ ਬਬੂਟਾ

ਉਂਝ ਤਾਂ ਸਾਰਾ ਸਾਲ ਪੰਜਾਬੀ ਸਾਹਿਤ ਜਗਤ 'ਚ ਢਾਹਾਂ ਐਵਾਰਡ ਦੀ ਚੁੰਝ ਚਰਚਾ ਛਿੜੀ ਰਹਿੰਦੀ ਹੈ, ਪਰ ਸਤੰਬਰ ਚੜ੍ਹਦੇ ਹੀ ਢਾਹਾਂ ਐਵਾਰਡ ਰੌਲ਼ਾ ਬਣ ਜਾਂਦਾ ਹੈ। ਅਟਕਲਾਂ ਦਾ ਬਾਜ਼ਾਰ ਗਰਮ ਹੋ ਆਈ.ਪੀ.ਐੱਲ. ਦੀ ਗਰਮਜੋਸ਼ੀ ਵੀ ਠੰਡੀ ਪਾ ਦਿੰਦਾ ਹੈ। ਹੋਵੇ ਵੀ ਕਿਉਂ ਨਾ...? ਇੱਜ਼ਤ, ਸ਼ੋਹਰਤ, ਨਾਮ, ਪੈਸਾ...ਸਭ ਕੁੱਝ ਤਾਂ ਹੈ ਢਾਹਾਂ ਐਵਾਰਡ। ਪਰ, ਮੈਂ ਜੋ ਅੱਖੀਂ ਡਿੱਠਾ...! ਲਗਨ, ਈਮਾਨ, ਮਿਹਨਤ, ਸ਼ਿੱਦਤ, ਦੀਵਾਨਗੀ, ਆਸ਼ਿਕੀ ਤੇ ਸਭ ਤੋਂ ਵੱਡੀ ਚੀਜ਼ ਗ਼ਰੂਰ ਹੈ ਢਾਹਾਂ ਐਵਾਰਡ।

ਮਾਣ ਨਹੀਂ, ਸ਼ੁਕਰਗੁਜ਼ਾਰ ਹਾਂ ਮਾਂ ਬੋਲੀ ਦੀ ਜਿਸ ਦੀ ਬਦੌਲਤ ਮੇਰੀ ਕਹਾਣੀ ਨੂੰ ਢਾਹਾਂ ਐਵਾਰਡ ਦੇ ਖੰਭ ਹਾਸਿਲ ਹੋਏ ਤੇ ਮੈਂ ਇਕ ਛੋਟੇ ਜਿਹੇ ਸਰਹੱਦੀ ਇਲਾਕੇ ਜਲਾਲਾਬਾਦ (ਪੱ.) ਦੀ ਜੰਮੀ-ਪਲ਼ੀ ਸੌ ਵਲ਼ ਭੰਨਦੀ ਮੋਹਾਲੀ, ਚੰਡੀਗੜ੍ਹ ਤੋਂ ਜ਼ਿੰਦਗੀ ਦਾ ਪੈਂਡਾ ਤੈਅ ਕਰਦੀ ਕੈਨੇਡਾ ਤਕ ਜਾ ਉਡਾਰੀ ਭਰੀ।

ਹੋਇਆ ਇੰਝ ਕਿ ਸਾਲ 2022 ਵਿਚ ਛਪਿਆ ਮੇਰਾ ਕਹਾਣੀ ਸੰਗ੍ਰਹਿ 'ਭੁੱਖ ਇਉਂ ਸਾਹ ਲੈਂਦੀ ਹੈ' ਦਾ ਵਜੂਦ ਪਛਾਨਣ ਦੀ ਮਨਸ਼ਾ ਨਾਲ ਮੈਂ ਢਾਹਾਂ ਐਵਾਰਡ ਲਈ ਭੇਜਿਆ ਹੋਇਆ ਸੀ। ਨਤੀਜੇ ਦੀ ਪਹਿਲੀ ਕੜੀ ਵਜੋਂ ਚੁਣੀਆਂ ਗਈਆਂ ਪਹਿਲੀਆਂ ਛੇ ਕਿਤਾਬਾਂ ਦੀ ਲਿਸਟ ਜਾਰੀ ਹੋਈ। ਇਸ ਲਿਸਟ ਵਿਚ 'ਭੁੱਖ ਇਉਂ ਸਾਹ ਲੈਂਦੀ ਹੈ' ਨੂੰ ਸ਼ਾਮਿਲ ਵੇਖ ਮੈਂ ਅੱਖਾਂ ਬੰਦ ਕਰ ਕੇ ਗਹਿਰਾ ਸਾਹ ਭਰਿਆ ਤੇ ਫਿਰ ਜਦੋਂ ਢਾਹਾਂ ਐਵਾਰਡ ਕਮੇਟੀ ਚੇਅਰ ਜ਼ੁਬੈਰ ਅਹਿਮਦ ਸਾਹਿਬ ਨੇ ਫ਼ੋਨ 'ਤੇ 'ਭੁੱਖ ਇਉਂ ਸਾਹ ਲੈਂਦੀ ਹੈ' ਨੂੰ ਤਿੰਨਾਂ ਵਿਚੋਂ ਇਕ ਫਾਇਨਲਿਸਟ ਹੋਣ ਦੀ ਮੁਬਾਰਕ ਦਿੰਦਿਆਂ ਜਾਣਕਾਰੀ ਦਿੱਤੀ, ਮੈਂ ਬ੍ਰੀਥ ਆਊਟ ਕਰਦਿਆਂ ਆਪਣੇ ਹੱਥਾਂ ਵੱਲ ਵੇਖਿਆ ਤੇ ਉਂਗਲਾਂ ਨੂੰ ਸਹਿਲਾਇਆ। ਉਹਨਾਂ ਦੇ ਦੱਸੇ ਮੁਤਾਬਿਕ ਅਗਲੀ ਸਵੇਰ ਹਰਿੰਦਰ ਢਾਹਾਂ ਜੀ ਤੇ ਬਾਰਜ ਢਾਹਾਂ ਜੀ ਦਾ ਫ਼ੋਨ ਆਇਆ। ਉਹਨਾਂ ਫਾਇਨਲਿਸਟ ਚੁਣੇ ਜਾਣ 'ਤੇ ਮੁਬਾਰਕ ਦਿੱਤੀ ਤੇ ਸ਼ੁਰੂ ਹੋ ਗਈਆਂ ਅੰਬਰਾਂ ਦੀ ਉਡਾਰੀ ਦੀਆਂ ਤਿਆਰੀਆਂ। ਮੇਰੀ ਇਹ ਪਹਿਲੀ ਇੰਟਰਨੈਸ਼ਨਲ ਫਲਾਈਟ ਹੋਣ ਵਾਲੀ ਸੀ। ਪੈਂਡਾ ਲੰਬਾ, ਪਰ ਇਕ ਹੌਂਸਲਾ ਸੀ ਕਿ ਮੇਰੇ ਨਾਲ ਚੁਣੇ ਗਏ ਦੂਜੇ ਫਾਇਨਲਿਸਟ ਕਹਾਣੀਕਾਰ ਬਲੀਜੀਤ ਜੀ ਵੀ ਚੰਡੀਗੜ੍ਹ ਤੋਂ ਹੀ ਜਾਣ ਵਾਲੇ ਸਨ। ਭਾਵੇਂ ਮੈਂ ਬਲੀਜੀਤ ਹੁਣਾਂ ਦੀਆਂ ਕਹਾਣੀਆਂ ਪੜ੍ਹਦੀ ਆਈ ਸੀ, ਪਰ ਉਹਨਾਂ ਨਾਲ ਕਦੀ ਖੁੱਲ੍ਹ ਕੇ ਗੱਲਬਾਤ ਨਹੀਂ ਸੀ ਹੋਈ ਤੇ ਨਾ ਹੀ ਬਹੁਤਾ ਕਦੀ ਮਿਲੀ ਸੀ। ਮੇਰੇ ਕੋਲ਼ ਉਹਨਾਂ ਦਾ ਮੁਬਾਇਲ ਨੰਬਰ ਵੀ ਨਹੀਂ ਸੀ। ਸੋਚਿਆ ਵਧਾਈ ਕਿਵੇਂ ਦੇਵਾਂ। ਮੇਰੀ ਸੋਚ ਜਗਦੀਪ ਸਿੱਧੂ 'ਤੇ ਜਾ ਠਹਿਰੀ ਤੇ ਮੈਂ ਬਲੀਜੀਤ ਜੀ ਦਾ ਨੰਬਰ ਲੈਣ ਲਈ ਉਸ ਨੂੰ ਫ਼ੋਨ ਮਿਲਾ ਦਿੱਤਾ। ਵੱਡੇ ਭਾਗੀਂ ਉਹ ਬਲੀਜੀਤ ਹੁਣਾਂ ਦੇ ਕੋਲ਼ ਹੀ ਬੈਠੇ ਸਨ। ਉਹਨਾਂ ਗੱਲ ਕਰਵਾ ਦਿੱਤੀ, ਪਰ ਨੰਬਰ ਲੈਣਾ ਭੁੱਲ ਗਈ। ਖ਼ੈਰ ਮੈਂ ਦੁਬਾਰਾ ਮੈਸੇਜ ਕਰਕੇ ਨੰਬਰ ਲੈ ਲਿਆ ਪਰ ਫਾਇਦਾ ਕੋਈ ਨਾ ਹੋਇਆ। ਬਲੀਜੀਤ ਹੁਣਾਂ ਦਾ ਮੈਨੂੰ ਕੋਈ ਫ਼ੋਨ ਨਾ ਆਇਆ। ਜਦੋਂ ਪਤਾ ਲੱਗਿਆ ਅਸੀਂ ਇਕੋ ਦਿਨ, ਇਕੋ ਸਮੇਂ, ਇਕੋ ਫਲਾਈਟ 'ਤੇ ਕੈਨੇਡਾ ਜਾਣ ਵਾਲੇ ਹਾਂ ਤਾਂ ਮੈਂ ਆਪ ਹੀ ਫ਼ੋਨ ਕਰ ਲਿਆ ਤਾਂ ਜੋ ਸਫ਼ਰ 'ਚ ਮਦਦ ਰਹੇ। ਗੱਲ ਕੀਤੀ। ਉਹ ਕਹਿਣ ਲੱਗੇ, ਮੈਂ ਤਾਂ ਇਸ ਤੋਂ ਪਹਿਲਾਂ ਕਦੀ ਜਹਾਜ਼ ਚੜ੍ਹਿਆ ਹੀ ਨਹੀਂ। ਸੋਚਿਆ ਏਅਰਪੋਰਟ 'ਤੇ ਇਕੱਠੇ ਹੋ ਕੇ ਸੀਟਾਂ ਨਾਲ-ਨਾਲ ਲੈ

ਲਵਾਂਗੇ ਤਾਂ ਸਫ਼ਰ ਸੌਖਾ ਕੱਟ ਜਾਏਗਾ, ਪਰ ਇੰਝ ਵੀ ਨਹੀਂ ਹੋਇਆ। ਬਲੀਜੀਤ ਜੀ ਮੇਰੇ ਤੋਂ ਕਰੀਬ ਇਕ ਘੰਟਾ ਪਹਿਲਾਂ ਬੋਰਡਿੰਗ ਪਾਸ ਲੈ ਆਰਾਮ ਕੁਰਸੀ 'ਤੇ ਜਾ ਬਿਰਾਜੇ। ਮੈਂ ਬੋਰਡਿੰਗ ਪਾਸ ਲੈ ਕੇ ਜਦੋਂ ਬਲੀਜੀਤ ਜੀ ਕੋਲ਼ ਪਹੁੰਚੀ ਤਾਂ ਪਤਾ ਲੱਗਿਆ ਉਹਨਾਂ ਦੀ ਸੀਟ ਜਹਾਜ਼ 'ਚ ਮੂਹਰਲੀਆਂ ਸੀਟਾਂ 'ਚ ਹੈ ਤੇ ਮੇਰੀ ਸੀਟ ਸਭ ਤੋਂ ਪਿੱਛੇ। ਪੈਰਿਸ ਪਹੁੰਚਣ ਤਕ ਅਸੀਂ ਇਕ-ਦੂਜੇ ਦੇ ਮੱਥੇ ਨਾ ਲੱਗੇ। ਪੈਰਿਸ ਏਅਰਪੋਰਟ ਤੋਂ ਅਗਲੀ ਫਲਾਈਟ ਲੈ ਕੇ ਜਹਾਜ਼ ਕੈਨੇਡਾ ਲੈਂਡ ਹੋਣ ਲੱਗਿਆ ਤਾਂ ਮੈਂ ਆਪਣਾ ਬੈਗ ਲੈ ਕੇ ਪਹਿਲਾਂ ਹੀ ਬਲੀਜੀਤ ਜੀ ਕੋਲ਼ ਅੱਗੇ ਜਾ ਪਹੁੰਚੀ ਤਾਂ ਜੋ ਉਹਨਾਂ ਦੇ ਨਾਲ ਹੋ ਲਵਾਂ।

ਲਉ ਜੀ ਕੈਨੇਡਾ ਏਅਰਪੋਰਟ 'ਤੇ ਪਹੁੰਚੇ, ਲਗੇਜ ਲਿਆ ਤੇ ਅਸੀਂ ਦੋਵੇਂ ਐਗਜ਼ਿਟ ਫਾਲੋ ਕਰਦੇ ਮੇਲੇ 'ਚ ਗੁਆਚੀ ਗਾਂ ਵਾਂਗ ਇੱਧਰ-ਉਧਰ ਝਾਕ ਰਹੇ ਸੀ ਕਿ ਚਿਹਰੇ 'ਤੇ ਵੱਡੀ ਸਮਾਇਲ ਲਈ ਢਾਹਾਂ ਐਵਾਰਡ ਨੇ ਸਾਨੂੰ ਸੱਦ ਮਾਰੀ। ਜਿਵੇਂ ਹੀ ਮੇਰੀ ਨਜ਼ਰ ਬਾਰਜ ਢਾਹਾਂ ਹੁਣਾਂ 'ਤੇ ਪਈ ਸਤਿਕਾਰ ਤੇ ਮੋਹ ਦੀਆਂ ਛੱਲਾਂ ਗਲਵੱਕੜੀ ਬਣ ਗਈਆਂ। ਉਹਨਾਂ ਸਾਡੇ ਠੀਕ-ਠਾਕ ਪਹੁੰਚ ਜਾਣ ਦੀ ਤਸੱਲੀ ਕੀਤੀ ਤੇ ਅਸੀਂ ਉਹਨਾਂ ਦੇ ਕਦਮਾਂ 'ਤੇ ਪੱਬ ਧਰਦੇ ਏਅਰਪੋਰਟ ਤੋਂ ਬਾਹਰ ਵੱਲ ਹੋ ਤੁਰੇ। ਤੁਰਦੇ-ਤੁਰਦੇ ਮੇਰੀਆਂ ਨਿਗਾਹਾਂ ਬਾਰਜ ਢਾਹਾਂ ਜੀ ਦੀ ਟੋਰ ਨੂੰ ਨਿਹਾਰਨ ਲੱਗੀਆਂ। ਉਸ ਸ਼ਖ਼ਸ ਦੀ ਚਾਲ ਬਿਆਨ ਰਹੀ ਸੀ, ਧਰਤੀ 'ਤੇ ਪੰਛੀ ਕਿੰਝ ਉੱਡਦੇ ਨੇ। 14 ਨਵੰਬਰ ਤੋਂ ਲੈ ਕੇ 22 ਨਵੰਬਰ ਤਕ ਸਾਹਮਣਿਓਂ ਵੇਖਣ 'ਤੇ ਇਕ ਗੁਲਾਬ ਵਾਂਗ ਖਿੜਿਆ ਚਿਹਰਾ ਤੇ ਪਿੱਛੋਂ ਵੇਖਣ 'ਤੇ ਖੰਭਾਂ ਨੂੰ ਸੈਨਤਾਂ ਮਾਰਦੀਆਂ ਆਤਮ-ਵਿਸ਼ਵਾਸ ਨਾਲ ਭਰੀਆਂ ਪੁਲਾਂਘਾਂ ਮੇਰੇ ਅੰਦਰ ਨਵੇਕਲਾ ਜੋਸ਼ ਭਰਦੀਆਂ ਰਹੀਆਂ। 'ਆਪਣੇ ਹੱਥੀਂ ਆਪਣੇ ਆਪੇ ਹੀ ਕਾਜ ਸੰਵਾਰੀਐ' ਦੀ ਜੀਉਂਦੀ-ਜਾਗਦੀ ਮਿਸਾਲ ਬਣੇ ਉਹ ਅੱਗੇ ਹੋ-ਹੋ ਸਾਡਾ ਸਾਮਾਨ ਕਾਰ 'ਚ ਰੱਖਦੇ, ਉਤਾਰਦੇ ਦੱਸ ਰਹੇ ਸਨ ਵੇਖੋ...! ਮੇਜ਼ਬਾਨੀ ਇੰਝ ਵੀ ਹੁੰਦੀ ਹੈ। ਉਹਨਾਂ ਦਾ ਹੱਸਦਾ ਚਿਹਰਾ ਤੇ ਹਲੀਮੀ ਭਰਿਆ ਸਲੀਕਾ ਸਾਡੇ ਦਿਲਾਂ 'ਤੇ ਡੂੰਘਾ ਪ੍ਰਭਾਵ ਛੱਡ ਰਹੇ ਸਨ। ਸਾਨੂੰ ਹੋਟਲ ਪਹੁੰਚਾ ਕੇ ਅਗਲੇ ਦਿਨ ਸਵੇਰੇ ਅੱਠ ਵਜੇ ਤਿਆਰ ਰਹਿਣ ਦਾ ਨਿਰੇਦਸ਼ ਦੇ ਕੇ ਉਹ ਚਲੇ ਗਏ। ਅਸੀਂ ਦੁਪਹਿਰੋਂ ਪਹਿਲਾਂ ਪਹੁੰਚ ਗਏ ਸਾਂ ਤੇ ਆਪੋ-ਆਪਣਿਆਂ ਕਮਰਿਆਂ 'ਚ ਜਾ ਪਹੁੰਚੇ। ਦੇਰ ਸ਼ਾਮ ਨੂੰ ਸਾਡੇ ਲਹਿੰਦੇ ਪੰਜਾਬ ਦੇ ਭਾਈ ਬੰਧੂ ਜ਼ੁਬੈਰ ਅਹਿਮਦ ਸਾਹਿਬ ਤੇ ਇਸ ਵਰ੍ਹੇ ਦੇ ਫਾਇਨਲਿਸਟ ਜਮੀਲ ਅਹਿਮਦ ਪਾਲ ਸਾਹਿਬ ਵੀ ਆ ਪਹੁੰਚੇ। ਇਕ-ਦੂਜੇ ਨੂੰ ਮਿਲ ਕੇ ਹਾਲ-ਚਾਲ ਜਾਣਿਆ ਤੇ ਸੱਚ ਜਾਣਿਓਂ ਸਰਹੱਦਾਂ ਬੌਣੀਆਂ ਹੀ ਨਹੀਂ ਹੋਈਆਂ ਸਗੋਂ ਵਜੂਦ ਵੀ ਗੁਆ ਬੈਠੀਆਂ।

ਅਗਲੀ ਸਵੇਰ ਅੱਠ ਵਜੇ ਦਾ ਮਤਲਬ ਅੱਠ ਨਹੀਂ ਪੌਣੇ ਅੱਠ ਹੁੰਦਾ ਹੈ ਪਤਾ ਲੱਗਿਆ, ਜਦੋਂ ਅਸੀਂ ਹੋਟਲ ਦੇ ਰੈਸਟੋਰੈਂਟ ਵਿਚ ਨਾਸ਼ਤਾ ਕਰ ਰਹੇ ਸੀ ਤੇ ਬਾਰਜ ਢਾਹਾਂ ਜੀ ਸਾਨੂੰ ਲੈਣ ਆ ਪਹੁੰਚੇ। ਜਮੀਲ ਅਹਿਮਦ ਪਾਲ ਜੀ ਨੇ ਤਾਂ ਹਾਲੇ ਇਕ-ਦੋ ਬੁਰਕੀਆਂ ਹੀ ਲੰਘਾਈਆਂ ਸਨ ਕਿ ਚੱਲਣ ਦਾ ਆਦੇਸ਼ ਹੋ ਗਿਆ। ਕਿਉਂਕਿ ਢਾਹਾਂ ਐਵਾਰਡ ਦੀ ਦਸਵੀਂ ਵਰ੍ਹੇਗੰਢ ਨੂੰ ਲੈ ਕੇ 14 ਤੋਂ 21 ਨਵੰਬਰ ਤਕ 'ਢਾਹਾਂ ਪ੍ਰਾਈਜ਼ ਪੰਜਾਬੀ ਲਿਟਰੇਚਰ ਵੀਕ ਇਨ ਬ੍ਰਿਟਿਸ਼ ਕੋਲੰਬੀਆ' ਵਜੋਂ ਮਨਾਇਆ ਜਾ ਰਿਹਾ ਸੀ ਤੇ ਇਕ ਤੋਂ ਬਾਅਦ ਇਕ ਵਿਸ਼ੇਸ਼ ਸਮਾਗਮ ਉਲੀਕੇ ਗਏ ਸਨ। ਸੋ ਘੜੀ ਦੀਆਂ ਸੂਈਆਂ ਦੇ ਨਾਲ ਰਫ਼ਤਾਰ ਮਿਲਾਉਣੀ ਜ਼ਰੂਰੀ ਸੀ।

ਤੇ, ਹੁਣ ਹੋ ਗਿਆ ਆਮ ਤੋਂ ਖ਼ਾਸ ਹੋਣ ਦਾ ਸਫ਼ਰ ਸ਼ੁਰੂ। ਹੋਟਲ ਤੋਂ ਬਾਹਰ ਨਿਕਲੇ ਤਾਂ ਚਿੱਟੇ ਦੰਦਾਸੇ 'ਚ ਮਹਿਕਦੀ ਮੁਸਕਰਾਹਟ ਲਈ ਮੋਹਵੰਤੇ ਭੈਣ ਜੀ ਹਰਿੰਦਰ ਢਾਹਾਂ ਆਪਣੀ ਕੈਨੇਡੀਅਨ ਜੰਮ-ਪਲ ਧੀ ਮਨਵੀਰ ਕੌਰ ਨਾਲ ਪਹੁੰਚੇ ਹੋਏ। ਜੇ ਉਹ ਨਾ ਦੱਸਦੇ ਕਿ ਮਨਵੀਰ ਉਹਨਾਂ ਦੀ ਧੀ ਹੈ, ਅਸੀਂ ਤਾਂ ਇਹੀ ਸੋਚ-ਸੋਚ ਕੇ ਹੈਰਾਨ ਹੋਈ ਜਾਣਾ ਸੀ ਕਿ ਕੈਨੇਡੀਅਨ ਗੋਰੀ ਕਿੰਨੀ ਸੋਹਣੀ ਪੰਜਾਬੀ ਬੋਲਦੀ ਹੈ। ਮਾਂ ਬੋਲੀ ਲਈ ਢਾਹਾਂ ਪਰਿਵਾਰ ਦੀ ਸ਼ਿੱਦਤ ਮਨਵੀਰ ਜਿਹੇ ਕੈਨੇਡੀਅਨ ਪੰਜਾਬੀ ਬੱਚਿਆਂ ਨੂੰ ਮਿਲ ਕੇ ਹੀ ਪਤਾ ਚੱਲਦੀ ਹੈ। ਇੱਥੇ ਹੀ ਮਿਲੇ ਇਕ ਹੋਰ ਪੰਜਾਬੀ ਮਸਤਾਨੇ ਬਿਜ਼ਨੈਸਮੈਨ ਜਿਨ੍ਹਾਂ ਦਾ ਤੁਆਰਫ਼ ਬਾਰਜ ਢਾਹਾਂ ਹੁਣਾਂ ਨੇ ਇੰਝ ਕਰਵਾਇਆ, "ਇਹ ਨੇ ਸਰੂਪ ਮਾਨ ਹੁਣੀਂ। ਮੇਰੇ ਨਾਲੋਂ ਵੱਡੇ ਨੇ ਜਾਂ ਛੋਟੇ ਤੁਸੀਂ ਆਪ ਹਿਸਾਬ ਲਗਾ ਲਿਉ। ਇਹ ਮੈਨੂੰ ਮਾਮਾ ਜੀ

ਬੁਲਾਉਂਦੇ ਆ।" ਵੱਡੇ-ਛੋਟੇ ਤਾਂ ਪਤਾ ਨਹੀਂ ਪਰ ਜਿੰਨੇ ਦਿਨ ਜਿੰਨਾ ਸਮਾਂ ਦੋਹਾਂ ਨੂੰ ਇਕ ਦੂਜੇ ਨਾਲ ਗੱਲ ਕਰਦੇ ਜਾਂ ਫ਼ੋਨ ਕਰਦੇ ਦੇਖਿਆ ਸੁਣਿਆ, ਸਰੂਪ ਜੀ ਦੇ ਮੂੰਹੋਂ ਸਤਿਕਾਰ ਨਾਲ ਮਾਮਾ ਜੀ, ਮਾਮਾ ਜੀ ਬੋਲਦਿਆਂ ਦੀ ਜ਼ੁਬਾਨ ਸੁੱਕਦੀ ਵੇਖੀ। ਦਿਨ ਦਾ ਆਗਾਜ਼ ਵੈਨਕੂਵਰ ਸਿਟੀ ਮੇਅਰ ਤੇ ਕੌਂਸਲ ਕੋਲੋਂ ਸਿਟੀ ਕੌਂਸਲ ਚੈਂਬਰ ਵਿਖੇ 'ਪੰਜਾਬੀ ਲਿਟਰੇਚਰ ਵੀਕ ਇਨ ਵੈਨਕੂਵਰ' ਪ੍ਰੋਕਲੇਮੇਸ਼ਨ ਲੈਣ ਤੋਂ ਹੋਇਆ। ਇਸ ਉਪਰੰਤ ਮੀਡੀਆ ਇੰਟਰਵਿਊ, ਕਾਮਾਗਾਟਾਮਾਰੂ ਮੈਮੋਰੀਅਲ, ਸੀਅ ਪੋਰਟ, ਲੰਚ ਕਰਦੇ, ਘੁੰਮਦੇ-ਘੁਮਾਉਂਦੇ ਸ਼ਾਮ ਨੂੰ ਸਾਈਮਨ ਫਰੇਜ਼ਰ ਯੂਨੀਵਰਸਿਟੀ ਵਿਖੇ ਜ਼ੁਬੈਰ ਅਹਿਮਦ ਸਾਹਿਬ ਦੀ 'ਬੁੱਕ ਲਾਂਚ' ਸੈਰੇਮਨੀ 'ਤੇ ਠਹਿਰਾਅ ਆਇਆ। ਪੂਰਾ ਭਰਿਆ-ਪੂਰਾ ਦਿਨ ਤੇ ਜਦੋਂ ਵੇਲ਼ਾ ਆਇਆ ਸ਼ਾਮ ਦੇ ਬੁੱਕ ਲਾਂਚ ਸਮਾਗਮ ਦਾ, ਅਸੀਂ ਪਹੁੰਚਾਉਣ ਵਾਲੇ ਦੀ ਨਜ਼ਰਸਾਨੀ ਸਦਕਾ ਰਾਹੋਂ ਭਟਕ ਗਏ ਤੇ ਸ਼ੁਰੂ ਹੋ ਗਿਆ ਪੈਦਲ ਮਾਰਚ। ਅਨਜਾਣ ਰਾਹਾਂ 'ਤੇ ਪੁੱਛਦੇ-ਪੁਛਾਉਂਦੇ ਕਰੀਬ ਵੀਹ ਮਿੰਟ ਦੀ ਦੇਰੀ ਨਾਲ ਅਸੀਂ ਮਿਥੇ ਸਥਾਨ 'ਤੇ ਪਹੁੰਚੇ। ਸੜਕ 'ਤੇ ਨਿਗਾਹਾਂ ਲਗਾਈ ਖੜ੍ਹੇ ਬਾਰਜ ਢਾਹਾਂ ਸਾਨੂੰ ਸਮੇਂ ਦੀ ਵੈਲਯੂ ਦੱਸਦੇ ਕਾਹਲ਼ੇ ਪੈਰੀਂ ਸਮਾਗਮ ਹਾਲ 'ਚ ਲੈ ਪਹੁੰਚੇ। ਇੱਥੇ ਡਾ. ਰਘਬੀਰ ਸਿੰਘ ਸਿਰਜਣਾ, ਉਹਨਾਂ ਦੀ ਜੀਵਨ ਸਾਥੀ ਸੁਲੇਖਾ ਆਂਟੀ, ਡਾ. ਸਤਵਿੰਦਰ ਕੌਰ ਬੈਂਸ, ਅਜਮੇਰ ਰੋਡੇ, ਸੁਰਜੀਤ ਕਲਸੀ, ਨਵਜੋਤ ਢਿੱਲੋਂ ਜੋੜੀ ਸਭ ਪਹੁੰਚੇ ਹੋਏ। ਰਿਫਰੈੱਸ਼ਮੈਂਟ ਖਾਂਦੇ ਇਕ-ਦੂਜੇ ਨੂੰ ਰੱਜ-ਰੱਜ ਮਿਲਦੇ ਸਾਰੇ ਕੁਰਸੀਆਂ 'ਤੇ ਆ ਬਿਰਾਜੇ ਤੇ ਬਿਨਾਂ ਦੇਰੀ ਪ੍ਰੋਗਰਾਮ ਸ਼ੁਰੂ ਹੋ ਗਿਆ। ਸਮਾਗਮ ਬੇਹੱਦ ਪ੍ਰਭਾਵਸ਼ਾਲੀ ਰਿਹਾ। ਅੰਤ ਭਲਾ ਤਾਂ ਸਭ ਭਲਾ। ਸਫ਼ਲ ਸਮਾਪਨ 'ਤੇ ਜ਼ੁਬੈਰ ਸਾਹਿਬ ਨੂੰ ਵਧਾਈਆਂ ਦਿੰਦੇ, ਹੱਸਦੇ-ਹਸਾਉਂਦੇ ਸਾਰਿਆਂ ਨੇ ਅਜੀਤ ਥਾਂਦੀ ਜੀ ਤੇ ਮਨਜੀਤ ਜੀ ਦੇ ਘਰ ਵੱਲ ਰਾਤਰੀ ਭੋਜ ਲਈ ਚਾਲੇ ਪਾ ਦਿੱਤੇ। ਉੱਥੇ ਪਹੁੰਚੇ ਪਤਵੰਤਿਆਂ ਨਾਲ ਜਾਣ-ਪਛਾਣ ਕਰਵਾਉਂਦਿਆਂ ਬਾਰਜ ਢਾਹਾਂ ਹੁਣਾਂ ਦਾ ਮਾਂ ਬੋਲੀ ਲਈ ਲਗਾਅ ਤਾਂ ਝਲਕਾਰੇ ਮਾਰਦਾ ਸੋ ਮਾਰਦਾ, ਉਨ੍ਹਾਂ ਦਾ ਮਜ਼ਾਹੀਆ ਸੁਭਾਅ ਵੀ ਕਿਸੇ ਦੀਆਂ ਵਾਛਾਂ ਨੂੰ ਆਰਾਮ ਨਾ ਲੈਣ ਦਿੰਦਾ। ਦੇਰ ਰਾਤ ਸਾਨੂੰ ਵਾਪਸ ਹੋਟਲ ਪਹੁੰਚਾ ਕੇ ਅਗਲੇ ਦਿਨ ਦੇ ਤੈਅ ਪ੍ਰੋਗਰਾਮ ਦੀ ਰੂਪ-ਰੇਖਾ ਸਮਝਾਈ ਤੇ ਸ਼ਾਮ ਨੂੰ ਹੋਣ ਵਾਲੀ ਢਾਹਾਂ ਐਵਾਰਡ ਸੈਰੇਮਨੀ ਮੌਕੇ ਹਰ ਹਾਲਤ ਵਿਚ ਨਿਸ਼ਚਿਤ ਸਮੇਂ 'ਤੇ ਪਹੁੰਚ ਜਾਣ ਦੀ ਤਾਕੀਦ ਕਰ ਕੇ ਉਹਨਾਂ ਸ਼ੁੱਭ ਰਾਤਰੀ ਆਖੀ। ਹੁਣ ਸਵੇਰ ਨਾਲੋਂ ਵੱਧ ਉਡੀਕ ਅਗਲੀ ਸ਼ਾਮ ਦੀ ਸੀ।

**ਮੁਰਾਦਾਂ ਵਾਲੀ ਸ਼ਾਮ**

ਮਿਤੀ 16 ਨਵੰਬਰ 2023, ਸਮਾਂ ਸ਼ਾਮ ਦੇ 6 ਵਜੇ, ਸਰਦ ਮੌਸਮ 'ਚ ਮਹਿਮਾਨਾਂ ਦੀ ਗਹਿਮਾ-ਗਹਿਮੀ ਨਾਲ ਗਰਮਾਇਆ 'ਨੌਰਥ ਵਿਊ ਗੌਲਫ਼ ਐਂਡ ਕੰਟਰੀ ਕਲੱਬ' ਸਰੀ, ਬੀ.ਸੀ.। ਆਗਮਨ ਗੇਟ 'ਤੇ ਲੱਗੇ ਕਿਤਾਬਾਂ ਦੇ ਸਟਾਲ, ਆਪੋ-ਆਪਣੀ ਡਿਊਟੀ 'ਤੇ ਡਟੇ ਢਾਹਾਂ ਪਰਿਵਾਰਕ ਮੈਂਬਰ ਮੈਡਮ ਰੀਟਾ ਢਾਹਾਂ, ਕੁਲਜਿੰਦਰ ਸ਼ੌਕਰ ਭੈਣਜੀ, ਗੁਰਟੇਕ ਸ਼ੋਕਰ ਭਾਅਜੀ ਤੇ ਬੱਚੇ, ਭਾਂਤ-ਸੁਭਾਂਤੇ ਖਾਣਿਆਂ ਨਾਲ ਭਰੇ ਮੇਜ਼ ਤੇ ਹੁੱਬ ਕੇ ਕਿਤਾਬਾਂ ਖਰੀਦਦੇ ਪੰਜਾਬੀ ਪਾਠਕਾਂ ਨੂੰ ਵਿਕੀਆਂ ਕਿਤਾਬਾਂ 'ਤੇ ਪੂਰੇ ਸੈਲੀਬ੍ਰਿਟੀ ਜਲੌਅ 'ਚ ਆਪਣੇ ਹਸਤਾਖਰ ਕਰ ਕੇ ਦਿੰਦੇ, ਅਸੀਂ ਚਾਰ ਲੇਖਕ ਦੀਪਤੀ ਬਬੂਟਾ, ਬਲੀਜੀਤ, ਜਮੀਲ ਅਹਿਮਦ ਪਾਲ ਤੇ ਜ਼ੁਬੈਰ ਅਹਿਮਦ।

ਹਾਲ ਪੰਜਾਬੀ ਸਾਹਿਤ ਰਸੀਆਂ ਤੇ ਪਤਵੰਤੇ ਮਹਿਮਾਨਾਂ ਨਾਲ ਖ਼ਚਾਖਚ ਭਰਿਆ ਹੋਇਆ ਹੈ। ਢਾਹਾਂ ਇਨਾਮ ਦੇ ਪ੍ਰਥਮ ਜੇਤੂ ਅਵਤਾਰ ਸਿੰਘ ਬਿਲਿੰਗ ਤੋਂ ਲੈ ਕੇ ਸਾਧੂ ਬਿਨਿੰਗ ਤੇ ਜਰਨੈਲ ਸਿੰਘ ਸੇਖਾ ਤਕ ਨਾਮਵਰ ਲੇਖਕ ਹਾਜ਼ਰ ਹਨ। ਕੈਨੇਡਾ ਦੇ ਪਹਿਲੇ ਸਿੱਖ ਦਸਤਾਰਧਾਰੀ ਪੁਲਿਸ ਅਧਿਕਾਰੀ ਬਲਤੇਜ ਸਿੰਘ ਢਿੱਲੋਂ ਬਾਖ਼ੂਬੀ ਮੰਚ ਸੰਚਾਲਨ ਕਰ ਰਹੇ। ਸਭ ਤੋਂ ਪਹਿਲਾਂ ਕੈਨੇਡੀਅਨ ਵਿਦਿਆਰਥੀ ਯੂਥ ਕਹਾਣੀਕਾਰਾਂ ਨੂੰ ਸਨਮਾਨਤ ਕੀਤਾ ਗਿਆ ਤੇ ਉਸ ਤੋਂ ਬਾਅਦ ਪੰਜਾਬੀ ਅੰਗਰੇਜ਼ੀ ਕਾਇਦਾ ਤਿਆਰ ਕਰਨ ਵਾਲੀ ਬਹੁ-ਪ੍ਰਤਿਭਾਸ਼ਾਲੀ ਫੋਕਲੋਰ ਗਾਇਕਾ ਕੀਰਤ ਕੌਰ ਤੇ ਉਸ ਦੇ ਜੀਵਨ ਸਾਥੀ ਸਾਰੰਗੀਵਾਦਕ ਇੰਦਰਪਾਲ ਗਿੱਲ ਵੱਲੋਂ ਲਾਮਿਸਾਲ ਪ੍ਰਫੌਰਮੈਂਸ ਪੇਸ਼ ਕੀਤੀਆਂ ਗਈਆਂ। ਅੱਧ-ਵਿਚਾਲੇ ਡਿਨਰ ਬ੍ਰੇਕ ਹੋ ਗਈ। ਜਿਉਂ-ਜਿਉਂ ਸਮਾਂ ਬਤੀਤ ਹੋਣ

ਲੱਗਿਆ 'ਵਿਨਰ ਕੌਣ' ਦੀਆਂ ਅਟਕਲਾਂ ਤੇਜ਼ ਹੋਣ ਲੱਗੀਆਂ। ਮੇਰੇ ਸਾਥੀ ਫਾਇਨਲਿਸਟਾਂ ਦੇ ਮਨਾਂ 'ਚ ਕੀ ਚੱਲ ਰਿਹਾ ਸੀ ਉਹ ਜਾਨਣ, ਪਰ ਮੈਨੂੰ ਕਦੀ ਲੱਗਦਾ ਇਸ ਵਾਰ ਦੇ ਵਿਨਰ ਜਮੀਲ ਅਹਿਮਦ ਪਾਲ ਸਾਹਿਬ ਹੋਣਗੇ ਤੇ ਅਗਲੇ ਪਲ਼ ਬਲੀਜੀਤ ਹੁਣਾਂ ਦਾ ਪੱਲੜਾ ਭਾਰੀ ਲੱਗਣ ਲੱਗਦਾ। ਇਕ ਵਾਰੀ ਵੀ ਖ਼ਿਆਲ ਨਾ ਆਇਆ ਕਿ ਦੀਪਤੀ ਬਬੂਟਾ ਵੀ ਵਿਨਰ ਹੋ ਸਕਦੀ ਹੈ। ਮੇਰੇ ਤਾਂ ਇਸੇ ਗੱਲ ਨੂੰ ਲੈ ਕੇ ਹੱਥ-ਪੈਰ ਫੁੱਲ ਰਹੇ ਸਨ ਕਿ ਮੈਂ ਸਟੇਜ 'ਤੇ ਆਪਣੇ ਹਿੱਸੇ ਆਏ ਤਿੰਨ ਤੋਂ ਚਾਰ ਮਿੰਟ ਕੀ ਬੋਲਾਂਗੀ। ਮਨ ਹੀ ਮਨ ਆਪਣਾ ਬੋਲਿਆ ਜਾਣ ਵਾਲਾ ਸੁਨੇਹਾ ਦੁਹਰਾਉਂਦੀ ਨੂੰ ਤਸੱਲੀ ਨਾ ਹੋਈ ਤਾਂ ਡਿਨਰ ਬ੍ਰੇਕ ਦੌਰਾਨ ਕਾਗ਼ਜ਼ ਪੈੱਨ ਲੈ ਕੇ ਇਕ ਪਾਸੇ ਬੈਠ, ਜੋ ਬੋਲਣਾ ਸੀ ਉਹ ਕਾਗ਼ਜ਼ 'ਤੇ ਲਿਖਣ ਲੱਗੀ। ਮੇਰੇ ਯਾਦਗਾਰੀ ਪਲਾਂ 'ਚ ਮੇਰੀ ਹੌਸਲਾ ਅਫ਼ਜ਼ਾਈ ਕਰਨ ਮੇਰੇ ਆਂਟੀ ਸੁਰਿੰਦਰ ਕੌਰ ਸਿੱਧੂ ਤੇ ਉਹਨਾਂ ਦੀ ਬੇਟੀ ਡਾ. ਜਸਪ੍ਰੀਤ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ।

ਡਿਨਰ ਬ੍ਰੇਕ ਖ਼ਤਮ ਹੋਈ ਤੇ ਉਹ ਘੜੀ ਆ ਪਹੁੰਚੀ ਜਿਸ ਦੀ ਬੇਸਬਰੀ ਨਾਲ ਉਡੀਕ ਕੀਤੀ ਜਾ ਰਹੀ ਸੀ। ਬਲਤੇਜ ਸਿੰਘ ਢਿੱਲੋਂ ਜੀ ਪਹਿਲੇ ਫਾਇਨਲਿਸਟ ਦਾ ਨਾਂ ਅਨਾਊਂਸ ਕਰਨ ਲੱਗੇ, ਮੈਂ ਘੁੱਟ ਕੇ ਮੁੱਠੀਆਂ ਮੀਚ ਲਈਆਂ। ਸਟੇਜ ਤੋਂ ਜਮੀਲ ਅਹਿਮਦ ਪਾਲ ਸਾਹਿਬ ਦਾ ਨਾਂ ਅਨਾਊਂਸ ਹੋਇਆ, ਮੇਰੀਆਂ ਮੁੱਠੀਆਂ ਦੀ ਪਕੜ ਕੁੱਝ ਢਿੱਲੀ ਪੈ ਗਈ। ਐਵਾਰਡ ਲੈਂਦਿਆਂ ਪਾਲ ਸਾਹਿਬ ਨੇ ਮਾਂ ਬੋਲੀ ਪੰਜਾਬੀ ਲਈ ਬਾਹਰੀ ਮੁਲਖਾਂ 'ਚ ਵਸੇ ਪੰਜਾਬੀਆਂ ਤੇ ਖ਼ਾਸ ਕਰ ਕੇ ਬਾਰਜ ਢਾਹਾਂ ਜੀ ਵੱਲੋਂ ਇਕ ਅਜੰਡੇ ਵਜੋਂ ਉਲੀਕੇ ਗਏ ਪ੍ਰੋਗਰਾਮਾਂ ਨੂੰ ਲੈ ਕੇ ਸ਼ਲਾਘਾ ਕਰਦਿਆਂ ਆਪਣੇ ਮੂਲ ਘਰਾਂ ਵਿਚ ਪੰਜਾਬੀ ਨੂੰ ਦਰਪੇਸ਼ ਖ਼ਤਰੇ ਲਈ ਚਿੰਤਾ ਪ੍ਰਗਟਾਈ। ਹੁਣ ਬਚੇ ਸੀ ਮੈਂ ਤੇ ਬਲੀਜੀਤ ਜੀ। ਮੈਂ ਸਕਰੀਨ ਬੋਰਡ ਵੱਲ ਨਜ਼ਰ ਦੌੜਾਈ, ਪਹਿਲੀ ਫ਼ੋਟੋ ਬਲੀਜੀਤ ਜੀ ਦੀ, ਫਿਰ ਟਰਾਫ਼ੀ ਦੀ, ਉਸ ਤੋਂ ਬਾਅਦ ਮੇਰੀ ਤੇ ਫਿਰ ਜਮੀਲ ਹੁਣਾਂ ਦੀ। ਮੈਨੂੰ ਲੱਗਿਆ ਪਹਿਲੇ ਫਾਇਨਲਿਸਟ ਦੀ ਪਿੱਛੋਂ ਵਾਰੀ ਸ਼ੁਰੂ ਕਰਕੇ ਇਕ ਫਾਇਨਲਿਸਟ ਦਾ ਨਾਂ ਅਨਾਊਂਸ ਹੋ ਗਿਆ ਹੈ, ਹੁਣ ਅਗਲੀ ਵਾਰੀ ਮੇਰੀ ਹੈ ਸੋ ਮੈਂ ਆਪਣਾ ਕਾਗ਼ਜ਼ ਪੈੱਨ ਮੁੱਠੀ 'ਚ ਘੁੱਟ ਸਟੇਜ 'ਤੇ ਜਾਣ ਦੀ ਤਿਆਰੀ ਕਰ ਲਈ। ਸਟੇਜ ਤੋਂ ਦੂਸਰੇ ਫਾਇਨਲਿਸਟ ਦਾ ਨਾਂ ਅਨਾਊਂਸ ਹੋਇਆ, ਮੈਂ ਸੁਣਨ ਦੀ ਕੋਸ਼ਿਸ਼ ਵੀ ਨਾ ਕੀਤੀ ਤੇ ਕੁਰਸੀ ਤੋਂ ਉੱਠ ਖਲੋਤੀ। ਮੇਰੇ ਨਾਲ ਦੀ ਕੁਰਸੀ 'ਤੇ ਬੈਠੇ ਮੇਰੇ ਆਂਟੀ ਜੀ ਨੇ ਮੈਨੂੰ ਬਾਹੋਂ ਫੜ ਪੁੱਛਿਆ, "ਕਿੱਥੇ ਚੱਲੀ ਏਂ ਦੀਪਤੀ?" ਮੈਂ ਆਖਿਆ, "ਸਟੇਜ 'ਤੇ ਐਵਾਰਡ ਲੈਣ।" ਉਹ ਕਹਿੰਦੇ, "ਕੀ ਤੇਰਾ ਨਾਮ ਬਲੀਜੀਤ ਏ?" ਮੈਂ ਆਖਿਆ, "ਨਹੀਂ।" ਤੇ ਨਾਲ ਹੀ ਸਟੇਜ ਵੱਲ ਵੇਖਿਆ ਬਲੀਜੀਤ ਜੀ ਦੂਸਰੇ ਫਾਇਨਲਿਸਟ ਵਜੋਂ ਐਵਾਰਡ ਪ੍ਰਾਪਤ ਕਰਨ ਲਈ ਮੰਚ 'ਤੇ ਖੜ੍ਹੇ ਮੁਸਕਰਾ ਰਹੇ ਸਨ। "ਇਸ ਦਾ ਮਤਲਬ ਮੈਂ ਵਿਨਰ?" ਸੋਚ ਕੇ ਮੈਂ ਵਾਪਸ ਕੁਰਸੀ 'ਚ ਡਿੱਗ ਪਈ। ਮੈਂ ਸੁੰਨ! ਸੋਚਣ ਸ਼ਕਤੀ ਜਵਾਬ ਦੇਣ ਲੱਗੀ। ਆਂਟੀ ਤੇ ਮੇਰੇ ਨਾਲ ਬੈਠੇ ਹੋਰ ਮਹਿਮਾਨ ਵਧਾਈਆਂ ਦਿੰਦੇ ਮੈਨੂੰ ਰਿਲੈਕਸ ਕਰਨ ਲੱਗੇ। ਬਲੀਜੀਤ ਜੀ ਨੇ ਆਪਣੇ ਸੰਬੋਧਨ ਵਿਚ ਢਾਹਾਂ ਐਵਾਰਡ ਦੀ ਲੰਬੀ ਉਮਰ ਦੀ ਕਾਮਨਾ ਕਰਦਿਆਂ ਢਾਹਾਂ ਪਰਿਵਾਰ ਨੂੰ ਵਧਾਈ ਦਿੱਤੀ। ਸਟੇਜ ਤੋਂ ਬਲਤੇਜ ਸਿੰਘ ਢਿੱਲੋਂ ਜੀ ਢਾਹਾਂ ਐਵਾਰਡ ਦੀ ਦਸਵੀਂ ਵਰ੍ਹੇਗੰਢ ਦੇ ਇਤਿਹਾਸ ਸਿਰਜਣ ਦਾ ਐਲਾਨ ਕਰ ਰਹੇ ਸਨ। ਪਹਿਲੀ ਵਾਰ ਇਕ ਮਹਿਲਾ ਲੇਖਕ ਨੂੰ ਢਾਹਾਂ ਐਵਾਰਡ 'ਵਿਨਰ' ਹੋਣ ਦਾ ਮਾਣ ਹਾਸਿਲ ਹੋਣ ਜਾ ਰਿਹਾ ਹੈ ਤੇ ਮੈਂ ਬੇਕਾਬੂ ਹੁੰਦੀਆਂ ਦਿਲ ਦੀਆਂ ਧੜਕਣਾਂ ਨੂੰ ਕਾਬੂ ਕਰਦੀ ਮੰਚ ਵੱਲ ਵਧ ਗਈ। ਢਾਹਾਂ ਐਵਾਰਡ ਦੇ ਪਿਤਾਮਾ ਬਰਜਿੰਦਰ ਸਿੰਘ ਯਾਨੀ ਬਾਰਜ ਢਾਹਾਂ ਤੇ ਐਡਵਾਈਜ਼ਰੀ ਕਮੇਟੀ ਦੇ ਚੇਅਰ ਜ਼ੁਬੈਰ ਅਹਿਮਦ ਜੀ ਵੱਡੀਆਂ ਮੁਸਕਰਾਹਟਾਂ ਬਿਖ਼ੇਰਦੇ ਮੰਚ 'ਤੇ ਮੇਰਾ ਸੁਆਗਤ ਕਰ ਰਹੇ ਸਨ।

ਬਲਤੇਜ ਸਿੰਘ ਢਿੱਲੋਂ ਹੁਣਾਂ ਨੇ ਇਤਿਹਾਸਕ ਅਨਾਊਂਸਮੈਂਟ ਕੀਤੀ ਤੇ ਮੈਂ ਬਤੌਰ ਪਹਿਲੀ ਮਹਿਲਾ ਢਾਹਾਂ ਪ੍ਰਾਈਜ਼ ਵਿਨਰ ਮੰਚ 'ਤੇ ਪਹੁੰਚ ਬਾਰਜ ਢਾਹਾਂ ਅਤੇ ਜ਼ੁਬੈਰ ਅਹਿਮਦ ਜੀ ਹੱਥੋਂ ਟਰਾਫੀ ਪ੍ਰਾਪਤ ਕੀਤੀ। ਟਰਾਫੀ 'ਚ ਖੁਣੇ ਖੰਭ ਮੈਨੂੰ ਸੱਤਵੇਂ ਅਸਮਾਨ 'ਤੇ ਉਡਾ ਰਹੇ ਸਨ ਤੇ ਮੈਂ ਡਾਇਸ 'ਤੇ ਪਹੁੰਚ ਭਾਵੁਕ ਹੋ ਗਈ। ਜਜ਼ਬਿਆਂ ਨੂੰ ਕਾਬੂ ਕਰਦਿਆਂ ਮੈਂ ਆਪਣੇ ਮਨੋਵੇਗ ਨੂੰ ਸ਼ਬਦੀ ਜਾਮਾਂ ਪੁਆਉਣ ਲੱਗੀ:

"ਮੈਂ ਜਿਸ ਸਮਾਜ ਵਿਚੋਂ ਆਈ ਹਾਂ, ਉੱਥੇ ਕੁੜੀਆਂ ਸੁਪਨੇ ਲੈਂਦੀਆਂ ਨੇ ਤੇ ਔਰਤਾਂ ਬਣਦੇ ਹੀ ਸੁਪਨਿਆਂ ਨੂੰ ਕੁਰਬਾਨ ਕਰ ਦਿੰਦੀਆਂ ਨੇ। ਆਪਣੇ ਅੰਦਰ ਦੀ ਕੁੜੀ ਨੂੰ ਕਦੇ ਮਰਨ ਨਾ ਦਿਓ ਤੇ ਸੁਪਨੇ ਵੇਖਿਆ ਕਰੋ, ਮੇਰੇ ਸਮਾਜ ਦੀਓ ਕੁੜੀਓ। ਤੁਹਾਡੇ ਸੁਪਨੇ ਹੀ ਤੁਹਾਡੀ ਹੋਂਦ ਦੀ ਬੁਨਿਆਦ ਨੇ ਤੇ ਪਛਾਣ ਵੀ। ਮੈਨੂੰ ਹਮੇਸ਼ਾ ਤੋਂ ਲੱਗਦਾ ਸੀ ਕਿ ਮੇਰਾ ਜਨਮ ਕਿਸੇ ਖ਼ਾਸ ਮਕਸਦ ਲਈ ਹੋਇਆ ਹੈ ਤੇ ਅੱਜ ਢਾਹਾਂ ਐਵਾਰਡ ਮੇਰੇ ਉਸ ਮਕਸਦ ਦੀ ਸ਼ਾਹਦੀ ਹੋ ਨਿਬੜਿਆ ਹੈ। ਇਹ ਐਵਾਰਡ ਮੈਨੂੰ ਹਮੇਸ਼ਾ ਚੇਤੇ ਕਰਵਾਉਂਦਾ ਰਹੇਗਾ ਕਿ ਦੀਪਤੀ ਤੇਰੇ ਹਿੱਸੇ ਕਲਮ ਦੀ ਤਾਕਤ ਆਈ ਹੈ, ਤੂੰ ਬੇਆਵਾਜ਼ਿਆਂ ਦੀ ਆਵਾਜ਼ ਬਣ। ਸ਼ੁਕਰੀਆ ਬਾਰਜ ਸਰ, ਸ਼ੁਕਰੀਆ ਢਾਹਾਂ ਐਵਾਰਡ ਕਮੇਟੀ 'ਭੁੱਖ ਇਉਂ ਸਾਹ ਲੈਂਦੀ ਹੈ' ਦੀ ਨਬਜ਼ ਪਛਾਨਣ ਲਈ। ਦੁਆ ਹੈ ਮਾਂ ਬੋਲੀ ਦਾ ਕੁੱਲ ਸੰਸਾਰ 'ਚ ਦੀਵਾ ਜਗਦਾ ਰੱਖਣ ਲਈ ਤੁਹਾਡਾ ਆਰੰਭਿਆ ਕਾਰਜ ਰਹਿੰਦੀ ਦੁਨੀਆਂ ਤਕ ਰੌਸ਼ਨ ਰਹੇ। ਇਕ ਟੱਪਾ ਪੇਸ਼ ਹੈ,

*ਓ ਹੁੰਦਾ ਮਾਂਵਾਂ ਦਾ ਮੁੱਲ ਕੋਈ ਨਾ*
*ਬੋਲੀਆਂ ਨੇ ਸੱਭੇ ਸੋਹਣੀਆਂ*
*ਸਾਨੂੰ ਪੰਜਾਬੀ ਦੇ ਤੁੱਲ ਕੋਈ ਨਾ।*

ਜੀਵੇ ਪੰਜਾਬ, ਜੀਵੇ ਪੰਜਾਬੀ ਤੇ ਜੀਉਂਦੇ ਰਹਿਣ ਮਾਂ ਬੋਲੀ ਜੀ ਮਸ਼ਾਲ ਬਲ਼ਦੀ ਰੱਖਣ ਵਾਲੇ ਸਪੂਤ। ਬਾਰਜ ਸਰ ਧਿਆਨ ਦੇਣਾ ਇਹ ਟੱਪਾ ਖ਼ਾਸ ਤੌਰ 'ਤੇ ਤੁਹਾਡੇ ਲਈ ਹੈ...

*ਓ ਸੁਰ ਛਿੜਿਆ ਰਬਾਬੀ ਦਾ*
*ਜੁੱਗ ਜੁੱਗ ਜੀਅ ਸੋਹਣਿਆਂ*
*ਬੂਟਾ ਲਾਇਆ ਈ ਪੰਜਾਬੀ ਦਾ।"*

ਹਾਲ ਤਾਲੀਆਂ ਨਾਲ ਗੂੰਜ ਉੱਠਿਆ ਜਦੋਂ ਬਾਰਜ ਢਾਹਾਂ ਜੀ ਨੇ ਮੰਚ ਤੋਂ ਆਉਂਦੇ ਵਰ੍ਹੇ ਇਨਾਮ ਦੀ ਕੁੱਲ ਰਾਸ਼ੀ 45 ਹਜ਼ਾਰ ਕੈਨੇਡੀਅਨ ਡਾਲਰ ਤੋਂ ਵਧਾ ਕੇ 51 ਹਜ਼ਾਰ ਕੈਨੇਡੀਅਨ ਡਾਲਰ (ਜੇਤੂ ਲਈ 26 ਹਜ਼ਾਰ ਅਤੇ ਦੋਹਾਂ ਫਾਇਨਲਿਸਟਾਂ ਲਈ ਬਾਕੀ 25 ਹਜ਼ਾਰ) ਕੀਤੇ ਜਾਣ ਦਾ ਐਲਾਨ ਕੀਤਾ। ਕਲਿੱਕ, ਕਲਿੱਕ, ਕਲਿੱਕ ਕਰਦੀ ਕੈਮਰੇ ਦੀ ਫਲੈਸ਼ ਯਾਦਗਾਰੀ ਪਲ਼ਾਂ ਨੂੰ ਸਾਂਭਣ ਲੱਗੀ ਤੇ ਜੇਤੂਆਂ ਨੂੰ ਵਧਾਈਆਂ ਦਿੰਦੇ ਮਹਿਮਾਨ ਫੋਟੂਆਂ ਖਿਚਵਾਉਂਦੇ ਰਵਾਨਾ ਹੋਣ ਲੱਗੇ। ਇਸ ਦੇ ਨਾਲ ਹੀ ਪੰਜਾਬੀ ਲਿਟਰੇਚਰ ਵੀਕ ਦਾ ਇਕ ਹਿੱਸਾ ਸਮਾਪਤ ਹੋ ਅਗਲੇ ਪੜਾਅ 'ਚ ਪ੍ਰਵੇਸ਼ ਕਰ ਗਿਆ ਜੋ ਅਗਲੇ ਦਿਨ ਤੋਂ ਹੋਰ ਵੀ ਗਰਮਜੋਸ਼ੀ ਨਾਲ ਚੱਲਣ ਵਾਲਾ ਸੀ।

**ਇਸ਼ਕੇ ਦੀ ਖੇਡ ਵੱਖਰੀ**

ਮਾਂ ਬੋਲੀ ਦੇ ਪ੍ਰਚਾਰ ਤੇ ਪ੍ਰਸਾਰ ਦਾ ਜਨੂੰਨ ਹੀ ਆਖਾਂਗੇ ਜੋ ਯੂ.ਬੀ.ਸੀ. (ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ) 'ਚ ਨਾ ਕੇਵਲ ਪੰਜਾਬੀ ਕੋਰਸ ਸ਼ੁਰੂ ਕੀਤਾ ਗਿਆ ਹੈ ਬਲਕਿ ਆਉਣ ਵਾਲੇ ਸਮੇਂ ਵਿਚ ਪੰਜਾਬੀ ਵਿਚ ਐੱਮ.ਏ. ਤੇ ਅੱਗੋਂ ਪੀਐੱਚ.ਡੀ. ਕਰਵਾਏ ਜਾਣ ਦਾ ਅਜੰਡਾ ਐਲਾਨਿਆ ਗਿਆ। ਕਿੱਥੇ-ਕਿੱਥੇ ਦਾ ਜ਼ਿਕਰ ਕਰਾਂ। ਫਰੇਜ਼ਰ ਵੈਲੀ ਯੂਨੀਵਰਸਿਟੀ ਐਬਟਸਫੋਰਡ ਵਿਖੇ ਡਾ. ਸਤਵਿੰਦਰ ਕੌਰ ਬੈਂਸ ਦੀ ਅਗਵਾਈ 'ਚ ਵਿਦਿਆਰਥੀਆਂ ਨਾਲ ਉਲੀਕਿਆ ਪ੍ਰੋਗਰਾਮ ਪੰਜਾਬੀ ਤੇ ਪੰਜਾਬੀਆਂ ਦੇ ਉੱਜਲੇ ਭਵਿੱਖ ਦਾ ਸੁਨੇਹਾ ਦੇ ਰਿਹਾ ਸੀ ਤਾਂ ਵਿਕਟੋਰੀਆ ਜਾਂਦਿਆਂ ਮੇਰੇ ਦਿਮਾਗ 'ਚ ਅੰਗਰੇਜ਼ ਤੇ ਅੰਗਰੇਜ਼ੀ ਦਾ ਹਥੌੜਾ ਵੱਜ ਰਿਹਾ ਸੀ ਜਦੋਂਕਿ ਹਰ ਪਾਸੇ ਮੈਨੂੰ ਪੰਜਾਬੀ ਦਾ ਬੋਲਬਾਲਾ ਦਿਸਿਆ। ਇਕ ਪਲ ਓਪਰਾਪਨ ਮਹਿਸੂਸ ਨਹੀਂ ਹੋਇਆ। ਫੈਰੀ ਯਾਨੀ ਛੋਟੇ ਸਮੁੰਦਰੀ ਜਹਾਜ਼ ਰਾਹੀਂ ਬੀ. ਸੀ. ਦੀ ਰਾਜਧਾਨੀ ਵਿਕਟੋਰੀਆ ਪਹੁੰਚਦਿਆਂ ਉੱਥੇ ਜਦੋਂ ਲੈਜਿਸਲੇਟਿਵ ਅਸੈਂਬਲੀ 'ਚ ਪੰਜਾਬੀ ਦਾ ਦਬ-ਦਬਾ ਵੇਖਿਆ, ਹੈਰਾਨੀ ਹੋਣਾ ਲਾਜ਼ਮੀ ਸੀ। ਸਪੀਕਰ ਰਾਜ ਚੌਹਾਨ ਸਾਹਿਬ ਪੰਜਾਬੀ ਬੋਲਦੇ ਵਿਰਸਾ ਤੇ ਵਿਰਾਸਤ ਖੰਗਾਲਦੇ। ਪਿਤਾ ਰਘਬੀਰ ਸਿੰਘ ਸਿਰਜਣਾ ਜੀ ਦੀ ਸਾਡੇ ਨਾਲ ਮੌਜੂਦਗੀ ਵਿਚ ਐਜੂਕੇਸ਼ਨ ਮਨਿਸਟਰ ਰਚਨਾ ਸਿੰਘ ਦੀ ਤੋਰ

ਵੇਖਦਿਆਂ ਹੀ ਬਣਦੀ। ਐੱਮ.ਐੱਲ.ਏ. ਜਿੰਨੀ ਸਿਮਜ਼ ਅੰਗਰੇਜ਼ੀ ਵਾਰਤਾਲਾਪ ਕਰਦੀ ਸਾਡੇ ਨਾਲ ਪੰਜਾਬੀ 'ਚ ਗੱਲਬਾਤ ਕਰਨ ਲੱਗੀ। ਅਸੈਂਬਲੀ ਦੀ ਸ਼ਾਂਤਮਈ ਕਾਰਜਪ੍ਰਣਾਲੀ ਉੱਥੋਂ ਦੇ ਵਿਕਸਿਤ ਸਿਸਟਮ ਦੀ ਗਵਾਹੀ ਭਰਦੀ ਸਾਨੂੰ ਕੀਲ ਰਹੀ ਸੀ। ਕਾਸ਼! ਅਜਿਹਾ ਸਭ ਸਾਡੀ ਕਾਰਜਪ੍ਰਣਾਲੀ 'ਚ ਵੀ ਵੇਖਣ ਨੂੰ ਮਿਲੇ। ਸਟਰੌਬਰੀ ਹਿੱਲ ਲਾਇਬਰੇਰੀ 'ਚ ਆਯੋਜਿਤ ਸਮਾਗਮ ਦੌਰਾਨ ਪੰਜਾਬੀ ਨੂੰ ਲੈ ਕੇ ਹੋਏ ਗਹਿਨ ਚਿੰਤਨ ਨੇ ਮਾਹੌਲ ਗਰਮਾਈ ਰੱਖਿਆ। ਹੈਰਾਨੀ ਭਰੀ ਤਸੱਲੀ ਉਸ ਵੇਲ਼ੇ ਹੋਈ ਜਦੋਂ ਯੂ.ਬੀ.ਸੀ. 'ਚ ਪੰਜਾਬੀ ਕੋਰਸ ਦੀ ਪੜ੍ਹਾਈ ਕਰਵਾ ਰਹੇ ਲੈਕਚਰਾਰ ਗੁਰਿੰਦਰ ਮਾਨ ਵੱਲੋਂ ਵਿਦਿਆਰਥੀਆਂ ਨਾਲ ਢਾਹਾਂ ਐਵਾਰਡੀ ਲੇਖਕਾਂ ਦੀ ਗੱਲਬਾਤ ਦਾ ਪ੍ਰਬੰਧ ਉਲੀਕਿਆ ਗਿਆ। ਕੋਈ ਕੁੱਝ ਵੀ ਆਖੇ ਮੈਂ ਮਾਂ ਬੋਲੀ ਪੰਜਾਬੀ ਦਾ ਚੜ੍ਹਦਾ ਸੂਰਜ ਇਹਨਾਂ ਵਿਦਿਆਰਥੀਆਂ ਦੀਆਂ ਸੁਪਨੀਲੀਆਂ ਅੱਖਾਂ 'ਚ ਚਮਕਦਾ ਵੇਖਿਆ। ਇਹ ਵਿਦਿਆਰਥੀ ਚਾਹੁੰਦੇ ਨੇ ਪੰਜਾਬੀ ਸਿੱਖ ਕੇ ਆਪਣੀ ਮਾਂ ਬੋਲੀ ਦੇ ਗੀਤ ਗੁਣਗੁਣਾਉਣਾ, ਸੁਹਾਗ, ਘੋੜੀਆਂ ਦੇ ਅਰਥ ਸਮਝਣਾ, ਨਾਨੀਆਂ-ਦਾਦੀਆਂ ਕੋਲ਼ੋਂ ਕਹਾਣੀਆਂ ਸੁਣਨਾ ਤੇ ਉਹਨਾਂ ਦੀਆਂ ਗੱਲਾਂ-ਬਾਤਾਂ ਦਾ ਹੁੰਗਾਰਾ ਭਰਨਾ। ਇਹ ਲੋਚਦੇ ਨੇ ਆਪਣੇ ਨਿਆਣਿਆਂ ਨੂੰ ਮਾਂ ਬੋਲੀ ਦੀ ਚਾਸ਼ਨੀ 'ਚ ਘੁਲ਼ੀਆਂ ਲੋਰੀਆਂ ਸੁਣਾਉਣਾ। ਇੱਥੇ ਦਿਸਿਆ ਇਸ਼ਕ ਮਿਜ਼ਾਜੀ ਤੇ ਇਸ਼ਕ ਹਕੀਕੀ ਤੋਂ ਉੱਠ ਕੇ ਮਾਂ ਬੋਲੀ ਲਈ ਇਸ਼ਕ ਜਨੂੰਨ ਬਣਦਾ। ਸ਼ਾਲਾ! ਬਾਰਜ ਢਾਹਾਂ ਜੀ ਤੇ ਉਹਨਾਂ ਦੇ ਸਾਥੀਆਂ ਵੱਲੋਂ ਕੀਤੇ ਜਾ ਰਹੇ ਪੰਜਾਬੀ ਤੇ ਪੰਜਾਬੀਅਤ ਲਈ ਯਤਨਾਂ ਨੂੰ ਬੂਰ ਪਵੇ ਤੇ ਰਹਿੰਦੀ ਦੁਨੀਆਂ ਤਕ ਇਸ਼ਕੇ ਦੇ ਦੀਵੇ ਜਗਦੇ ਰਹਿਣ।

ਬਾਰਜ ਢਾਹਾਂ ਜਿਹੇ ਜਨੂੰਨੀ ਪੰਜਾਬੀਆਂ ਦੀ ਬਦੌਲਤ ਪੰਜਾਬੀ ਲਹਿੰਦੇ ਤੇ ਚੜ੍ਹਦੇ ਪੰਜਾਬ ਤੋਂ ਪਾਰ ਤੇ ਪਰਾਰ ਦੀਆਂ ਧਰਤੀਆਂ ਦੀ ਭਾਸ਼ਾ ਬਣ ਰਹੀ ਹੈ। ਜੇ ਮੈਂ 'ਬਾਰਜ' ਨੂੰ 'ਬਾਜ' ਦਾ ਤਖ਼ੱਲਸ ਦੇ ਕੇ ਬੁਲਾਵਾਂ ਤਾਂ ਅਤਿਕਥਨੀ ਨਹੀਂ ਹੋਵੇਗੀ। ਮੈਂ ਦਾਅਵੇ ਨਾਲ ਕਹਿ ਸਕਦੀ ਹਾਂ ਕਿ ਜਿਸ ਦੀਵਾਨਗੀ ਤੇ ਸ਼ਿੱਦਤ ਨਾਲ ਪੰਜਾਬੀ ਲਈ ਵਿਦੇਸ਼ੀ ਧਰਤੀ 'ਤੇ ਕੰਮ ਕੀਤੇ ਜਾ ਰਹੇ ਹਨ, ਸਾਡੀ ਮਾਂ ਬੋਲੀ ਦਾ ਸੂਰਜ ਅਸਤ ਹੋਣ ਵਾਲਾ ਨਹੀਂ।

ਚੱਲਦੇ-ਚੱਲਦੇ ਜੇ ਕੈਮਰੇ ਦੀ ਅੱਖ ਦਾ ਜ਼ਿਕਰ ਨਾ ਕਰਾਂ ਤਾਂ ਸਾਰੀਆਂ ਭੁੱਖਾਂ ਬੇਮਾਅਨੇ ਹੋਣਗੀਆਂ। 'ਸਕੈਟਸ' ਬਣੀ ਇਕ ਛਮਕ ਜਿਹੀ ਮੁਟਿਆਰ ਜੋਇਸ ਕੈਮਰਾ ਹੱਥ 'ਚ ਫੜੀ ਇਕ-ਇਕ ਪਲ਼ ਨੂੰ ਯਾਦਾਂ ਦੀ ਪਟਾਰੀ 'ਚ ਸਾਂਭਦੀ ਫੋਟੋ ਖਿੱਚਣ ਲੱਗਿਆਂ ਬੋਲਦੀ, 'ਯੈੱਸ ਸਮਾਇਲ।' ਫਲੈਸ਼ ਚਮਕਦੀ ਉਹ ਲੈਂਜ਼ ਘੁਮਾ ਕੇ ਲਈ ਗਈ ਤਸਵੀਰ ਦਾ ਜਾਇਜ਼ਾ ਲੈਂਦੀ ਤੇ ਹੱਸ ਕੇ ਬੋਲਦੀ, 'ਯੱਪ, ਆਈ ਗੌਟ ਇੱਟ।'

ਯਾਦਾਂ ਦੀ ਰੀਲ੍ਹ ਵਾਰ-ਵਾਰ ਰਿਵਾਈਂਡ ਕਰ ਕੇ ਦੇਖਣ ਲਈ ਆਪ-ਮੁਹਾਰੇ ਮੇਰੀਆਂ ਪਲਕਾਂ ਬੰਦ ਹੋ ਜਾਂਦੀਆਂ ਨੇ ਤੇ ਅੱਖਾਂ ਦੇ ਲੈਂਜ਼ 'ਚ ਹੱਸਦਾ ਹੋਇਆ ਬੀੜ ਤੇ ਜ਼ਮੀਨ 'ਤੇ ਖੰਭ ਲਾਈ ਉੱਡਿਆ ਫਿਰਦਾ ਇਕ ਹੀ ਸ਼ਖ਼ਸ ਆ ਠਹਿਰਦਾ ਹੈ, 'ਬਾਜ ਅੱਖ ਵਾਲਾ' ਬਾਰਜ ਢਾਹਾਂ ਤੇ ਸਿਰ ਸਿਜਦੇ ਵਿਚ ਝੁਕ ਜਾਂਦਾ ਹੈ। ਢਾਹਾਂ ਐਵਾਰਡ ਦੇ ਖੰਭ ਉਡਾਰੀਆਂ ਭਰਦੇ ਰਹਿਣ ਤੇ ਮਾਂ ਬੋਲੀ ਪੰਜਾਬੀ ਦਾ ਆਕਾਸ਼ ਅਤਾਲ-ਪਤਾਲ ਦਾ ਪੈਂਡਾ ਇਹਨਾਂ ਖੰਭਾਂ ਹੇਠ ਮੌਲਦਾ ਰਹੇ। 000

***(716-ਏ, ਨੇੜੇ ਕਮਾਂਡੋ ਕੰਪਲੈਕਸ, ਫੇਜ਼ 11, ਸੈਕਟਰ 65, ਮੁਹਾਲੀ- 160 062***
***ਫੋਨ: +91-98146-70707)***

***25 ਹਜ਼ਾਰ ਕੈਨੇਡੀਅਨ ਡਾਲਰ ਦਾ ਇਸ ਵਰ੍ਹੇ ਦਾ ਢਾਹਾਂ ਸਾਹਿਤ ਇਨਾਮ ਦੀਪਤੀ ਬਬੂਟਾ ਨੂੰ ਉਸਦੇ ਕਹਾਣੀ ਸੰਗ੍ਰਹਿ 'ਭੁੱਖ ਇਉਂ ਸਾਹ ਲੈਂਦੀ ਹੈ' ਉੱਤੇ ਮਿਲਿਆ ਹੈ। ਢਾਹਾਂ ਇਨਾਮ ਦੇ ਦਸਵੇਂ ਸਾਲ ਵਿਚ ਇਹ ਇਨਾਮ ਹਾਸਲ ਕਰਨ ਵਾਲੀ ਦੀਪਤੀ ਬਬੂਟਾ ਪਹਿਲੀ ਔਰਤ ਲੇਖਕ ਹੈ। ਦਸ ਦਸ ਹਜ਼ਾਰ ਕੈਨੇਡੀਅਨ ਡਾਲਰ ਦੇ ਫਾਇਨਲਿਸਟਾਂ ਦੇ ਦੋ ਇਨਾਮ ਜਮੀਲ ਅਹਿਮਦ ਪਾਲ ਅਤੇ ਬਲੀਜੀਤ ਨੇ ਕਹਾਣੀਆਂ ਦੀਆਂ ਆਪਣੀਆਂ ਪੁਸਤਕਾਂ 'ਮੈਂਡਲ ਦਾ ਕਾਨੂੰਨ' ਅਤੇ 'ਉੱਚੀਆਂ ਆਵਾਜ਼ਾਂ' ਉੱਤੇ ਹਾਸਲ ਕੀਤੇ ਹਨ। ਤਿੰਨਾਂ ਹੀ ਲੇਖਕਾਂ ਨੂੰ ਵਧਾਈ ਅਤੇ ਢਾਹਾਂ ਇਨਾਮ ਦੇ ਸੰਚਾਲਕਾਂ ਨੂੰ ਵੀ।***

# ਤਿੜਕੀਆਂ ਮੁੰਦਰਾਂ ਵਾਲਾ ਅਮਿਤੋਜ: ਸ਼ਬਦ ਚਿਤਰ: ਜਸਵੰਤ ਦੀਦ

ਅਮਿਤੋਜ ਬਾਰੇ ਪਤਾ ਨਹੀਂ ਕੀਹਨੇ ਕੀਹਨੇ ਕੀ ਕੀ ਲਿਖਿਆ, ਕੀ ਕੀ ਬੋਲਿਆ। ਸੱਚ ਕੀ ਝੂਠ ਕੀ? ਆਪਣੇ ਸੱਚ-ਝੂਠ ਤਾਂ ਇਹ ਬੰਦਾ 31 ਦਸੰਬਰ 2001 ਦੀ ਸ਼ਾਮ ਆਪਣੇ ਨਾਲ ਈ ਲੈ ਕੇ ਸਦਾ ਲਈ ਗ਼ਰੂਬ ਹੋ ਗਿਆ। ਅਮਿਤੋਜ ਕਹਿੰਦਾ ਸੀ-ਮੇਰੇ ਪਿੰਡ ਸੂਰਜ ਕਿਸੇ ਹੋਰ ਤਰ੍ਹਾਂ ਡੁੱਬਦਾ ਹੈ।'ਅਸਲ ਵਿਚ ਸੱਚ ਭਿਆਨਕ ਚੀਜ਼ ਹੈ। ਬਹੁਤ ਲਚਕੀਲਾ, ਬਰੀਕ ਤੇ ਲਗਪਗ ਨਾ ਦੱਸਿਆ ਜਾਣ ਵਾਲਾ ਮੁਜੱਸਮਾ। ਸੱਚ ਦੀਆਂ ਕਸਮਾਂ ਖਾਣ ਵਾਲੇ ਸਭ ਤੋਂ ਵੱਧ ਝੂਠ ਬੋਲਣ ਦੀ ਤੁਹਾਡੇ ਕੋਲ਼ੋਂ ਮੋਹਰ ਲਵਾ ਰਹੇ ਹੁੰਦੇ ਨੇ। ਅਦਾਲਤਾਂ ਵਿਚ ਧਾਰਮਿਕ ਗ੍ਰੰਥਾਂ 'ਤੇ ਹੱਥ ਰੱਖ ਕੇ ਖਾਧੀਆਂ ਕਸਮਾਂ ਹੇਠ ਬੋਲੇ ਝੂਠਾਂ ਨਾਲ ਕਤਲ ਮੁਆਫ ਹੋ ਜਾਂਦੇ ਨੇ। ਤਾਓ ਨੇ ਕਿਹਾ ਸੀ -ਮੈਂ ਜੋ ਦੱਸਣ ਜਾ ਰਿਹਾ ਹਾਂ, ਉਹ ਬੋਲਿਆ ਨਹੀਂ ਜਾ ਸਕਦਾ ਤੇ ਜੋ ਮੈਂ ਬੋਲਾਂਗਾ ਉਹ ਝੂਠ ਹੋਵੇਗਾ।

**ਇਤੀ ਕਥਾ ਅਮਿਤੋਜ**

ਜਹਾਜ਼ ਬੱਦਲਾਂ ਦੀਆਂ ਹਜ਼ਾਰਾਂ ਤੈਹਾਂ ਚੀਰ ਕੇ ਖਲਾਅ ਅੰਦਰ ਪਹੁੰਚ ਗਿਆ। ਡੋਲ-ਡਾਲ ਕੇ ਆਪਣਾ ਤਵਾਜ਼ਨ ਬਣਾ ਚੁੱਕਾ ਸੀ ਦਿੱਲੀਓਂ ਲੰਡਨ ਪਹੁੰਚਣ ਵਾਲਾ ਏਅਰ ਇੰਡੀਆ ਦਾ ਇਹ ਜਹਾਜ਼। ਮੈਂ ਹੈਰਾਨ ਹੋਇਆ ਦੇਖ ਰਿਹਾ ਸਾ ਕਿ ਜਿੱਥੇ ਮੈਂ ਸੋਚਦਾ ਸੀ ਕਿ ਰੱਬ ਵਸਦਾ ਹੈ ਓਥੇ ਤਾਂ ਇਹ ਜਹਾਜ਼ ਉੜਿਆ ਫਿਰਦਾ! ਬੱਦਲ ਏਨੇ ਹਲਕੇ ਹੁੰਦੇ? ਕਿਸ ਬੰਦੇ ਨੇ ਕੱਢੀ ਸੀ ਜਹਾਜ਼ ਦੀ ਕਾਢ? ਉਸ ਬੰਦੇ ਦਾ ਨਾਂ ਯਾਦ ਨਾ ਆਵੇ 1 ਦਫਾ ਕਰੋ!

ਉਮਰ ਮੇਰੀ 25 ਕੁ ਵਰ੍ਹੇ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐੱਮ ਏ ਭਾਗ ਪਹਿਲਾ ਦਾ ਵਿਦਿਆਰਥੀ ਤੇ ਚੱਲਿਆ ਵਲੈਤ। ਲੇਖਕਾਂ ਦੀ ਪਹਿਲੀ ਵਿਸ਼ਵ ਪੰਜਾਬੀ ਕਾਨਫਰੰਸ। ਜਹਾਜ਼ ਭਰਿਆ ਪਿਆ ਪੰਜਾਬੀ ਲੇਖਕਾਂ ਨਾਲ। ਚੜ੍ਹਦੇ ਤੋਂ ਚੜ੍ਹਦਾ ਪੰਜਾਬੀ ਲੇਖਕ ਬੈਠਾ ਏਸ ਜਹਾਜ਼ ਵਿਚ! ਤੇ ਮੈਂ ਸਹਿਮਿਆ ਹੋਇਆ ਸਭ ਤੋਂ ਛੋਟੀ ਉਮਰ ਦਾ ਲੇਖਕ। ਕੋਈ ਨਾਮ ਨਾ ਜਾਣੇ ਮੇਰਾ ਜੀਓ! ਮਨ 'ਚ ਪੁੱਠੇ ਸਿੱਧੇ ਸੁਆਲ ਉੜੇ ਫਿਰਨ ਜੇ ਏਸ ਉਚਾਈ ਤੋਂ ਇਹ ਜਹਾਜ਼ ਥੱਲੇ ਜਾ ਡਿੱਗੇ? ਪਰ ਜਹਾਜ਼ ਦੀ ਇਕ ਨੁੱਕਰੇ ਬੈਠੇ ਮੈਡਮ ਦਲੀਪ ਕੌਰ ਟਿਵਾਣਾ ਵੱਲ ਦੇਖ ਕੇ ਮੈਨੂੰ ਲੱਗਾ ਕਿ ਨਹੀਂ ਡਿੱਗੇਗਾ ਇਹ ਜਹਾਜ਼!

ਤੁਸੀਂ ਮੈਡਮ ਟਿਵਾਣਾ ਦੇ ਸਟੂਡੈਂਟ ਓ?' ਨੀਲੇ ਬਲੇਜ਼ਰ ਵਾਲੇ, ਮੁਸਲਮਾਨੀ ਮੁੱਛਾਂ ਵਾਲੇ, ਕਾਲੇ ਸ਼ਾਹ ਵਾਲ਼ਾਂ ਵਾਲੇ ਇਕ ਹੀਰੋ-ਨੁਮਾ ਬੰਦੇ ਨੇ ਮੇਰੇ ਵੱਲ ਕਾਮੀ ਅੱਖਾਂ ਨਾਲ ਦੇਖਿਆ। ਜਿਵੇਂ ਕੋਈ 'ਦੁੰਮ-ਛੱਲਾ' ਹੋਵੇ।

– ਮੇਰਾ ਨਾਂ ਅਮਿਤੋਜ ਹੈ।

ਉਸ ਹੀਰੋ-ਨੁਮਾ ਬੰਦੇ ਨੇ ਚਲਦੇ ਜਹਾਜ਼ ਵਿਚ ਆਪਣਾ ਭਾਰਾ ਹੱਥ ਮੇਰੇ ਨਾਲ ਮਿਲਾਇਆ। ਮੇਰਾ ਜਹਾਜ਼ ਅੱਧਾ ਕੁ ਸੱਚੀਂ ਡੋਲ ਗਿਆ।

ਇਹ ਉਹੀ ਅਮਿਤੋਜ ਸੀ ਜਿਸਦੀ ਕਵਿਤਾ 'ਬੁੱਢਾ ਬੌਲ਼ਦ' ਕਾਲਿਜਾਂ ਦੇ ਮੁੰਡੇ-ਕੁੜੀਆਂ ਕਵਿਤਾ ਮੁਕਾਬਲਿਆਂ 'ਚ ਉਹਨੀਂ ਦਿਨੀਂ ਅਕਸਰ ਪੜ੍ਹਦੇ ਤੇ ਅਨਾਮ ਜਿੱਤ ਕੇ ਮੁੜਦੇ ਸਨ। ਇਹ ਕਵਿਤਾ ਯੂਨੀਵਰਸਟੀ ਦੇ ਹੋਸਟਲਾਂ ਵਿਚ ਵੀ ਆਮ ਗੂੰਜਦੀ ਸੀ–

*ਮੇਰਾ ਕੋਈ ਨਾਮ ਨਹੀਂ ਹੈ*

*ਮੇਰਾ ਇਕ ਰੋਲ ਨੰਬਰ ਹੈ।*

ਹੀਰੋ-ਕਵੀ ਨੇ ਮੇਰਾ ਹੱਥ ਉਹਲੇ ਨਾਲ ਨੱਪਿਆ ਤੇ ਮੈਨੂੰ ਉਠਾ ਕੇ ਜਹਾਜ਼ ਦੇ ਕੈਬਿਨ ਵੱਲ ਲੈ ਗਿਆ।

'ਦੀਦੀ ਟਿਵਾਣਾ ਤੋਂ ਡਰ ਲਗਦਾ' ਕਹਿਕੇ ਉਹਨੇ ਆਪਣੇ ਕੋਟ ਦੀ ਅੰਦਰਲੀ ਜੇਬ 'ਚੋਂ ਸਿਗਰਟ ਦੀ ਡੱਬੀ ਕੱਢੀ ਤੇ ਜਹਾਜ਼ ਵਿਚ ਸਿਗਰਟ ਬਾਲ਼ ਲਈ। ਧੂੰਆਂ ਮੇਰੇ ਮੂੰਹ ਤੋਂ ਦੂਜੇ ਪਾਸੇ ਨੂੰ ਮਾਰ ਕੇ ਹੱਸਣ ਲੱਗ ਪਿਆ। ਸਾਡੀ ਵਾਕਫੀ ਦੋਸਤੀ ਵਿਚ ਬਦਲ ਗਈ। ਅਮਿਤੋਜ ਨੇ ਆਪਣੇ ਨਾਲ ਬੈਠੇ ਹਰਨਾਮ ਸਿੰਘ ਸ਼ਾਨ ਨੂੰ ਮੇਰੀ ਸੀਟ 'ਚ ਬਿਠਾ ਦਿੱਤਾ ਤੇ ਮੈਨੂੰ ਆਪਣੇ ਨਾਲ ਬਿਠਾ ਲਿਆ। ਜਿੰਨਾ ਚਿਰ ਜਹਾਜ਼ ਹੀਥਰੋ ਲੰਡਨ ਨਹੀਂ ਪਹੁੰਚ ਗਿਆ ਇਹ ਹੀਰੋ ਗੱਲ ਗੱਲ 'ਤੇ ਠਹਾਕੇ ਮਾਰ ਕੇ ਹੱਸਦਾ, ਕਦੀ ਸੀਟੋਂ ਉੱਠ ਜਾਂਦਾ ਕਦੀ ਬੈਠ ਜਾਂਦਾ। ਕਦੀ ਚਮੜੇ ਦੇ ਬੈਗ 'ਚ ਪਾਈ ਦਾਰੂ ਦੀ ਸੀਸੀ 'ਚੋਂ ਘੁੱਟ ਭਰ ਲੈਂਦਾ ਕਦੀ ਕੈਬਿਨ 'ਚ ਜਾ ਕੇ ਸਿਗਰਟ ਬਾਲ਼ ਲੈਂਦਾ। ਸ਼ਾਨ ਸਾਬ੍ਹ ਵਾਸ਼ ਰੂਮ ਗਏ ਤਾਂ ਅਮਿਤੋਜ ਨੇ ਸ਼ਾਨ ਸਾਬ੍ਹ ਦੇ ਤਾਜ਼ੇ ਲਿਖੇ ਸਫਰਨਾਮੇ ਦੀਆਂ ਦੋ ਲਾਈਨਾਂ ਪੜ੍ਹ ਕੇ ਮੈਨੂੰ ਸੁਣਾਈਆਂ- "ਜਹਾਜ਼ ਅਕਾਸ਼ ਵਿਚ ਉੱਡ ਰਿਹਾ ਹੈ, ਜਮੀਨ ਨਜ਼ਰ ਨਹੀਂ ਆ ਰਹੀ।।-- ਅਮਿਤੋਜ ਦਾ ਫੁਹਾਰਾ ਮਾਰਕਾ ਹਾਸਾ ਮੇਰੇ ਮੱਲੋਜੋਰੀ ਹਾਸੇ ਨਾਲ ਮਿਲਕੇ ਸਾਰੇ ਜਹਾਜ਼ 'ਚ ਫੈਲ ਗਿਆ। ਸਭ ਸਾਡੇ ਵੱਲ ਗਿੱਚੀਆਂ ਮਰੋੜ ਕੇ ਦੇਖਣ ਲੱਗ ਪਏ। ਮੈਂ ਤੇ ਅਮਿਤੋਜ ਨੇ ਆਪਣੀਆਂ ਧੌਣਾਂ ਸ਼ੁਤਰਮੁਰਗ ਵਾਂਗ ਜਹਾਜ਼ ਦੀਆਂ ਸੀਟਾਂ ਹੇਠ ਕਰ ਲਈਆਂ। ਸੀਟਾਂ ਵਿਚ ਸਿਰ ਦੇ ਕੇ ਵੀ ਸਾਡਾ ਹਾਸਾ ਨਾ ਬੰਦ ਹੋਵੇ। ਫੇਰ ਸਾਡਾ ਐਬਸਰਡ ਹਾਸਾ ਏਨੀ ਜ਼ੋਰ ਦੀ ਛੁੱਟਿਆ ਕਿ ਦਲੀਪ ਕੌਰ ਟਿਵਾਣਾ ਨੇ ਸਾਡੇ ਵੱਲ ਮੱਥੇ ਤਿਊੜੀ ਪਾ ਕੇ ਝਾਕਿਆ। ਵੱਖੀ-ਤੋੜ ਹਾਸਾ ਹੱਸਦਾ ਅਮਿਤੋਜ ਕਹਿੰਦਾ- ਮੈਡਮ ਤੁਸੀਂ ਆਪ ਦੱਸੋ ਇਹ ਸਫਰਨਾਮਾ...?' ਸੰਤ ਸਿੰਘ ਸੇਖੋਂ ਕਹਿੰਦਾ- ਓ ਬਈ ਮੁੰਡਿਆ ਸੌਣ ਦਿਓ ਸਾਨੂੰ।' ਸ਼ਾਨ ਸਾਬ੍ਹ ਵਾਪਸ ਸੀਟ 'ਚ ਆ ਬੈਠੇ ਤੇ ਹੱਸਦੇ ਅਮਿਤੋਜ ਨੂੰ ਨੀਂਦ ਆ ਗਈ। ਮੈਂ ਵੀ ਜਾਗੋਮੀਟੀ ਹੋ ਗਿਆ।

ਫੇਰ ਸਾਰੀ ਕਾਨਫਰੰਸ ਵਿਚ ਮੈਂ ਤੇ ਅਮਿਤੋਜ 'ਕੱਠੇ ਰਹੇ। ਫੇਰ ਸਾਡੀ ਤਿੱਕੜੀ ਬਣ ਗਈ- ਹਰਿਨਾਮ, ਅਮਿਤੋਜ, ਮੈਂ। ਫੇਰ ਚੌਂਕੜੀ ਬਣ ਗਈ ਐੱਸ ਬਲਵੰਤ ਆਣ ਮਿਲਿਆ।

ਕਾਨਫਰੰਸ ਕਮਾਲ ਸੀ। ਪੰਜਾਬ ਰੋਡਵੇਜ਼ ਦੀਆਂ ਖੜਕਦੀਆਂ ਬੱਸਾਂ ਵਿਚ ਬਹਿਣ ਵਾਲੇ ਮੇਰੇ ਵਰਗੇ ਪੰਜਾਬੀ ਲੇਖਕਾਂ ਨੂੰ ਪ੍ਰਬੰਧਕਾਂ ਨੇ ਵਲੈਤੀ ਲਗਜ਼ਰੀ ਕੋਚਾਂ ਵਿਚ ਸਾਰੀ ਇੰਗਲੈਂਡ ਘੁਮਾ ਦਿੱਤੀ। ਮੈਂ ਅਮਿਤੋਜ ਤੇ ਹਰਨਾਮ ਕੋਚ ਵਿਚ 'ਕੱਠੇ ਬੈਠਦੇ। ਕਿਆ ਮੌਸਮ ਕਿਆ ਸਫਰ। ਤੇ ਕਾਮਰੇਡ ਸੋਹਣ ਸਿੰਘ ਜੋਸ਼ ਨੂੰ ਪਸ਼ਾਬ ਦੀ ਹਾਜਤ ਹੋ ਗਈ। ਵਖ਼ਤ ਪੈ ਗਿਆ। ਅਮਿਤੋਜ ਦਾ ਫੁਹਾਰਾ-ਹਾਸਾ ਫੇਰ ਫੁੱਟ ਪਿਆ। ਮੈਂ ਵੀ ਹੱਸ ਪਿਆ। ਫੁਹਾਰੇ 'ਚ ਫਹਾਰਾ ਮਿਲਾਉਂਦਾ ਹਰਿਨਾਮ ਕਹਿੰਦਾ -ਹਰਾਮਜ਼ਾਦੇ!' ਰੌਲ਼ਾ ਪੈ ਗਿਆ ਪਸ਼ਾਬ ਕਰਾਓ। ਪ੍ਰਬੰਧਕ ਕਹਿੰਦੇ- ਇਹ ਕੋਈ ਇੰਡੀਆ ਥੋੜ੍ਹੋ ਐ ਪਈ ਜਿੱਥੇ ਮਰਜ਼ੀ ਕਰ ਲਓ'। ਸੇਖੋਂ ਸਾਬ੍ਹ ਕਹਿੰਦੇ ਬਈ ਮੈਨੂੰ ਵੀ ਆਇਆ। ਕਾਨਫਰੰਸ ਦੇ ਕਰਤਾ ਧਰਤਾ ਰਣਜੀਤ ਧੀਰ ਨੇ ਫੈਸਲਾ ਲਿਆ-"ਰੋਕੋ'। ਫੇਰ ਕੀ ਸੀ। ਮੈਨੂੰ ਵੀ ਆਇਆ ਮੈਨੂੰ ਵੀ ਆਇਆ। ਮੈਂ ਅਮਿਤੋਜ ਤੇ ਹਰਿਨਾਮ ਇਕ ਪਾਸੇ ਲੱਗ ਗਏ। ਨਿੱਕੀ ਨਿੱਕੀ ਕਣੀ ਦਾ ਮੀਂਹ। ਪਸ਼ਾਬ ਕਦੀ ਤਾਂਹ ਚੜ੍ਹ ਜਾਏ ਕਦੀ ਹੇਠਾਂ ਉਤਰ ਆਵੇ। ਹਾਸੇ ਨਾਲ ਸਾਡੀਆਂ ਵੱਖੀਆਂ ਦੂਹਰੀਆਂ ਹੋ ਗਈਆਂ। ਹਰਨਾਮ ਕਹਿੰਦਾ ਹਰਾਮਜ਼ਾਦੇ! ਕਿ ਪੁਲਸ ਆ ਗਈ। ਮੈਂ ਤੇ ਅਮਿਤੋਜ ਅੰਦਰ ਭੱਜੇ। ਹਰਿਨਾਮ ਕਹਿੰਦਾ ਇਹ ਪੁਲਸ ਵਾਲੇ ਹਰਾਮਜ਼ਾਦੇ ਕੀਹਨੇ ਬੁਲਾਏ? ਪੁਲਸ ਵਾਲਿਆਂ ਆਖਰ ਚਲਾਨ ਕੱਟਿਆ। ਜੁਰਮਾਨਾ ਕੀਤਾ। ਖਬਰ ਛਪੀ -ਪੰਜਾਬੀ ਲੇਖਕਾਂ ਦਾ ਮੂਤ ਮਹਿੰਗਾ ਪਿਆ।"

ਕਾਨਫਰੰਸ ਦੌਰਾਨ ਅਮਿਤੋਜ ਹੀਰੋ ਬਣਿਆ ਰਿਹਾ। ਆਪਣੀ ਕਵਿਤਾ ਦੀ ਪੇਸ਼ਕਾਰੀ ਕਰਕੇ ਤੇ ਆਪਣੇ ਮੁਸਲਮਾਨੀ ਪਹਿਰਾਵੇ ਕਰਕੇ। ਬੁੱਢਾ ਬੌਲਦ ਕਾਨਫਰੰਸ ਵਿਚ ਵੀ ਜੰਮ ਗਈ। ਓਥੇ ਉਸਨੇ ਇਕ ਕਵਿਤਾ ਲਿਖੀ- *ਦੇਸ ਬਗਾਨੇ ਰਾਤ ਪਈ ਤਾਂ ਚੇਤੇ ਆਈਆਂ ਮਾਵਾਂ '*। ਕਵਿਤਾ ਹਲਕੀ ਸੀ ਪਰ ਅਮਿਤੋਜ ਦੀ ਭਾਰੀ ਆਵਾਜ਼ ਨੇ ਇਹ ਵੀ ਚਲਾ ਦਿੱਤੀ। ਕਾਨਫਰੰਸ 'ਚ ਮੀਸ਼ਾ ਤੇ ਅਮਿਤੋਜ ਛਾਉਣ ਵਾਲੇ ਸ਼ਾਇਰ ਸਨ। ਮੇਰੇ ਵਰਗੇ ਐਵੇਂ-ਘੈਵੇਂ। ਇਹਨਾਂ ਨੂੰ ਲੋਕ ਆਪਣੇ ਘਰੀਂ ਬੁਲਾਉਂਦੇ। ਇਕ ਨੇ ਸਾਨੂੰ ਵੀ ਬੁਲਾ ਲਿਆ। ਵਲੈਤੀ-ਐਸ਼ ਕਰਨ ਲਈ ਹਰਿਨਾਮ, ਅਮਿਤੋਜ, ਬਲਵੰਤ ਤੇ ਮੈਨੂੰ ਇਕ ਸਟੀਮ ਬਾਥ 'ਚ ਵਾੜ ਦਿੱਤਾ। ਇੱਥੇ ਲੋਕ ਅਲਫ ਨੰਗੇ ਨਹਾਉਂਦੇ। ਅਸੀਂ ਇਕ ਦੂਜੇ ਕੋਲੋਂ ਆਪਣਾ ਆਪ ਲੁਕੋਂਦੇ ਫਿਰੀਏ। ਹੱਸਦੇ ਹਰਨਾਮ ਨੇ ਅਮਿਤੋਜ ਦਾ ਲਪੇਟਿਆ ਤੌਲੀਆ ਖਿੱਚ ਦਿੱਤਾ। ਸਾਡਾ ਇੰਡੀਅਨ ਹਾਸਾ ਅੰਗਰੇਜ਼ੀ ਸਟੀਮ ਬਾਥ ਦੀ ਚੁੱਪ ਅੰਦਰ ਫੈਲ ਗਿਆ। ਇਕ ਅੰਗਰੇਜ਼ ਕਹਿੰਦਾ-'ਫੱਕ'। ਹਰਨਾਮ ਕਹਿੰਦਾ-ਹਰਾਮਜ਼ਾਦਾ'। ਅਲਫ-ਹਾਸਾ ਹੱਸਦੇ ਅਸੀਂ ਅਲਫ ਹੋ ਕੇ ਨਾਹਤੇ। ਓਨਾ ਅਸੀਂ ਨਾਹਤੇ ਨਹੀਂ ਜਿੰਨਾ ਹੱਸੇ। ਹੱਸਦਾ ਹਰਨਾਮ ਕਹਿੰਦਾ- ਹਰ ਲੇਖਕ-ਕਾਨਫਰੰਸ 'ਚ ਇਕ ਸਟੀਮ-ਬਾਥ ਜ਼ਰੂਰ ਹੋਣਾ ਚਾਹੀਦਾ।

ਵਲੈਤੋਂ ਆਉਂਦਿਆਂ ਈ ਮੈਨੂੰ ਦੂਰਦਰਸ਼ਨ ਵਿਚ ਨੌਕਰੀ ਮਿਲ ਗਈ। ਯੂਨੀਵਰਸਿਟੀ ਦੇ ਖੁੱਲ੍ਹੇ ਰੁੱਖ ਸੜਕਾਂ ਹੋਸਟਲ ਕੁੜੀਆਂ ਮੁੰਡੇ ਸਭ ਛੱਡਣੇ ਪਏ। ਪਟਿਆਲਓਂ ਜਲੰਧਰ ਆ ਗਿਆ।

ਦੂਰਦਰਸ਼ਨ ਉਹਨੀਂ ਦਿਨੀਂ ਹਿੰਦੋਸਤਾਨ ਵਿਚ ਬੀਬੀਸੀ ਨਾਲੋਂ ਵੀ ਵੱਧ ਮਸ਼ਹੂਰ ਸੀ। ਜਿਹੜਾ ਟੀਵੀ 'ਤੇ ਆ ਗਿਆ ਉਹ ਰਾਤੋ ਰਾਤ ਸਟਾਰ ਬਣ ਗਿਆ। ਅਮਿਤੋਜ ਵੀ ਆ ਗਿਆ। ਰਾਤੋ ਰਾਤ ਸਟਾਰ ਬਣ ਗਿਆ। 'ਕੱਚ ਦੀਆਂ ਮੁੰਦਰਾਂ ਵਾਲਾ' ਅਮਿਤੋਜ। ਸਟਾਰ ਬਣਾਉਣ ਵਾਲਾ ਪ੍ਰੋਗਰਾਮ ਦਾ ਪ੍ਰੋਡਿਊਸਰ ਹਰਜੀਤ ਸਿੰਘ ਸੀ। ਟੀ ਵੀ ਦਾ ਹਾਲ ਵੀ ਫਿਲਮਾਂ ਵਾਲਾ। ਸਟਾਰ ਬਣਾਉਣ ਵਾਲੇ ਡਰੈਕਟਰਾਂ ਸ਼ਰੈਕਟਰਾਂ ਨੂੰ ਕੋਈ ਕੋਈ ਜਾਣਦਾ ਪਰ ਐਕਟਰਾਂ ਨੂੰ ਬੱਚਾ ਬੱਚਾ ਜਾਣਦਾ। ਖਬਰਾਂ ਪੜ੍ਹਨ ਵਾਲੇ ਤੇ ਪ੍ਰੋਗਰਾਮ ਪੇਸ਼ ਕਰਨ ਵਾਲਿਆਂ ਨੂੰ ਦੁਨੀਆਂ ਉੱਠ ਉੱਠ ਵੇਖਦੀ। ਅਮਿਤੋਜ ਨੂੰ ਦੇਖਣ ਲਈ ਦਰਸ਼ਕ ਤੜਪਣ ਲੱਗੇ। ਅਮਿਤੋਜ ਉੱਚੀਆਂ ਹਵਾਵਾਂ 'ਚ ਉੜਨ ਲੱਗਾ। ਦੁਨੀਆਂ ਅੱਜ ਵੀ ਅਮਿਤੋਜ ਨੂੰ 'ਕੱਚ ਦੀਆਂ ਮੁੰਦਰਾਂ' ਵਾਲਾ ਅਮਿਤੋਜ ਕਰਕੇ ਜਾਣਦੀ ਹੈ। ਮੈਂ ਓਦੋਂ ਦੂਰਦਰਸ਼ਨ 'ਚ ਅਜੇ ਪੂਰੀ ਤਰ੍ਹਾਂ ਪੈਰ ਨਹੀਂ ਸੀ ਲਾਏ ਪਰ ਅਮਿਤੋਜ ਮੇਰੇ ਕਮਰੇ 'ਚ ਕਦੀ ਕਦੀ ਆ ਕੇ ਵਲੈਤ ਦੀ ਯਾਤਰਾ ਦੀਆਂ ਗੱਲਾਂ ਕਰਕੇ ਫੁਹਾਰੇ ਛੱਡ ਜਾਂਦਾ। ਮੇਰੀ ਇਕ ਨਜ਼ਮ 'ਅੱਲਾ ਸੌਂ ਰਿਹਾ'ਨੂੰ ਕੱਚ ਦੀਆਂ ਮੁੰਦਰਾਂ 'ਚ ਗਵਾ ਕੇ ਖੁਸ਼ ਹੋਇਆ। ਕਹਿੰਦਾ 'ਨਾਗਮਣੀ' ਨਾਲੋਂ ਕਿਤੇ ਵੱਧ ਲੋਕ ਤੇਰੇ ਪਾਠਕ ਬਣ ਜਾਣਗੇ। ਮੈਂ ਕਿਹਾ- ਅਮਿਤੋਜ ਟੀਵੀ ਕਈ ਵਾਰ ਕਲਾਕਾਰ ਲਈ ਮਗਰਮੱਛ ਹੁੰਦਾ ਹੈ। ਕਲਾ ਤੇ ਕਲਾਕਾਰ ਦੋਹਾਂ ਨੂੰ ਨਿਗਲ ਜਾਂਦਾ। ਕਹਿੰਦਾ -ਦੇਖਦੇ ਹਾਂ ਕੌਣ ਕੀਹਨੂੰ ਨਿਗਲਦਾ? ਤੇ ਹਾਸੇ ਦਾ ਗੰਭੀਰ ਫੁਹਾਰਾ ਸਾਰੇ ਦੂਰਦਰਸ਼ਨ 'ਤੇ ਫੈਲ ਗਿਆ।

ਮੇਰੀ ਬਦਲੀ ਦਿੱਲੀ ਰੇਡੀਓ 'ਤੇ ਹੋ ਗਈ। ਦਿੱਲੀਓਂ ਜਲੰਧਰ ਆ ਗਿਆ। ਸਮਝ ਨਾ ਆਵੇ ਕੀ ਕਰਾਂ? ਪੰਜਾਬੀ ਦੇ ਪ੍ਰੋਗਰਾਮ ਮੀਸ਼ਾ ਜੀ ਦੇਖਦੇ ਸਨ. ਮੈਂ ਕੀ ਕਰਾਂ? ਮੈਂ ਫੈਸਲਾ ਲਿਆ ਮੈਂ ਕਰਾਂਗਾ ਲੇਖਕਾਂ ਬਾਰੇ ਡਾਕੂਮੈਂਟਰੀਆਂ ਰੇਡੀਓ ਫੀਚਰ। ਪਹਿਲਾ ਪ੍ਰੋਗਰਾਮ ਕੀਤਾ ਅੰਮ੍ਰਿਤਾ ਪ੍ਰੀਤਮ ਬਾਰੇ, ਨਾਂ ਰੱਖਿਆ 'ਤਾਰਿਆ ਵੇ੍ ਤੇਰੀ ਲੋਅ'. ਸਕਰਿਪਟ ਲਿਖੀ ਸੁਰਜੀਤ ਪਾਤਰ ਨੇ, ਪ੍ਰੋਡਿਊਸ ਕੀਤਾ ਮੈਂ। ਦੂਜੇ ਪ੍ਰੋਗਰਾਮ ਲਈ ਨਾਮ ਆਇਆ ਜ਼ਿਹਨ 'ਚ ਦਲੀਪ ਕੌਰ ਟਿਵਾਣਾ। ਦਲੀਪ ਕੌਰ ਟਿਵਾਣਾ 'ਤੇ ਪ੍ਰੋਗਰਾਮ ਬਾਰੇ ਸੋਚਿਆ ਤਾਂ ਇਕ ਚੁਟਕੀ 'ਚ ਫੈਸਲਾ ਲਿਆ-ਪੇਸ਼ਕਾਰ ਅਮਿਤੋਜ'।

ਅਮਿਤੋਜ ਤੇ ਮੈਂ ਰੇਡੀਓ ਸਟੇਸ਼ਨ ਦੇ ਬਾਹਰ ਕਾਨਿਆਂ-ਟੀਨਾਂ ਦੀ ਛੱਤ ਵਾਲੇ ਕੈਫੇਟੀਰਿਆ

'ਚ ਆਣ ਬੈਠੇ। ਮੈਂ ਰੇਡੀਓ ਦਾ ਅੱਧਾ ਕੰਮ ਇਸੇ ਦੇਸੀ ਸਾਊਥ ਇੰਡੀਅਨ ਕੌਫੀ ਹਾਊਸ 'ਵਰਿੰਦਾਵਨ' 'ਚ ਬੈਠ ਕੇ ਕੀਤਾ। ਇੱਥੇ ਮੈਂ ਮੀਸ਼ਾ, ਮਨਜੀਤ ਟਿਵਾਣਾ, ਪਾਤਰ, ਅਮਿਤੋਜ ਤੋਂ ਲੈ ਕੇ ਪ੍ਰੇਮ ਪ੍ਰਕਾਸ਼, ਰੌਸ਼ਨ ਲਾਲ ਆਹੂਜਾ ਤਕ ਬੈਠਕਾਂ ਕੀਤੀਆਂ। ਇਸੇ ਊਰਜਾ ਵਾਲੀ ਥਾਂ 'ਤੇ ਬੈਠ ਕੇ ਅਮਿਤੋਜ ਨਾਲ ਪ੍ਰੋਗਰਾਮ ਦਾ ਕਾਨਸੈਪਟ ਡਿਸਕਸ ਕੀਤਾ। ਅਮਿਤੋਜ ਚਾਰਜ ਹੋ ਗਿਆ। ਦਲੀਪ ਕੌਰ ਟਿਵਾਣਾ ਨੂੰ ਉਹ ਦੀਦੀ ਦੀਦੀ ਕਹਿੰਦਾ ਨਾ ਥੱਕੇ! ਮੈਨੂੰ ਦੀਦੀ ਲਫ਼ਜ਼ ਕਦੇ ਚੰਗਾ ਨਹੀਂ ਲੱਗਾ-ਅੰਮ੍ਰਿਤਾ ਦੀਦੀ, ਟਿਵਾਣਾ ਦੀਦੀ, ਅਜੀਤ ਦੀਦੀ- ਕਿਆ ਹੈ ਯੇ ਦੀਦੀ ਦੀਦੀ!' ਅਮਿਤੋਜ ਕਹਿੰਦਾ ਤੇਰੇ ਹੋਣਗੇ ਮੈਡਮ, ਸਾਡੇ ਤਾਂ ਬਈ ਦੀਦੀ ਐ। ਮੈਂ ਨਾ ਕਦੇ ਅੰਮ੍ਰਿਤਾ ਨੂੰ ਦੀਦੀ ਕਿਹਾ ਨਾ ਟਿਵਾਣਾ ਮੈਡਮ ਨੂੰ, ਅਜੀਤ ਕੌਰ ਨੂੰ ਤਾਂ ਦੀਦੀ ਕਹਿਣਾ ਈ ਕਿਉਂ? ਫੇਰ ਅਸੀਂ 'ਦੀਦੀ ਮੈਡਮ' ਟਿਵਾਣਾ 'ਤੇ ਪ੍ਰੋਗਰਾਮ ਕਰਨ ਤੁਰ ਪਏ। ਮੈਂ ਤੇ ਅਮਿਤੋਜ। ਨਾਲ ਸਾਡੇ ਰੇਡੀਓ ਦੀ ਰੀਕਾਰਡਿੰਗ ਟੀਮ। ਸਰਕਾਰੀ ਗੱਡੀ ਜਲੰਧਰੋਂ ਪਟਿਆਲੇ ਵੱਲ ਤੁਰ ਪਈ। ਅਮਿਤੋਜ ਦਾ ਇੰਤਜ਼ਾਮ: ਇਕ ਦਾਰੂ ਦੀ ਰੰਗ-ਬਰੰਗੀ ਪੇਟੀ- ਵੋਦਕਾ, ਵਾਈਨ, ਵਿਸਕੀ ਤੇ ਬੀਅਰ ਦੀਆਂ ਠੰਡੀਆਂ ਬੋਤਲਾਂ। ਇਕ ਪੇਟੀ ਦੁਸਿਹਰੀ ਅੰਬਾਂ ਦੀ ਤੇ ਨਮਕੀਨ ਦੇ ਲਿਫਾਫੇ। ਅਮਿਤੋਜ ਨੇ ਇਹ ਸਭ ਕੁਝ ਜੀਪ ਵਿਚ ਇਓਂ ਟਿਕਾ ਲਿਆ ਜਿਵੇਂ ਅਸੀਂ ਵਰਡ-ਟੂਰ 'ਤੇ ਚੱਲੇ ਹੋਈਏ। ਮੈਂ ਕਿਹਾ "ਅਮਿਤੋਜ ਇੰਟਰਵਿਊ ਆਪਾਂ ਕਰਨਾ ਮੈਡਮ ਟਿਵਾਣਾ ਦਾ ਤੇ ਸਮਾਨ ਤੂੰ ਸਾਰਾ ਲੈ ਲਿਆ ਸ਼ਿਵ ਕੁਮਾਰ ਬਟਾਲਵੀ ਨੂੰ ਇੰਟਰਵਿਊ ਕਰਨ ਵਾਲਾ।" ਅਮਿਤੋਜ ਖਿੜਖਿੜਾ ਕੇ ਹੱਸਿਆ ਤੇ ਨਾਲ ਈ ਸਾਰਾ ਸਮਾਨ ਗੱਡੀ ਦੀ ਸੀਟ ਥੱਲੇ ਧੱਕ ਦਿੱਤਾ. 'ਭਰਾਵਾ ਦੀਦੀ ਕੋਲ਼ੋਂ ਝਿੜਕਾਂ ਥੋੜ੍ਹੋਂ ਖਾਣੀਆਂ'। ਨਹੀ ਪੀਤੀ ਅਮਿਤੋਜ ਨੇ। ਘਰ ਜਾ ਪਹੁੰਚੇ ਪਟਿਆਲੇ ਯੂਟੀਵਰਸਿਟੀ ਲੱਭਦੇ ਲਭਾਂਉਦੇ. ਘੰਟੀ ਮਾਰੀ. ਅੰਦਰੋਂ ਕੋਈ ਨੌਕਰਾਣੀ ਨਿਕਲੀ। ਸਾਨੂੰ ਡਰਾਇੰਗ ਰੂਮ 'ਚ ਬਿਠਾ ਦਿੱਤਾ ਗਿਆ, ਉਡੀਕੀ ਜਾਈਏ। ਮੈਡਮ ਟਿਵਾਣਾ ਨੇ ਤਾਂ ਕਦੀ ਏਨਾ ਟਾਈਮ ਨਹੀਂ ਲਾਇਆ, ਗੱਲ ਕੀ ਐ?

ਅੰਦਰੋਂ ਨਵੇਂ ਜੰਮੇਂ ਬੱਚੇ ਦੇ ਰੋਣ ਦੀ ਆਵਾਜ਼ ਆਈ. ਅਮਿਤੋਜ ਦਾ ਹਾਸਾ ਨਿਕਲ ਗਿਆ। ਮੈਂ ਵੀ ਹੱਸ ਪਿਆ। ਅਮਿਤੋਜ ਕਹਿੰਦਾ ਕਿਸੇ ਹੋਰ ਦੇ ਈ ਘਰ ਆ ਵੜੇ ਐਂ ਬਾਬਿਓ!' ਮੇਰਾ ਹਾਸਾ ਨਾ ਬੰਦ ਹੋਵੇ। ਅਮਿਤੋਜ ਨੇ ਪਾਣੀ ਦੇਣ ਆਈ ਕੁੜੀ ਨੂੰ ਪੁੱਛਿਆ 'ਇਹ ਘਰ ਤਾਂ ਦੀਦੀ ਦਲੀਪ ਕੌਰ ਟਿਵਾਣਾ ਦਾ ਈ ਏ ਨਾ!' ਕੁੜੀ ਨੇ ਹਾਂ ਵਿਚ ਸਿਰ ਹਿਲਾਇਆ। ਕਹਿਣ ਲੱਗੀ, 'ਮੈਡਮ ਟਿਵਾਣਾ ਬੱਚੇ ਨੂੰ ਦੁੱਧ ਪਿਲਾ ਰਹੇ ਨੇ!' ਜਦ ਨੂੰ ਮੈਡਮ ਟਿਵਾਣਾ ਦਾਖਲ ਹੋ ਗਏ, ਆਓ ਬਈ! ਜੀ ਆਇਆ ਨੂੰ! ਅਸਲ ਵਿਚ ਇਕ ਖ਼ੁਸਖ਼ਬਰੀ ਐ! ਮੈਂ ਮਾਂ ਬਣ ਗਈ ਆਂ! ਸਾਡੇ ਘਰ ਬੇਟਾ ਆਇਐ! ਮੈਂ ਉਸ ਨਾਲ ਬੀਜ਼ੀ ਰਹਿਣ ਲੱਗ ਪਈ ਆਂ! ਅਜੇ ਹਫਤਾ ਵੀ ਨਹੀਂ ਹੋਇਆ. ਹੌਲ਼ੀ ਹੌਲ਼ੀ ਆਦਤ ਪੈ ਜਾਏਗੀ!'

ਅਸੀਂ ਹੈਰਾਨੀ ਵਿਚ ਈ ਇੰਟਰਵਿਊ ਸ਼ੁਰੂ ਕਰ ਦਿੱਤੀ. ਇੰਟਰਵਿਊ ਖ਼ਤਮ ਕੀਤੀ। ਬਾਅਦ 'ਚ ਪਤਾ ਲੱਗਾ ਮੈਡਮ ਟਿਵਾਣਾ ਨੇ ਬੱਚਾ ਗੋਦ ਲਿਆ ਸੀ।

ਲੱਡੂ ਖਾਧੇ, ਚਾਹ ਪੀਤੀ. ਸਾਸਰੀ ਕਾਲ ਬੁਲਾਈ ਵਾਪਸ ਆ ਗਏ। ਸ਼ਾਮ ਹੋ ਗਈ। ਅਮਿਤੋਜ ਨੇ ਪਟਿਆਲਿਓਂ ਜਲੰਧਰ ਆਉਂਦੀ ਗੱਡੀ ਵਿਚ ਦਾਰੂ ਦੀ ਪੇਟੀ ਖੋਲ੍ਹ ਲਈ. ਸ਼ਾਮ ਗੂਹੜੀ ਕਰ ਲਈ। ਸਰਕਾਰੀ ਜੀਪ ਜਦੋਂ ਸੜਕ 'ਚ ਪਏ ਟੋਏ ਤੋਂ ਲੰਘਦੀ ਤਾਂ ਅਮਿਤੋਜ ਦੀਆਂ ਬੋਤਲਾਂ ਦਾ ਖੜਕਾ ਲਹੌਰ ਤਕ ਜਾਂਦਾ। ਤੇ ਪੂਰੀ ਟੀਮ ਦਾ ਹਾਸਾ ਅਮਿਤੋਜ ਦੇ ਫੁਹਾਰਾ-ਹਾਸੇ ਨਾਲ ਮਿਲਕੇ ਕਈ ਹੱਦਾਂ-ਸਰਹੱਦਾਂ ਟੱਪ ਜਾਂਦਾ। ਖੜ-ਖੜ-ਛਣਣ-ਛਣਣ-ਛਣ-। ਅਮਿਤੋਜ ਦੀ ਪਰੈਜ਼ੈਂਸ ਹੀ ਮਹਿਫਲ ਜਮਾ ਦਿੰਦੀ। ਉਹ ਚਾਹੇ ਸਟੂਡੀਓ 'ਚ ਹੋਵੇ, ਚਾਹੇ ਅਹਾਤੇ ਵਿਚ, ਚਾਹੇ ਜਹਾਜ਼ ਵਿਚ ਤੇ ਚਾਹੇ ਸਰਕਾਰੀ ਜੀਪ ਵਿਚ। ਚਾਹੇ ਚਾਹ ਦੇ ਕੱਪ ਨਾਲ,

ਚਾਹੇ ਦਾਰੂ ਨਾਲ, ਚਾਹੇ ਖਾਲੀ ਹੱਥੀਂ। ਤੇ ਇਕ ਦਮ ਮੀਂਹ ਦਾ ਛਰਾਟਾ। ਅਮਿਤੋਜ ਫੇਰ ਹੱਸਿਆ-ਕਹਿੰਦਾ ਲਓ ਆ ਗਈ ਜੇ ਅੰਬਾਂ ਦੀ ਵਾਰੀ। ਤੇ ਸਭ ਨੂੰ ਅੰਬ ਵਰਤਾਉਣ ਲੱਗ ਪਿਆ। ਮੈਡਮ ਟਿਵਾਣਾ ਨਾਲ ਕੀਤੀ ਲੰਬੀ ਇੰਟਰਵਿਊ ਵਾਲੇ ਤਿੰਨ ਟੇਪ ਮੈਂ ਆਪਣੇ ਹੱਥਾਂ 'ਚ ਇਓਂ ਫੜੀ ਬੈਠਾ ਸਾਂ ਜਿਵੇਂ ਲੱਖਾਂ ਕਰੋੜਾਂ ਦਾ ਖਜ਼ਾਨਾ ਹੋਵੇ। ਅਮਿਤੋਜ ਨੇ ਦਾਰੂ ਵਾਲੇ ਹੱਦਾਂ ਬੰਨੇ ਤੋੜ ਦਿੱਤੇ। ਮੈਂ ਵੀ ਜ਼ੋਰੋ ਜਬਰੀ ਆਪਣੇ ਆਪ ਨੂੰ ਸ਼ਰਾਬੀ ਕਰਨਾ ਚਾਹਿਆ। ਮੈਨੂੰ ਚਾਹੁੰਣ ਦੇ ਬਾਵਜੂਦ ਵੀ ਦਾਰੂ ਨਹੀਂ ਚੜ੍ਹਦੀ। ਹੋਸ਼ ਨਾਲ ਕੰਮ ਕਰਦੀ ਰਹਿੰਦੀ। ਇਹ ਚੰਗੇ ਸ਼ਾਇਰ ਦੀ ਨਿਸ਼ਾਨੀ ਨਹੀਂ ਹੈ। ਪਰ ਮੈਂ ਕੀ ਕਰਾਂ? ਉਸ ਦਿਨ ਮੈਂ ਅਮਿਤੋਜ ਵਰਗਾ ਹੋਣਾ ਚਾਹੁੰਦਾ ਸਾਂ। ਨਹੀਂ ਹੋ ਸਕਿਆ। ਅਮਿਤੋਜ ਦਾਰੂ ਨਾਲ ਟੁੰਨ ਹੋ ਗਿਆ ਜਲੰਧਰ ਪਹੁੰਚਣ ਤਕ। ਅਸੀਂ ਸਾਰਾ ਰਾਹ ਪਤਾ ਨਹੀਂ ਕੀ ਗੱਲਾਂ ਕਰਦੇ ਆਏ।

ਉਹਨੀਂ ਦਿਨੀਂ ਅਮਿਤੋਜ ਜਲੰਧਰ ਦੀ ਇਕ ਬਹੁਤ ਅੱਛੀ ਐਕਟਰਸ ਨਾਲ ਰਹਿ ਰਿਹਾ ਸੀ। ਮੈਂ ਉਸਨੂੰ ਓਥੇ ਛੱਡਣ ਲਈ ਡਰਾਈਵਰ ਨੂੰ ਕਿਹਾ। ਅਮਿਤੋਜ ਕਹਿੰਦਾ-ਨੋ! ਵੁਈ ਐਂਡ ਆਈ ਵਿਲ ਸਟੇ ਵਿਦ ਯੂ ਟੂਡੇ।" ਅੰਗਰੇਜ਼ੀ ਸ਼ਰਾਬੀਆਂ ਤੇ ਪੰਜਾਬੀਆਂ ਵਾਲੀ ਸੀ। ਮੈਂ ਹੱਸ ਪਿਆ। ਚੰਗੇ ਭਾਗਾਂ ਨੂੰ ਉਸ ਦਿਨ ਮੇਰੀ ਬੀਵੀ ਬੱਚਾ ਪੇਕੇ-ਨਾਨਕੇ ਗਏ ਹੋਏ ਸੀ। ਦਸਮੇਸ਼ ਨਗਰ ਵਾਲਾ ਮੇਰਾ ਘਰ ਕੱਲਾ ਸੀ। ਡਰਾਈਵਰ ਨੇ ਮੇਰੇ ਆਦੇਸ਼ ਮੁਤਾਬਕ ਸਾਨੂੰ ਦੋਹਾਂ ਨੂੰ ਓਥੇ ਲਾਹ ਦਿੱਤਾ। ਘਰ ਦੀ ਬੱਤੀ ਬਾਲ਼ੀ। ਵਿਹੜਾ, ਦੋ ਕਮਰੇ ਤੇ ਛੱਤ ਨਮੂਦਾਰ ਹੋ ਗਏ। ਚਾਨਣ ਹਨੇਰੇ ਦੇ ਭੇਦ ਕਿਵੇਂ ਖੋਲ੍ਹ ਦਿੰਦਾ ਹੈ ਇਕ ਛਿਣ ਅੰਦਰ! ਅਮਿਤੋਜ ਸਿੱਧਾ ਡਬਲ ਬੈੱਡ 'ਤੇ ਡਿਗ ਪਿਆ। ਮੈਂ ਦੂਜੇ ਕਮਰੇ 'ਚ ਜਾਣ ਲੱਗਾ ਤਾਂ ਮੇਰਾ ਗੁੱਟ ਫੜ ਲਿਆ- ਐਥੇ ਸੌਏਂਗਾ ਤੂੰ ਮੇਰੇ ਨਾਲ। ਅੱਜ ਦੀ ਰਾਤ। ਬਾਬਿਓ ਇਹ ਰਾਤਾਂ ਮੁੜ ਮੁੜ ਥੋੜ੍ਹੀ ਆਉਂਦੀਆਂ'? ਫੇਰ ਆਪੇ ਪੈੱਗ ਪਾ ਲਿਆ। ਮੈਨੂੰ ਵੀ ਪਾ ਦਿੱਤਾ। ਮੈਂ ਜਿੰਨਾ ਮਰਜੀ ਸ਼ਰਾਬੀ ਹੋਵਾਂ ਕੁਝ ਨਾ ਕੁਝ ਖਾਂਦਾ ਜ਼ਰੂਰ ਹਾਂ ਸੌਣ ਤੋਂ ਪਹਿਲਾਂ। ਅਮਿਤੋਜ ਸਿਰਫ ਦਾਰੂ। ਤੇ ਫੇਰ ਉਹ ਬੁੜਬੜਾਉਣ ਲੱਗ ਪਿਆ- ਮਨਜੀਤ ਟਿਵਾਣਾ, ਕਮਲੇਸ਼, ਫਲਾਂ ਫਲਾਂ, ਤਿਵਾੜੀ, ਦੂਰਦਰਸ਼ਨ। ਨਾਨ ਸੈਂਸ। ਆਪੇ ਹੱਸੀ ਜਾਵੇ ਆਪੇ ਰੋਈ ਜਾਵੇ। ਮੈਂ ਉਹਦੇ ਹਾਸੇ 'ਚ ਹਾਸਾ ਮਿਲਾ ਦੇਵਾਂ, ਫੇਰ ਮੈਂ ਆਪਣਾ ਵੱਖਰਾ ਰੋਣ ਲੱਗ ਜਾਵਾਂ। ਜਦ ਦੋਵੇਂ ਰੋਣ ਲੱਗ ਜਾਈਏ ਤਾਂ ਫੁਹਾਰੇ ਵਾਲਾ ਸਾਡਾ ਹਾਸਾ ਕਦੀ ਵਲੈਤ ਦੇ ਸਟੀਮ ਬਾਥ ਤਕ ਪਹੁੰਚ ਜਾਵੇ, ਕਦੀ ਮੈਡਮ ਟਿਵਾਣਾ ਦੇ ਘਰ ਦੀਆਂ ਨੁੱਕਰਾਂ ਨੂੰ ਛੋਹ ਜਾਵੇ, ਕਦੀ ਦੂਰਦਰਸ਼ਨ ਦੀਆਂ ਪੌੜੀਆਂ ਤੋਂ ਤਿਲਕਦਾ ਅਕਾਸ਼ਵਾਣੀ ਦੀਆਂ ਟੇਪਾਂ ਵਿਚ ਬੰਦ ਹੋ ਜਾਵੇ। ਤੇ ਅਮਿਤੋਜ ਖੁਰਾਟੇ ਮਾਰਨ ਲਗ ਪਿਆ। ਮੇਰਾ ਡਬਲ ਬੈੱਡ ਘੁੰਮਣ ਲੱਗ ਪਿਆ। ਨੀਂਦ ਦਾ ਸਮੁੰਦਰ ਹੂਟੇ ਦੇਣ ਲਗ ਪਿਆ, ਘੂਕ। ਅੱਖ ਖੁੱਲ੍ਹੀ ਤਾਂ ਸੂਰਜ ਪਰਦਿਆਂ ਨੂੰ ਪਾਰ ਕਰਕੇ ਸਾਡੇ ਚਿਹਰਿਆਂ 'ਤੇ ਆਣ ਚਮਕਿਆ। ਮੈਂ ਤੇ ਅਮਿਤੋਜ ਨੇ ਅੱਧ ਮੀਚੀਆਂ ਲਾਲ ਡੋਰਿਆਂ ਵਾਲੀਆਂ ਅੱਖਾਂ ਨਾਲ ਇਕ ਦੂਜੇ ਵਲ ਝਾਕਿਆ ਤੇ ਝੁੰਗਲ ਮਾਟਾ ਮਾਰ ਕੇ ਫੜਾਕ ਦੇਣਾ ਫੇਰ ਸੌਂ ਗਏ। ਸੂਰਜ ਸਾਡੀ ਨੀਂਦ ਨਾਲੋਂ ਘੱਟ ਤਿੱਖਾ ਸੀ।

ਅੱਖ ਖੁੱਲ੍ਹੀ ਤਾਂ ਦੁਪਿਹਰ ਦੇ ਗਿਆਰਾਂ ਵੱਜ ਚੁੱਕੇ ਸੀ।

ਅਗਲੇ ਹਫਤੇ ਐਡਿਟਿੰਗ ਦਾ ਕੰਮ ਸ਼ੁਰੂ। ਅਮਿਤੋਜ ਨੇ ਆਪਣੇ ਜਾਦੂਈ ਸ਼ਬਦਾਂ ਨਾਲ ਸਕ੍ਰਿਪਟ ਗੂੰਜਣ ਲਾ ਦਿੱਤੀ। ਟੀ ਵੀ ਵਾਲਾ ਹਰਜੀਤ ਪ੍ਰੋਗਰਾਮ ਦਾ ਸੁਆਦ ਲੈਣ ਰੇਡੀਓ ਆ ਜਾਂਦਾ। 'ਇਹ ਹਮਾਰਾ ਜੀਵਣਾ' ਦੀ ਭਾਨੋਂ ਦੇ ਡਾਇਲਾਗਾਂ ਪਿੱਛੇ ਹਰਜੀਤ ਨੇ ਸਾਰੰਗੀ ਦਾ ਮਿਊਜ਼ਕ ਇਫੈਕਟ ਪਾ ਕੇ ਪ੍ਰੋਗਰਾਮ ਦੀ ਗੁੱਡੀ ਨੂੰ ਤੁਣਕਾ ਮਾਰ ਕੇ ਅਸਮਾਨੀਂ ਚਾੜ੍ਹ ਦਿੱਤਾ। ਮੈਂ

ਹਰਜੀਤ ਤੇ ਅਮਿਤੋਜ ਹਫਤਾ ਭਰ ਮਿਕਸਿੰਗ ਕਰਦੇ ਰਹੇ, ਅੱਖਰ ਬੀੜਦੇ ਰਹੇ, ਪ੍ਰੋਗਰਾਮ ਤਿਆਰ ਕਰਦੇ ਰਹੇ..

ਪ੍ਰੋਗਰਾਮ ਚੱਲਿਆ ਤਾਂ ਚਰਚਾ ਹੋਇਆ। ਪ੍ਰੋਗਰਾਮ ਮੀਟਿੰਗ 'ਚ ਡਾਇਰੈਕਟਰ ਲਾਸਾ ਕੌਲ ਨੇ ਕਿਹਾ- ਦੀਦ ਸੇ ਸੀਖਿਏ ਰੇਡੀਓ ਮੇਂ ਟੀਵੀ ਕੈਸੇ ਦਿਖਾਨਾ ਹੈ'। ਮੈਂ ਸੋਚਦਾ ਸੀ ਮੀਸ਼ਾ ਪ੍ਰੋਗਰਾਮ ਦੇ ਖਿਲਾਫ਼ ਬੋਲੇਗਾ। ਪਰ ਮੀਸ਼ੇ ਦੇ ਧੀਮੇ ਬੋਲਾਂ ਨੇ ਸਭ ਨੂੰ ਹੈਰਾਨ ਕਰ ਦਿੱਤਾ- ਮੈਂ ਸਾਰੀ ਜ਼ਿੰਦਗੀ ਰੇਡੀਓ ਚ ਬਿਤਾਈ ਹੈ ਪਰ ਇਸ ਤਰ੍ਹਾਂ ਦਾ ਪ੍ਰੋਗਰਾਮ ਘੱਟੋ ਘੱਟ ਮੈਂ ਜਲੰਧਰ ਤੋਂ ਕਦੇ ਨਹੀਂ ਸੁਣਿਆ। ਅੱਜ ਸਾਰੀ ਮੀਟਿੰਗ ਨੂੰ ਚਾਹ ਮੈਂ ਪਿਲਾਵਾਂਗਾ'। ਸਾਰੀ ਮੀਟਿੰਗ ਨੂੰ ਸਵੇਰੇ ਮੀਸ਼ਾ ਨੇ ਚਾਹ ਪਲਾਈ, ਸ਼ਾਮ ਨੂੰ ਮੈਨੂੰ ਤੇ ਅਮਿਤੋਜ ਨੂੰ ਦਾਰੂ।

ਸ਼ਾਇਦ ਇਹ ਅਮਿਤੋਜ ਦਾ ਰੇਡੀਓ ਲਈ ਕੀਤਾ ਇਕੋ ਇਕ ਪ੍ਰੋਗਰਾਮ ਸੀ/ਹੈ।

ਜਲੰਧਰ ਦੂਰਦਰਸ਼ਨ/ਰੇਡੀਓ ਕੋਲ ਅਸਲ ਵਿਚ ਦੋ ਹੀ ਅਸਲੀ ਕੰਪੀਅਰ/ਪੇਸ਼ਕਾਰ ਸਨ। ਇਕ ਅਮਿਤੋਜ ਦੂਜਾ ਪਾਤਰ। ਗੰਭੀਰ ਪ੍ਰੋਗਰਾਮਾਂ ਲਈ ਪਾਤਰ ਤੇ ਦਰਸ਼ਕ ਖਿੱਚਣ ਲਈ ਅਮਿਤੋਜ।

ਮੈਂ ਆਪਣੇ ਬਹੁਤੇ ਪ੍ਰੋਗਰਾਮ ਪਾਤਰ ਕੋਲੋਂ ਕਰਵਾਉਂਦਾ। ਪਰ ਅਮਿਤੋਜ ਦੇ ਪ੍ਰੋਗਰਾਮ ਮੈਨੂੰ ਚੰਗੇ ਲਗਦੇ। ਅਮਿਤੋਜ ਜੁਮਲੇਬਾਜ਼ ਸੀ। ਉਸਦੇ ਜੁਮਲੇ/ਫਿਕਰੇ ਵਿਕਦੇ ਸਨ। ਸ਼ਾਇਰੀ ਵਿਚ ਵੀ, ਟੀਵੀ ਵਿਚ ਵੀ ਤੇ ਜੀਵਨ ਵਿਚ ਵੀ। ਮੈਂ ਵੀ ਉਸਦੀ ਫਿਕਰੇਬਾਜ਼ੀ ਦਾ ਪ੍ਰਸ਼ੰਸਕ ਸਾਂ ਪਰ ਉਸਦੀ ਇਹ ਫਿਕਰੇਬਾਜ਼ੀ ਮੈਨੂੰ ਕਵਿਤਾ 'ਚ ਅੱਖਰਦੀ ਸੀ। ਕਾਲਿਜ ਦੇ ਦਿਨਾਂ ਤੋਂ ਈ। 'ਬੁੱਢਾ ਬੌਲ਼ਦ' ਵੀ ਮੈਨੂੰ ਉਸੇ ਕੈਟਾਗਰੀ ਦੀ ਨਜ਼ਮ ਲਗਦੀ ਸੀ। ਪਰ ਟੀ ਵੀ 'ਚ ਸਾਨੂੰ ਅਜਿਹੇ ਕੰਪੀਅਰ ਦੀਵਾ ਲੈ ਕੇ ਲੱਭਿਆਂ ਵੀ ਨਹੀਂ ਲੱਭਦੇ। ਅਮਿਤੋਜ ਦੂਰਦਰਸ਼ਨ ਜਲੰਧਰ ਲਈ ਉਸੇ ਦੁਰਲੱਭ ਚਿਰਾਗ ਦਾ ਗੂੜ੍ਹਾ ਚਾਨਣ ਸੀ।

ਮੈਂ ਫੇਰ ਦੂਰਦਰਸ਼ਨ ਜਲੰਧਰ ਤਬਦੀਲ ਹੋ ਗਿਆ। ਹੁਣ ਤਕ ਅਮਿਤੋਜ 'ਕੱਚ ਦੀਆਂ ਮੁੰਦਰਾਂ' ਨਾਲ ਛਾ ਚੁੱਕਾ ਸੀ। ਉਸਦੀ ਹਵਾ ਬਦਲੀ ਹੋਈ ਸੀ। ਉਹ ਦੂਰਦਰਸ਼ਨ ਦੇ ਨਾਲ ਲਗਦੀ ਸੜਕੋਂ ਪਾਰ ਕਲੋਨੀ ਵਿਚ ਜਲੰਧਰ ਦੂਰਦਰਸ਼ਨ ਦੀ ਹੀ ਇਕ ਬਹੁਤ ਸੰਜੀਦਾ ਐਕਟਰਸ ਨਾਲ ਪੱਕਾ ਰਹਿਣ ਲੱਗ ਪਿਆ ਸੀ। ਉਸ ਡਾਇਵੋਰਸੀ ਐਕਟਰਸ ਦਾ ਸੱਤ ਕੁ ਸਾਲਾਂ ਦਾ ਬੇਟਾ ਅਮਿਤੋਜ ਨੂੰ 'ਪਾਪਾ' ਕਹਿਣ ਲੱਗ ਪਿਆ ਸੀ। ਪਰ ਅਮਿਤੋਜ ਕਿਤੋਂ ਅੰਦਰੋਂ ਬੁਰੀ ਤਰ੍ਹਾਂ ਝੰਬਿਆ ਹੋਇਆ ਵਿਅਕਤੀ ਸੀ। ਉਸਦੀ ਫਿਕਰੇਬਾਜ਼ੀ ਉਸਦੀ ਫਰਸਟਰੇਸ਼ਨ 'ਚੋਂ ਜਨਮ ਲੈਂਦੀ ਸੀ। ਉਸਦਾ ਫੁਹਾਰਾ ਹਾਸਾ ਹਜ਼ਾਰਾਂ ਦੁੱਖਾਂ ਤੇ ਜ਼ਖਮਾਂ ਦਾ ਛਰਾਟਾ ਸੀ ਜੋ ਨਾ ਅਮਿਤੋਜ ਨੂੰ ਦਿਸਦਾ ਨਾ ਉਹਦੇ ਪ੍ਰਸ਼ੰਸਕਾਂ ਨੂੰ। ਉਹਦੇ ਪ੍ਰੋਗਰਾਮ ਲੋਕ ਕੰਮ ਛੱਡ ਛੱਡ ਦੇਖਦੇ। ਦੂਰਦਰਸ਼ਨ ਦੀ ਅੱਧੀ ਡਾਕ 'ਕੱਚ ਦੀਆਂ ਮੁੰਦਰਾਂ' ਨਾਲ ਭਰੀ ਹੁੰਦੀ। ਅਮਿਤੋਜ ਨੂੰ ਸਿਰਫ ਕੰਪੀਅਰ ਹੋਣ ਦੇ ਬਾਵਜੂਦ ਵੀ ਸਹੂਲਤਾਂ ਇਕ ਪ੍ਰੋਡਿਊਸਰ ਜਿੰਨੀਆਂ ਮਿਲੀਆਂ ਹੋਈਆਂ ਸਨ। ਦਰਸ਼ਕ ਪ੍ਰੋਗਰਾਮ 'ਚ ਹਿੱਸਾ ਲੈਣ ਆਉਂਦੇ ਤਾਂ ਅਮਿਤੋਜ ਦੇ ਆਟੋਗ੍ਰਾਫ ਲੈ ਕੇ ਜਾਂਦੇ। ਅਮਿਤੋਜ ਬਾਜ਼ਾਰ 'ਚੋਂ ਲੰਘਦਾ ਲੋਕ ਹੱਥ ਮਿਲਾਉਣ ਲਈ ਖੜ੍ਹੇ ਹੋ ਜਾਂਦੇ। ਉਹਨੀਂ ਦਿਨੀਂ ਤਾਂ ਦੂਰਦਰਸ਼ਨ ਦਾ ਪੀਅਨ ਵੀ ਕਿਸੇ ਨਾਲੋਂ ਘੱਟ ਨਹੀਂ ਸੀ ਤੇ ਉਹ ਅਮਿਤੋਜ? ਆਮ ਜਨਤਾ ਵਿਚ ਅਮਿਤੋਜ ਦੀ ਝੰਡੀ ਫਹਿਰ ਗਈ। ਫਹਿਰਦੀ ਝੰਡੀ ਨੇ ਅਮਿਤੋਜ ਦਾ ਚਿਹਰਾ ਢਕ ਲਿਆ। ਝੰਡੀ ਓਹਲੇ ਉਹ ਦਾਰੂ ਵੱਧ ਪੀਣ ਲੱਗ ਪਿਆ। ਦੂਰਦਰਸ਼ਨ ਦੇ ਸਟੂਡੀਓ ਵਿਚ ਉਸਦੀ ਡੱਬ 'ਚ ਲੁਕੋਈ ਦਾਰੂ ਦੀ

ਬੋਤਲ ਡਿੱਗ ਕੇ ਟੁੱਟ ਗਈ। ਕੰਕਰਾਂ ਦਾ ਖੜਾਕ ਤੇ ਦਾਰੂ ਦੀ ਹਵਾੜ ਸਾਰੇ ਦੂਰਦਰਸ਼ਨ ਵਿਚ ਫੈਲ ਗਈ। ਫਹਿਰੀ ਹੋਈ ਸ਼ੋਹਰਤ ਦੀ ਝੰਡੀ ਨੇ ਅਮਿਤੋਜ ਦੀ ਸ਼ਾਇਰੀ ਦਾ ਸੱਤਿਆਨਾਸ ਕਰ ਦਿੱਤਾ। ਨਜ਼ਮ ਲਿਖਣੀ ਬੰਦ। ਸਿਰਫ 'ਕੱਚ ਦੀਆਂ ਮੁੰਦਰਾਂ' ਵਾਲਾ ਅਮਿਤੋਜ। ਕੌਣ ਸ਼ਾਇਰੀ ਦੇ ਵੀਹ ਪੱਚੀ ਪਾਠਕਾਂ ਦਾ ਹੁੰਗਾਰਾ ਉਡੀਕੇ? ਪਹਿਲਾਂ ਕਵਿਤਾ ਲਿਖੋ, ਫਿਰ ਪਰਚੇ ਨੂੰ ਭੇਜੋ। ਕਦੋਂ ਛਪੂ ਕਦੋਂ ਵਾਹ ਵਾਹ ਹੋਊ? 'ਕੱਚ ਦੀਆਂ ਮੁੰਦਰਾਂ' ਰਾਤ ਨੂੰ ਚੱਲੀਆਂ ਸਵੇਰੇ ਅਮਿਤੋਜ ਅਮਿਤੋਜ! ਸ਼ੋਹਰਤ ਦਾ ਸ਼ਾਰਟ-ਕੱਟ ਰਾਹ ਦੂਰਦਰਸ਼ਨ। ਸ਼ਾਰਟ-ਕੱਟ ਤੁਹਾਨੂੰ ਮੰਜ਼ਲ 'ਤੇ ਪਹੁੰਚਾ ਦਿੰਦਾ, ਪੈਂਡੇ ਦੀ ਅਸਲੀਅਤ ਤੋਂ ਦੂਰ ਕਰ ਦਿੰਦਾ। ਸ਼ੋਹਰਤ ਦੀ ਲੋਰ 'ਚ ਆਇਆ ਸਾਧ ਨਹੀਂ ਮਾਣ, ਉਹ ਤਾਂ ਫੇਰ ਸ਼ਾਇਰ ਅਮਿਤੋਜ ਸੀ।

ਰਾਤ ਦਿਨ ਸ਼ੋਹਰਤ ਦੀਆਂ ਚੋਟੀਆਂ ਚੜ੍ਹਦਾ ਅਮਿਤੋਜ ਦਾਰੂ ਤੇ ਫਰਸਟੇਸ਼ਨ ਦਾ ਗੰਭੀਰ ਸ਼ਿਕਾਰ ਹੋ ਗਿਆ। ਇਕ ਦਿਨ ਕਿਸੇ ਨੇ ਦੱਸਿਆ- ਅਮਿਤੋਜ ਦੇ ਫੇਫੜੇ ਗਏ। ਹਸਪਤਾਲ ਭਰਤੀ ਹੋ ਗਿਆ ਅਮਿਤੋਜ। 'ਕੱਚ ਦੀਆਂ ਮੁੰਦਰਾਂ' ਦੀ ਲਿਸ਼ਕ ਬੀਮਾਰ ਅਮਿਤੋਜ ਦੇ ਹੰਝੂਆਂ 'ਚੋਂ ਝਰਨ ਲੱਗੀ। ਸਾਰੇ ਡਾਕਟਰ ਨਰਸਾਂ ਵਾਕਫ਼ ਸਨ ਪਰ ਵਾਕਫੀਅਤ ਬੀਮਾਰੀ ਨਾਲੋਂ ਵੱਡੀ ਨਹੀਂ ਹੁੰਦੀ। ਅਮਿਤੋਜ ਨੂੰ ਲੋਕ ਹਸਪਤਾਲ ਵੀ ਮਿਲਣ ਜਾਂਦੇ। ਹਸਪਤਾਲ ਈ ਅਮਿਤੋਜ ਦਾ ਘਰ ਬਣ ਗਿਆ। ਅਜੀਬ ਖਬਰਾਂ ਆਉਣ ਲੱਗ ਪਈਆਂ। ਅਮਿਤੋਜ ਨੇ ਕਿਸੇ ਨਰਸ ਨੂੰ ਕੁਝ ਬੁਰਾ ਭਲਾ ਕਹਿ ਦਿੱਤਾ। ਅਮਿਤੋਜ ਹਸਪਤਾਲ 'ਚੋਂ ਦੌੜ ਗਿਆ। ਅਮਿਤੋਜ।ਅਮਿਤੋਜ !! ਤੇ ਅਮਿਤੋਜ ਦੇ ਨਿੱਤ ਨਵੇਂ ਕਿੱਸੇ ਜੁੜਨੇ ਸ਼ੁਰੂ ਹੋ ਗਏ। ਕਿੱਸੇ ਜੋੜਨ ਵਲਿਆਂ ਦੀਆਂ ਮੌਜਾਂ ਬਣ ਗਈਆਂ।

ਫੇਰ ਖਬਰ ਆਈ ਅਮਿਤੋਜ ਨੂੰ ਹਸਪਤਾਲੋਂ ਛੁੱਟੀ ਮਿਲ ਗਈ। ਅਮਿਤੋਜ ਠੀਕ ਹੋ ਗਿਆ। ਪਰ ਅਮਿਤੋਜ ਫੇਰ ਦਾਰੂ ਪੀਣ ਲੱਗ ਪਿਆ। ਪਹਿਲਾਂ ਨਾਲੋਂ ਵੀ ਵੱਧ। ਫੇਫੜੇ ਵਿਚਾਰੇ ਕੀ ਕਰਨ? ਅਮਿਤੋਜ ਦੀਆਂ ਅੰਦਰੂਨੀ ਤੈਹਾਂ ਹੋਰ ਛਾਨਣੀ ਹੋਣ ਲੱਗ ਪਈਆਂ। ਛਾਨਣੀ ਹੋ ਰਹੀਆਂ ਤੈਹਾਂ 'ਚੋਂ ਅਮਿਤੋਜ ਦਾ ਚਿਹਰਾ ਭੈਭੀਤ ਦਿਸਣ ਲੱਗ ਪਿਆ। ਖਬਰ ਆਈ ਅਮਿਤੋਜ ਨੇ ਐਕਟਰ ਕੁੜੀ ਦਾ ਘਰ ਛੱਡ ਦਿੱਤਾ। ਖਬਰਨੀ ਐਕਟਰ ਕੁੜੀ ਨੇ ਉਹਨੂੰ ਘਰੋਂ ਕੱਢ ਦਿੱਤਾ। ਉਸਦੇ ਮੁੰਡੇ ਨੇ ਅਮਿਤੋਜ ਨੂੰ ਪਾਪਾ ਕਹਿਣ 'ਤੇ ਕਾਟਾ ਮਾਰ ਦਿੱਤਾ।

ਅਮਿਤੋਜ ਦੀਆਂ ਦੋਸਤੀਆਂ, ਮੁਹੱਬਤਾਂ ਦੇ ਕਿੱਸੇ ਵੀ ਉਹਦੇ ਵਾਂਗ ਹੀ ਉੱਖੜੇ ਹੋਏ ਨੇ। ਮਨਜੀਤ ਟੀਵਾਣਾ 'ਤੇ ਮੈਂ ਟੀਵੀ ਫਿਲਮ ਬਣਾਈ। ਸੁਖਨਾ ਝੀਲ ਦੇ ਕਿਨਾਰੇ ਮੈਂ ਉਸਦੇ ਵੱਖ ਵੱਖ ਲੋਕੇਸ਼ਨਜ਼ 'ਤੇ ਸ਼ਾਟ ਲਏ। ਇਕ ਰੁੱਖ ਕੋਲ ਖਲੋ ਕੇ ਕਵਿਤਾ ਪੜ੍ਹਨ ਲਈ ਕਿਹਾ। ਮਨਜੀਤ ਟਿਵਾਣਾ ਗੱਲ ਗੱਲ 'ਤੇ ਅਮਿਤੋਜ ਅਮਿਤੋਜ ਕਰੀ ਜਾਵੇ।। ਏਥੇ ਅਸੀਂ ਆਹ ਕੀਤਾ ਐਥੇ ਅਸੀ ਔਹ ਕੀਤਾ। ਮੈਂ ਰੀਕਾਰਡਿੰਗ ਬੰਦ ਕਰਵਾ ਦਿੱਤੀ। ਮੈਂ ਕਿਹਾ ਪਹਿਲਾਂ ਅਮਿਤੋਜ ਦਾ ਨਾਂ ਜਪ ਲਓ ਚੰਗੀ ਤਰ੍ਹਾਂ। ਉਦਾਸ ਹੋ ਗਈ ਮਨਜੀਤ। ਮੱਥੇ ਤਿਓੜੀ ਪਾ ਲਈ। ਮੈਂ ਕਿਹਾ- ਜਾਂ ਤਾਂ ਬੋਲ ਆਪਣੇ ਇਸ਼ਕ ਬਾਰੇ ਖੁਲ੍ਹ ਕੇ। ਮਨਜੀਤ ਕਹਿੰਦੀ ਮੈਂ ਉਹਨੂੰ ਕਿਹਾ ਸੀ- ਅਮਿਤੋਜ, ਹੁਣ ਮੈਂ ਤੜਪਦੀ ਆਂ ਤੇਰੇ ਲਈ, ਫੇਰ ਤੂੰ ਮੈਨੂੰ ਲਭਦਾ ਫਿਰੇਂਗਾ। ਕਹਿੰਦਾ-ਮੈਂ ਆਪਣੇ ਭੈਣ ਭਰਾਵਾਂ ਨੂੰ ਅਨਾਥ ਕਰਨਾ ਤੇਰੇ ਨਾਲ ਰਹਿ ਕੇ'।

-ਮੈਂ ਆਪਣੇ ਭਰਾ ਦੇ ਪੈਸੇ ਚੋਰੀ ਕਰ ਕੇ ਉਹਦੇ ਲਈ ਸ਼ਰਾਬ ਲੈ ਕੇ ਆਉਂਦੀ ਰਹੀ। ਹੁਣ ਮੇਰਾ ਜੀਅ ਨਹੀਂ ਕਰਦਾ ਉਹਦੇ ਬਾਰੇ ਕੁਝ ਕਹਿਣ ਨੂੰ'।

ਤੇ ਫੇਰ ਧਮਾਕਾ। ਖਬਰ ਆਈ ਅਮਿਤੋਜ ਦਾ ਵਿਆਹ ਹੋ ਗਿਆ। ਰਾਤੋ ਰਾਤ। ਬੜਾ ਖੁਫੀਆ ਵਿਆਹ ਸੀ। ਕੁੜੀ ਅਮਿਤੋਜ ਦੀ ਵਾਕਫ ਸੀ। ਵਾਕਫੀ ਵਖਤ 'ਚ ਤਬਦੀਲ ਹੋ

ਗਈ। ਵਿਆਹ ਦਾ ਵਖਤ ਆ ਗਿਆ। ਵਿਆਹ ਕਰਵਾਉਣਾ ਪਿਆ ਅਮਿਤੋਜ ਨੂੰ। ਸਨਸਨੀ ਖੇਜ਼ ਅਰਧ-ਖੁਫੀਆ ਵਿਆਹ ਹੋਇਆ। ਅਮਿਤੋਜ ਦਾ ਘਰ ਵਸ ਗਿਆ। ਇਹ ਘਰ ਜਲੰਧਰ ਦੂਰਦਰਸ਼ਨ ਦੀ ਦੂਰਦਰਸ਼ਨ ਇਨਕਲੇਵ 'ਚ ਅਮਿਤੋਜ ਨੇ ਕੁਆਰੇ ਹੁੰਦਿਆਂ ਆਪ ਬਣਵਾਇਆ। ਘਰ ਵਾਲੀ ਨੇ ਘਰ ਸਾਂਭ ਲਿਆ। ਮੈਨੂੰ ਇਕ ਦਿਨ ਅਮਿਤੋਜ ਦੀ ਘਰ ਵਾਲੀ ਬਾਜ਼ਾਰ 'ਚੋਂ ਲੰਘਦਿਆਂ ਕਿਸੇ ਨੇ ਦਿਖਾਈ।

-ਅਰੇ! ਇਹ!' ਮੇਰਾ ਮੂੰਹ ਟੱਡਿਆ ਰਹਿ ਗਿਆ।

ਇਹ ਅੰਮ੍ਰਿਤ ਮਾਨ ਸੀ। ਮਿਸਿਜ਼ ਅਮਿਤੋਜ। ਮੇਰੀਆਂ ਕਵਿਤਾਵਾਂ ਦੀ ਫੈਨ। ਪੰਜਾਬ ਯੂਨੀਵਰਸਿਟੀ ਤੋਂ ਮੈਨੂੰ ਇਕ ਵਾਰ ਟੀਵੀ 'ਤੇ ਮਿਲਣ ਵੀ ਆਈ। ਫੇਰ ਪਤਾ ਲੱਗਾ ਅੰਮ੍ਰਿਤ ਮਾਨ ਸੁਰੀਲੀ ਗਾਇਕਾ ਵੀ ਸੀ। ਫੇਰ ਖਬਰ ਆਈ ਅਮਿਤੋਜ ਦੇ ਘਰ ਧੀ ਨੇ ਜਨਮ ਲਿਆ। 'ਕੱਚ ਦੀਆਂ ਮੁੰਦਰਾਂ' 'ਚ ਧੀ ਆਣ ਮੁਸਕਾਈ। ਨਾਂ ਰੱਖਿਆ-ਲੋਰੀ। ਫੇਰ ਪਰਮਾਤਮਾ ਨੇ ਕਾਕਾ ਬਖ਼ਸ਼ ਦੱਤਾ। ਅਮਿਤੋਜ ਦਾ ਫੁਹਾਰਾ- ਹਾਸਾ ਪਰਿਵਾਰਕ ਜਿਹਾ ਹੋ ਗਿਆ। ਅਮਿਤੋਜ ਦੀ ਦਾਰੂ ਹੋਰ ਭਖਵੀਂ ਹੋ ਗਈ। ਫਰਸਟਰੇਸ਼ਨ ਦੀ ਤਹਿ ਤੇ ਤਹਿ ਚੜ੍ਹਦੀ ਗਈ। ਅਮਿਤੋਜ ਫੇਰ ਬੀਮਾਰ ਪੈ ਗਿਆ। 'ਕੱਚ ਦੀਆਂ ਮੁੰਦਰਾਂ' ਬੀਮਾਰ ਪੈ ਗਈਆਂ। ਮੀਡੀਆ ਚੌੜੇ ਮੂੰਹ ਵਾਲਾ ਸ਼ੇਰ। ਮੀਡੀਏ ਦਾ ਭੁੱਖਾ ਸ਼ੇਰ ਇਕ ਦਿਨ ਕਲਾਕਾਰ ਨੂੰ ਨਿਗਲ ਜਾਂਦਾ। ਮੀਡੀਏ ਦੇ ਸ਼ੇਰ ਨੇ ਅਮਿਤੋਜ ਨੂੰ ਨਿਗਲਣਾ ਸ਼ੁਰੂ ਕਰ ਦਿੱਤਾ। ਅਮਿਤੋਜ ਤਾਂ ਬਚਪਨ ਤੋਂ ਈ ਨਿਗਲਿਆ ਜਾ ਰਿਹਾ ਸੀ। ਜੰਮਦੇ ਸਾਰ ਨਾਲ ਭੁੱਖਾ ਸ਼ੇਰ ਬੈਠਾ ਸੀ। ਨਾਨੇ ਦੀ ਜਾਇਦਾਦ ਨੇ ਅਮਿਤੋਜ ਦੇ ਖਾਲੀ ਕਾਗ਼ਜ਼ ਭਰ ਦਿੱਤੇ। ਕਚਿਹਰੀ ਦੇ ਕਾਗ਼ਜ਼ਾਂ 'ਚ ਅਮਿਤੋਜ ਦੇ ਨਾਂ ਪੈਲ਼ੀ ਬੋਲਣ ਲੱਗੀ। ਜ਼ਰ ਜੋਰੂ ਜ਼ਮੀਨ ਨੇ ਅਮਿਤੋਜ ਨੂੰ ਕੁੰਡਲੀ ਮਾਰ ਲਈ।ਅਮਿਤੋਜ ਦੀਆਂ ਰਗਾਂ ਫੁੱਲਣ ਲੱਗ ਪਈਆਂ। ਅਮਿਤੋਜ ਡਰੇ ਹੋਏ ਅਪਰਾਧੀ ਵਾਂਗ ਦੂਰਦਰਸ਼ਨ ਦੇ ਗਲਿਆਰਿਆਂ 'ਚ ਘੁੰਮਣ ਲੱਗਾ। ਹੌਲ਼ੀ ਹੌਲ਼ੀ ਅਮਿਤੋਜ ਤੋਂ ਡਰ ਆਉਣ ਲੱਗ ਪਿਆ। ਜਿਸ ਅਮਿਤੋਜ ਨੂੰ ਦੇਖ ਕੇ ਦਿਲ ਕਹਿੰਦਾ ਸੀ 'ਗੱਭਰੂ ਪੰਜਾਬ ਦਾ', ਉਸ ਅਮਿਤੋਜ ਨੂੰ ਦੇਖ ਕੇ ਦਿਲ ਸੋਚਣ ਲੱਗ ਪਿਆ 'ਇਹਨੂੰ ਕੀ ਹੋ ਗਿਆ?' ਇਹ ਤਾਂ ਅਮਿਤੋਜ ਆਪ ਵੀ ਸੋਚਣ ਲੱਗ ਪਿਆ ਸੀ -ਮੈਨੂੰ ਕੀ ਹੋ ਗਿਆ?

ਅਮਿਤੋਜ ਦੀ ਕਿਤਾਬ ਉਹਦੇ ਜੀਂਦੇ ਜੀ ਨਾ ਛਪ ਸਕੀ। ਚੰਗਾ ਹੋਇਆ। ਜੇ ਛਪ ਜਾਂਦੀ ਤਾਂ ਪੰਜਾਬੀ ਦੇ ਆਲੋਚਕਾਂ-ਪ੍ਰਧਾਨਾਂ-ਸਕੱਤਰਾਂ ਨੇ ਚੱਕ ਚਕਾ ਕੇ ਉਹਨੂੰ ਰੀਲੀਜ਼ ਸਮਾਗਮ ਵਿਚ ਲਿਆ ਖੜ੍ਹਾ ਕਰਨਾ ਸੀ। ਤੇ ਫੇਰ ਤਾੜੀਆਂ ਦੀ ਗੂੰਜ 'ਚ ਅਮਿਤੋਜ ਨੇ ਕਹਿਣਾ ਸੀ ਅਰਜ਼ ਕੀਤਾ ਹੈ, ਫਰਜ਼ ਕੀਤਾ ਹੈ।

ਪੰਜਾਬੀ ਵਾਲਿਆਂ ਨੇ ਇਕ ਹੋਰ ਕੰਮ ਬੜਾ ਪੁਖਤਗੀ ਤੇ ਮਾਹਰਨਾ ਤਰੀਕੇ ਨਾਲ ਕਰਨਾ ਸਿਖਿਆ ਹੈ। ਕਿਤਾਬ ਰੀਲੀਜ਼ ਸਮਾਰੋਹ। ਪੰਜ-ਸੱਤ ਪਤਵੰਤੇ ਰੀਲੀਜ਼ ਹੋਣ ਜਾ ਰਹੀ ਕਿਤਾਬ ਨੂੰ ਹੱਥਾਂ 'ਚ ਇਉਂ ਫੜ ਕੇ ਖਲੋ ਜਾਂਦੇ ਨੇ ਜਿਵੇਂ ਅਨਾਥ-ਆਸ਼ਰਮ ਦਾ ਕੋਈ ਮੰਗਤਾ ਬੱਸ ਜਾਂ ਗੱਡੀ ਵਿਚ ਸਵਰੀਆਂ ਸਾਹਮਣੇ ਆਪਣੇ ਅਨਾਥ ਹੋਣ ਦਾ ਸਰਟਿਫਕੇਟ ਫੜ ਕੇ ਖਲੋਤਾ ਹੋਵੇ। ਕਿਸੇ ਰੀਲੀਜ਼ ਸਮਾਗਮ ਦੀ ਫੋਟੋ ਧਿਆਨ ਨਾਲ ਦੇਖੋ, ਉਹਦੇ ਵਿਚ ਤੁਹਾਨੂੰ ਅਕਸਰ ਪ੍ਰੋਫੈਸ਼ਨਲ ਰੀਲੀਜ਼ਏ ਕਿਤਾਬ ਫੜੀ ਖਲੋਤੇ ਮਿਲ ਜਾਣਗੇ। ਕਿਸੇ ਨੇ ਕਿਤਾਬ ਆਪਣੇ ਬੇਤੁਕੇ ਢਿੱਡ 'ਤੇ ਟਕਾਈ ਹੁੰਦੀ, ਕਿਸੇ ਨੇ ਆਪਣੇ ਕੰਬਦੇ ਹੱਥਾਂ 'ਚ ਫੜੀ ਹੁੰਦੀ, ਕਈ ਫੋਟੂ 'ਚ ਆਉਣ ਵਾਸਤੇ ਇਕੋ ਕਿਤਾਬ ਨੂੰ ਹੱਥ ਪਾਈ ਖੜ੍ਹੇ ਹੁੰਦੇ, ਕਈਆਂ ਨੇ ਕਿਤਾਬ ਰੀਲੀਜ਼ ਕਰਨ ਵਾਲੇ ਮੁੱਖ ਮਹਿਮਾਨ ਦੀ ਕੂਹਣੀ ਨੂੰ ਈ ਫੜਿਆ ਹੁੰਦਾ, ਕਿਸੇ ਨੇ ਸਿਰਫ ਇਕ ਉਂਗਲ ਹੀ ਕਿਤਾਬ ਦੇ ਇਕ ਕੋਨੇ ਰੱਖੀ ਹੁੰਦੀ। ਕਿਤਾਬ ਦੀ ਧੂਆ-ਘੜੀਸੀ 'ਚ ਕੈਮਰੇ ਕਲਿਕ ਹੋਈ ਜਾਂਦੇ। ਜਿੱਥੇ ਜੀਹਦਾ ਦਿਲ ਕਰਦਾ

ਕਿਤਾਬ ਰੀਲੀਜ਼ ਹੋ ਜਾਂਦੀ, ਬਾਥ ਰੂਮ ਦੇ ਸਾਹਮਣੇ, ਵਿਹੜੇ ਚ, ਥੜ੍ਹੇ ਉੱਤੇ, ਪਿੱਪਲ ਹੇਠ, ਵਕਤ-ਬੇਵਕਤ ਕਿਤਾਬ ਗਲੀਜ਼ ਹੋਈ ਜਾਂਦੀ। ਫੋਟੋ ਹੇਠ ਲਿਖਿਆ ਹੁੰਦਾ-ਕਿਤਾਬ ਮਾਮਾ ਜੀ ਨੂੰ ਦਿੰਦਿਆਂ, ਕਿਤਾਬ ਮੰਤਰੀ ਜੀ ਨੂੰ ਦਿੰਦਿਆਂ। ਮੁਫਤੋ-ਮੁਫਤ ਕਿਤਾਬ ਵੰਡੀ ਜਾਂਦੀ। ਰਿਸ਼ਤੇਦਾਰਾਂ, ਦੋਸਤਾਂ ਦੇ ਘਰ ਮੱਲੋਜ਼ੋਰੀ ਦੇਸਾਂ-ਬਦੇਸਾਂ ਤੋਂ ਬੰਡਲਾਂ ਦੇ ਬੰਡਲ ਠਾਹ ਠਾਹ ਡਿੱਗਦੇ। ਕੋਈ ਖੋਲ੍ਹਦਾ ਵੀ ਨਾ ਇਹਨਾਂ ਗੱਤਿਆਂ ਨੂੰ। ਤੇ ਅਗਲੇ ਮਹੀਨੇ ਕਿਤਾਬ ਦਾ ਦੂਜਾ-ਤੀਜਾ-ਚੌਥਾ ਅਡੀਸ਼ਨ ਆ ਜਾਂਦਾ। ਤੇ ਅਗਲੇਰੇ ਮਹੀਨੇ ਕਿਤਾਬ 'ਸ਼ਾਹਮੁਖੀ' ਹੋ ਜਾਂਦੀ। ਜੱਥਾ ਲਹੌਰ ਪਹੁੰਚ ਜਾਂਦਾ। ਲੇਖਕ ਸਾਹੋ-ਸਾਹੀ ਹੋ ਜਾਂਦਾ। ਸਾਹੋ-ਸਾਹੀ ਹੋਏ ਲੇਖਕ 'ਤੇ ਲੋਕਲ-ਇਨਾਮ ਦਾਗ ਦਿੱਤਾ ਜਾਂਦਾ। ਲੇਖਕ ਮੂਰਛਤ-ਲਕਸ਼ਮਣ ਵਾਂਗ ਗਿਰ ਜਾਂਦਾ। ਹਨੂਮਾਨ ਹੱਸਣ ਲੱਗ ਜਾਂਦੇ। ਅਮਿਤੋਜ ਦੀ ਇਹ ਹਾਲਤ ਉਸਤੋਂ ਵੇਖੀ ਨਹੀਂ ਸੀ ਜਾਣੀ। ਸੋ 'ਖਾਲੀ ਤਰਕਸ਼' ਮਰਨ-ਉਪਰਾਂਤ ਛਪੀ।

ਆਖਰ, ਸੱਤ ਪੱਤਣਾਂ ਦਾ ਤਾਰੂ ਅਮਿਤੋਜ ਆਖਰੀ ਕਿਨਾਰੇ ਕੋਲ਼ ਪਹੁੰਚ ਗਿਆ। ਸ਼ਾਇਦ ਉਸਦੀਆਂ ਉਡਾਰੂ ਤਾਰੀਆਂ ਇਸੇ ਕਿਨਾਰੇ ਨੂੰ ਫੜਨ ਲਈ ਕਾਹਲ਼ੀਆਂ ਸਨ। ਜਦੋਂ ਉਹ ਗਲ਼ ਗਲ਼ ਡੁੱਬਿਆ ਹਾਲਾਤ ਦੇ ਹੜ੍ਹ 'ਚੋਂ ਬਾਹਰ ਆਉਣ ਲਈ ਹੱਥ-ਪੈਰ ਮਾਰਦਾ ਕਿਨਾਰੇ 'ਤੇ ਸੈਰ ਕਰਦੇ ਲੋਕਾਂ ਨੂੰ ਹਾਕਾਂ ਮਾਰਨ ਲੱਗ ਪਿਆ ਤਾਂ ਇਕ ਟਿਕੀ ਰਾਤੇ ਮੈਨੂੰ ਹੱਸਦੇ ਅਮਿਤੋਜ ਦਾ ਹਉਕਾ ਆਣ ਚੰਮੜਿਆ। ਮੈਂ ਸਵੇਰੇ ਦੂਰਦਰਸ਼ਨ ਦਫਤਰ ਪੁੱਜਦੇ ਈ ਅਮਿਤੋਜ ਦੀ ਰੀਕਾਰਡਿੰਗ ਲਈ ਪ੍ਰਪੋਜ਼ਲ ਤਿਆਰ ਕੀਤਾ। ਦੋ-ਤਿੰਨ ਰਾਤਾਂ ਜਾਗ ਕੇ ਕਾਨਸੈਪਟ ਤਿਆਰ ਕੀਤਾ। ਰੀਕਾਰਡਿੰਗ ਲਈ ਡੇਟ ਨਿਸਚਿਤ ਕੀਤੀ ਤਾਂ ਪਤਾ ਲੱਗਾ ਅਮਿਤੋਜ ਕੈਦ ਵਿਚ ਹੈ। ਜ਼ੇਲਰ ਦੀ ਇਜਾਜ਼ਤ ਚਾਹੀਦੀ। ਅਮਿਤੋਜ ਰੀਕਾਰਡਿੰਗ ਕਰਾਉਣ ਦੀ ਹਾਲਤ ਵਿਚ ਨਹੀਂ। ਕਿਸੇ ਨੇ ਕਿਹਾ-ਹੁਣ ਉਹਦਾ ਕੀ ਰੀਕਾਰਡ ਕਰਨਾ? ਕਿਸੇ ਨੇ ਕਿਹਾ-ਦਾਰੂ ਬਿਨਾਂ ਉਹ ਬੋਲ ਨਹੀਂ ਸਕਦਾ, ਦਾਰੂ ਉਹਦੀ ਘਰ ਵਾਲੀ ਪੀਣ ਨਹੀਂ ਦਿੰਦੀ। ਕੋਈ ਕੁਝ ਕੋਈ ਕੁਝ।

ਇਕ ਰਾਹ ਕੱਢਿਆ-ਅੰਮ੍ਰਿਤ ਮਾਨ। ਯਾਨੀ ਅਮਿਤੋਜ ਦੀ ਘਰ ਵਾਲੀ। ਯਾਨੀ ਮੇਰੀਆਂ ਕਵਿਤਾਵਾਂ ਦੀ ਫੈਨ, ਮੇਰੀ ਪੁਰਾਣੀ ਵਾਕਫ਼। ਫੋਨ ਕੀਤਾ। ਅਮ੍ਰਿਤ ਮਾਨ ਕਹਿੰਦੀ- ਤੁਹਾਨੂੰ ਸਾਡਾ ਖਿਆਲ ਕਿਵੇਂ ਆ ਗਿਆ। ਮੈਂ ਮਕਸਦ ਦੱਸਿਆ। ਕਹਿੰਦੀ-ਨਹੀਂ। ਪਾਸੀਬਲ ਨਹੀਂ। ਫੇਰ ਉਹ ਮੇਰੇ ਕੋਲ ਦੂਰਦਰਸ਼ਨ ਆਏ। ਦਰਅਸਲ ਅੰਮ੍ਰਿਤ ਮਾਨ ਆਪ ਗਾਇਕਾ ਬਣਨਾ ਚਾਹੁੰਦੀ ਸੀ। ਉਸਦੀ ਕੈਸਟ ਆ ਚੁੱਕੀ ਸੀ। ਉਸਨੇ ਸ਼ਰਤ ਰੱਖੀ-ਮੇਰਾ ਗਾਣਾ ਰੀਕਾਰਡ ਕਰਵਾ ਦਿਓ। ਮੈਂ ਅਮਿਤੋਜ ਨੂੰ ਮਨਾ ਲਵਾਂਗੀ।

ਫੈਸਲੇ ਮੁਤਾਬਿਕ ਰੀਕਾਰਡਿੰਗ ਤੈਅ ਹੋਈ। ਕੈਮਰਾ ਟੀਮ ਅਮਿਤੋਜ ਦੇ ਬੂਹੇ ਜਾ ਖਲੋਤੀ।

ਘੰਟੀ ਮਾਰੀ। ਗੇਟ ਖੁੱਲ੍ਹਾ। ਅੰਮ੍ਰਿਤ ਮਾਨ। ਅਮਿਤੋਜ ਦੀ ਘਰ ਵਾਲੀ।

ਸਾਸਰੀ ਕਾਲ।

ਮੂੰਹ 'ਤੇ ਉਂਗਲ ਰੱਖ ਕੇ ਚੁੱਪ ਰਹਿਣ ਦਾ ਇਸ਼ਾਰਾ ਕੀਤਾ।

ਮੇਰੇ ਕੰਨ 'ਚ ਕਿਹਾ- ਰੌਲ਼ਾ ਨਾ ਪਾਇਓ ਜ਼ਿਆਦਾ। ਅਮਿਤੋਜ ਕਹਿੰਦਾ ਮੈਂ ਨਹੀਂ ਰੀਕਾਰਡਿੰਗ ਕਰਾਉਣੀ। ਤੁਸੀਂ ਬੈਠੋ ਮੈਂ ਮਨਾਉਂਦੀ ਆਂ ਕਿਸੇ ਤਰ੍ਹਾਂ'।

ਅਸੀਂ ਬਾਹਰ ਈ ਖਲੋਤੇ ਸਾਂ ਗੇਟ 'ਤੇ।

-ਨਹੀਂ ਕਰਾਉਣੀ ਮੈਂ ਰੀਕਾਰਡਿੰਗ। ਸੁਣਿਆ ਨਹੀਂ ਇਕ ਵਾਰੀ?' ਅਮਿਤੋਜ ਦੀ ਭਾਰੀ ਆਵਾਜ਼ ਸਾਡੇ ਤਕ ਪੁੱਜੀ।

ਮੈਂ ਕੈਮਰਾ ਮੈਨ ਨੂੰ ਚੁੱਪ ਚਾਪ ਕੈਮਰਾ ਆਨ ਕਰਨ ਲਈ ਕਿਹਾ। ਬਾਕੀ ਟੀਮ ਨੂੰ ਚੁੱਪ ਰਹਿਣ ਲਈ ਕਿਹਾ।

ਮਲਕੜੇ ਜਿਹੇ ਗੇਟ ਮੈਂ ਖੋਲ੍ਹਿਆ। ਕੈਮਰਾ ਮੈਨ ਸ਼ੋਲਡਰ ਸ਼ਾਟ ਲੈ ਰਿਹਾ ਸੀ। ਅੰਦਰੋਂ ਦਰਵਾਜ਼ਾ ਖੁੱਲ੍ਹਾ। ਅਮਿਤੋਜ ਦਿਸਿਆ।

ਕੁੱਤੇ ਸਾਲ਼ੇ। ਦਫ਼ਾ ਹੋ ਜਾਓ। ਗੈੱਟ ਆਉਟ ਫਰਾਮ ਮਾਈ ਹੋਮ'। ਅਮਿਤੋਜ ਸਾਨੂੰ ਪੈ ਨਿਕਲਿਆ।

ਓ ਚਲ ਭਾਈ ਨਹੀਂ ਕਰਦੇ ਰੀਕਾਰਡਿੰਗ, ਮਿਲ ਤਾਂ ਲੈ ਸਾਨੂੰ'। ਮੈਂ ਗੱਲ ਟਾਲਣ ਲਈ ਕਿਹਾ। ਕੈਮਰਾ ਮੈਨ ਨੂੰ ਰੀਕਾਰਡਿੰਗ ਜਾਰੀ ਰੱਖਣ ਲਈ ਕਿਹਾ ਹੋਇਆ ਸੀ। ਅਮਿਤੋਜ ਟੀਵੀ ਦੀਆਂ ਤਕਨੀਕਾਂ ਤੋਂ ਜਾਣੂੰ ਸੀ। ਕੈਮਰੇ ਦੀ ਟੈਲੀ ਲਾਈਟ ਆਨ ਦੇਖ ਕੇ ਭਬਕ ਉੱਠਿਆ।

ਤੁਸੀਂ ਮੈਨੂੰ ਚੂਤੀਆ ਸਮਝਦੇ ਓ। ਕੁੱਤੇ ਸਾਲ਼ੇ। ਦਫਾ ਹੋ ਜਾਓ ਏਥੋਂ, 'ਗੈਟ ਆਓਟ'।

ਤੇ ਕਈ ਕੁਝ ਹੋਰ ਚੰਗਾ ਗਾਹੜਾ ਬੋਲਿਆ। ਏਥੇ ਲਿਖਣਾ ਔਖਾ।

ਅਮਿਤੋਜ ਨੂੰ ਸਾਹ ਚੜ੍ਹ ਗਿਆ। ਬੀਵੀ ਨੇ ਹਫੇ ਅਮਿਤੋਜ ਨੂੰ ਸੋਫੇ 'ਤੇ ਬਿਠਾਇਆ। ਸਮਝਾਇਆ। ਪਾਣੀ ਪਿਲਾਇਆ। ਪਾਗਲਪਣ ਦਾ ਦੌਰਾ ਠੰਡਾ ਹੋਇਆ।

-ਕੈਮਰਾ ਬੰਦ ਕਰੋ ਪਹਿਲਾਂ'। ਮੇਰੇ ਵੱਲ ਦੇਖ ਕੇ ਅਮਿਤੋਜ ਨੇ ਕਿਹਾ।

ਮੈਂ ਕੈਮਰਾ ਮੈਨ ਨੂੰ ਕੈਮਰਾ ਆਫ ਕਰਨ ਦਾ ਇਸ਼ਾਰਾ ਕੀਤਾ।

ਅਮਿਤੋਜ ਨੇ ਕੈਮਰੇ ਵੱਲ ਮੂੰਹ ਚੱਕ ਕੇ ਦੇਖਿਆ। ਉਸਦੀ ਇਕ ਅੱਖ ਕਾਣੀ ਹੋ ਚੁੱਕੀ ਸੀ।

ਮੈਂ ਅਮਿਤੋਜ ਨੂੰ ਕੋਈ ਦੋ ਸਾਲਾਂ ਬਾਅਦ ਦੇਖਿਆ ਸੀ।

-ਇਹ ਅਮਿਤੋਜ ਐ?' ਮੇਰੇ ਅੰਦਰੋਂ ਡਰਿਆ ਬੰਦਾ ਬੋਲਿਆ।

ਇਕ ਅੱਖ ਬਿਲਕੁਲ ਬੰਦ ਹੋ ਚੁੱਕੀ ਸੀ। ਮੂੰਹ ਪਿਚਕਿਆ ਪਿਆ ਸੀ। ਇਕ ਦੰਦ ਟੁੱਟਾ ਹੋਇਆ। ਵਾਲ਼ ਤੇਲ ਨਾਲ ਚੋਪੜੇ ਹੋਏ ਜਿਵੇਂ ਕਿਸੇ ਨਿਆਣੇ ਨੂੰ ਸਕੂਲ ਜਾਣ ਲਈ ਤਿਆਰ ਕੀਤਾ ਹੋਵੇ। ਕਮੀਜ਼ ਪੈਂਟ ਕੱਸੀ ਹੋਈ। ਜਾਹਲੀ ਅਮਿਤੋਜ। ਸ਼ੂਟਿੰਗ ਲਈ ਤਿਆਰ ਕੀਤਾ ਹੋਇਆ।

ਮੈਂ ਸੋਫੇ 'ਤੇ ਉਹਦੇ ਨਾਲ ਬੈਠ ਗਿਆ। ਅੰਮ੍ਰਿਤ ਮਾਨ ਮੁਸਕਰਾਈ। ਮੈਂ ਅਮਿਤੋਜ ਦਾ ਕੰਬਦਾ ਹੱਥ ਆਪਣੇ ਹੱਥਾਂ 'ਚ ਲੈ ਲਿਆ। ਉਹਦੀ ਕਾਣੀ ਅੱਖ 'ਚੋਂ ਹੰਝੂ ਵਹਿ ਤੁਰੇ। ਮੈਂ ਉਸਨੂੰ ਮੋਢੇ ਨਾਲ ਲਾ ਲਿਆ। ਮੇਰੇ ਮੋਢੇ ਤੋਂ ਸਿਰ ਚੁੱਕ ਕੇ ਆਪਣੀ ਕਾਣੀ ਅੱਖ ਵੱਲ ਉਂਗਲ ਕਰਕੇ ਕਹਿੰਦਾ- ਯਾਰ! ਇਹ ਚਿਹਰਾ ਹੁਣ ਦਰਸ਼ਕਾਂ ਨੂੰ ਦਿਖਾਉਣ ਵਾਲਾ?' ਮੇਰੀ ਭੁਬਕ ਨਿਕਲੀ। ਮੈਂ ਆਪਣੇ ਹੰਝੂ ਲੁਕੋਂਦਾ ਹੱਸ ਪਿਆ- ਤੂੰ ਅਜੇ ਵੀ ਓਨਾ ਈ ਸਮਾਰਟ ਐਂ। ਲੋਕ ਤੇਰੇ ਦੀਵਾਨੇ ਆ। ਤੈਨੂੰ ਦੇਖਣ ਲਈ ਤਰਸਦੇ ਆ।

-ਝੂਠ, ਬਕਵਾਸ ਕਰਦਾ ਤੂੰ!'

ਮੈ ਫੇਰ ਹੱਸਿਆ। ਸਾਰੇ ਹੱਸ ਪਏ। ਕੈਮਰਾ ਟੀਮ ਵੀ। ਉਹਦੀ ਬੀਵੀ ਵੀ। ਉਹਦੀ ਨਿੱਕੀ ਜਹੀ ਧੀ ਵੀ। ਅਮਿਤੋਜ ਆਪ ਵੀ।

ਮੈਂ ਪਿਆਰ ਨਾਲ ਕਿਹਾ-ਯਾਰ ਇਕ ਇੰਟਰਵਿਊ ਕਰਦੇ ਆਂ। ਤੇਰੇ ਨਾਲ ਤੇਰੀ ਸ਼ਾਇਰੀ ਬਾਰੇ ਗੱਲਾਂ ਕਰਨੀਆਂ ਬੱਸ। ਆਪਾਂ ਲੋਕਾਂ ਬਾਰੇ ਪ੍ਰੋਗਰਾਮ ਬਣਾਉਣ ਦਾ ਠੇਕਾ ਲਿਆ ਹੋਇਆ? ਆਪਣੇ ਬਾਰੇ ਵੀ ਗੱਲਾਂ ਕਰੀਏ'। ਸੌ ਲੋਲੋ ਪੋਪੋ ਕਰ ਕੇ ਅਮਿਤੋਜ ਰੀਕਾਰਡਿੰਗ ਦੇ ਲਾਗੇ ਕੀਤਾ।

ਮੇਰੇ ਕੰਨ 'ਚ ਅਮਿਤੋਜ ਨੇ ਕਿਹਾ -ਦਾਰੂ ਬਿਨਾਂ ਕਾਹਦੀ ਰੀਕਾਰਡਿੰਗ ਦੀਦ?

ਮੈਂ ਹੱਸ ਪਿਆ। ਅੰਦਰ ਜਾ ਕੇ ਅਮਿਤੋਜ ਦੀ ਘਰ ਵਾਲੀ ਨੂੰ ਕਿਹਾ। ਕਹਿੰਦੀ ਦੋ ਸਾਲ ਤੋਂ ਇਹਦੀ ਦਾਰੂ ਬੰਦ ਆ। ਅੱਜ ਤੁਹਾਡੇ ਕਰਕੇ ਮੰਗਾ ਦਿੰਦੀ ਹਾਂ। ਹੱਸ ਪਈ। ਦਾਰੂ ਆ ਗਈ। ਅਮਿਤੋਜ ਅੰਦਰ ਜਾ ਕੇ ਗਟਾਗਟ ਪਊਆ ਪੀ ਆਇਆ। ਸੋਫੇ 'ਤੇ ਆ ਕੇ ਖੰਘੂਰਾ ਮਾਰਿਆ। ਕੈਮਰਾ ਆਨ। ਰੀਕਾਰਡਿੰਗ ਸ਼ੁਰੂ।

ਮੈ ਕਈ ਸਵਾਲ ਕੀਤੇ। ਹਰ ਸੁਆਲ ਦਾ ਜਵਾਬ ਪਟਾਕ ਪਟਾਕ। ਤੰਦਰੁਸਤ ਤੇ ਹੋਸ਼ਮੰਦ ਬੰਦਿਆਂ ਵਾਲਾ। ਕੋਈ ਇਕ ਘੰਟਾ ਰੀਕਾਰਡਿੰਗ ਕੀਤੀ। ਕਵਿਤਾ ਪੜ੍ਹਨ ਲਈ ਕਿਹਾ। ਘੋਰ ਉਦਾਸ ਹੋ ਗਿਆ। -ਪੜ੍ਹਨਾ ਲਿਖਣਾ ਖਤਮ ਮੇਰਾ। ਨਿਗ੍ਹਾ ਗਈ। ਹੁਣ ਕੀ ਬਚਿਆ। ਸਭ ਖਤਮ।

ਖੁਸ਼ਕ ਵਿੰਨ੍ਹੀ ਅੱਖ ਦਾ ਪਾਣੀ ਧਰਲ ਧਰਲ ਵਗ ਤੁਰਿਆ।

ਬਹੁਤੀਆਂ ਗੱਲਾਂ 'ਚ ਅਮਿਤੋਜ ਗੰਭੀਰ ਰਿਹਾ।

ਏਸੇ ਪ੍ਰੋਗਰਾਮ ਲਈ ਧੀ ਲੋਰੀ ਅਤੇ ਮਾਂ ਅੰਮ੍ਰਿਤ ਦੀ ਸਾਂਝੀ ਆਵਾਜ਼ 'ਚ ਇਕ ਗੀਤ ਵੀ ਰੀਕਾਰਡ ਕੀਤਾ। ਮਾਵਾਂ ਤੇ ਧੀਆਂ ਰਲ਼ ਬੈਠੀਆਂ ਨੀ ਮਾਏ। ਮੈਂ ਸੋਚਦਾ ਰਿਹਾ ਇਹ ਅਮਿਤੋਜ ਦੀਆਂ ਗੱਲੋੜੀਆਂ ਕਰਦੀਆਂ ਹੋਣਗੀਆਂ?

ਮੈਂ ਰੀਕਾਰਡਿੰਗ ਤੋਂ ਬਾਅਦ ਦੋ ਤਿੰਨ ਦਿਨ ਅਜੀਬ ਉਦਾਸੀ 'ਚ ਨੱਪਿਆ ਰਿਹਾ। ਟੇਪਾਂ ਪਰਵਿਊ ਕੀਤੀਆਂ ਤਾਂ ਲੱਗਾ ਇਸ ਤਰ੍ਹਾਂ ਵੀ ਜ਼ਿੰਦਗੀ ਜੀਵੀ ਜਾ ਸਕਦੀ? ਜਾਂ ਜੀਣੀ ਪੈ ਸਕਦੀ? ਖੌਫ਼ ਨਾਲ ਭਰੀ ਇਹ ਰੀਕਾਰਡਿੰਗ ਕਿਵੇਂ ਐਡਿਟ ਹੋਵੇਗੀ? ਆਖਰ ਮੈਂ ਇਕ ਦਿਨ ਇਕ ਵੱਡਾ ਸ਼ੀਸਾ ਮੰਗਵਾ ਕੇ ਉਸ ਵਿਚ ਇਕ ਜ਼ੋਰ ਦੀ ਪੱਥਰ ਕਿਸੇ ਐਕਟਰ ਕੋਲ਼ੋਂ ਮਰਵਾਇਆ। ਸੀਨ ਰੀਕਾਰਡ ਕੀਤਾ। ਸ਼ੀਸੇ ਦੇ ਟੁੱਟਣ ਦੀ ਆਵਾਜ਼, ਖੜਾਕ ਤੇ ਧਮਾਕਾ ਈਕੋ ਦੇ ਕੇ ਪ੍ਰੋਗਰਾਮ ਦੀ ਸ਼ੁਰੂਆਤ ਤੇ ਕੈਪਸ਼ਨਾਂ ਲਈ ਵਰਤਿਆ। ਪ੍ਰੋਗਰਾਮ ਕਈ ਦਿਨ ਲਾ ਕੇ ਇਕੱਲੇ ਐਡੀਟਰ ਨਾਲ ਰਾਤ ਰਾਤ ਬੈਠ ਕੇ ਐਡਿਟ ਕੀਤਾ। ਪ੍ਰੋਗਰਾਮ ਵਧੀਆ ਤਾਂ ਬਣਨਾ ਈ ਸੀ। ਏਨੇ ਦੁੱਖ ਤੇ ਸੱਚ ਨਾਲ ਭਰਿਆ ਪਿਆ ਸੀ।

ਮੇਰੇ ਦੂਰਦਰਸ਼ਨ ਦੇ ਕੈਰੀਅਰ ਦਾ ਸਭ ਤੋਂ ਤਕਲੀਫਦੇਹ ਪਲ, ਯਾਦ, ਸਦਮਾ ਇਹ ਹੈ ਕਿ ਅਮਿਤੋਜ ਦਾ ਇਹ ਏਨੀ ਮਿਹਨਤ ਨਾਲ ਤਿਆਰ ਕੀਤਾ ਪ੍ਰੋਗਰਾਮ ਸਰਕਾਰੀ ਮਹਿਕਮੇ ਦੀ ਹਿਮਾਕਤ ਕਾਰਨ ਹਮੇਸ਼ਾ ਲਈ ਕਿਤੇ ਗੁੰਮ ਹੋ ਗਿਆ। ਅੱਜ ਤਕ ਨਹੀਂ ਲੱਭਾ। ਜਾਂ ਕਿਸੇ ਸਾਜ਼ਿਸ਼ ਦਾ ਸ਼ਿਕਾਰ ਹੋ ਗਿਆ।

ਮੈਂ ਦਸ ਕੁ ਸਾਲ ਪਹਿਲਾਂ ਵਲੈਤ ਗਿਆ ਸਾਂ ਸ਼ਿਵ ਕੁਮਾਰ ਬਟਾਲਵੀ 'ਤੇ ਡਾਕੂਮੈਂਟਰੀ ਰੀਕਾਰਡ ਕਰਨ ਦੇ ਚੱਕਰ ਵਿਚ। ਸ਼ਿਵ ਬਟਾਲਵੀ ਦੀ ਇਕੋ ਇਕ ਰੀਕਾਰਡਿੰਗ ਬੀਬੀਸੀ ਵਾਲੀ ਕਰਨ ਵਾਲਾ ਕੰਪੀਅਰ ਮਹਿੰਦਰ ਕੌਲ ਮੈਂ ਲੱਭਦਾ ਫਿਰਾਂ, ਰਾਹ ਨਾ ਮਿਲੇ। ਆਖਰ ਅਮਰਜੀਤ ਚੰਦਨ ਕੰਮ ਆਇਆ। ਉਸਦੀ ਘਰ ਵਾਲੀ ਬੀਬੀਸੀ 'ਚ ਕੰਮ ਕਰਦੀ ਸੀ। ਉਸਨੇ ਮਿਹਰਬਾਨੀਕੀਤੀ, ਕੌਲ ਦਾ ਫੋਨ ਨੰਬਰ ਲੱਭ ਦਿੱਤਾ। ਕੌਲ ਨਾਲ ਰੀਕਾਰਡਿੰਗ ਕੀਤੀ। ਮਹਿੰਦਰ ਕੌਲ ਨੇ ਆਪਣੇ ਬੀਬੀਸੀ ਦੇ ਸਫਰ ਬਾਰੇ ਦੱਸਦਿਆਂ ਸਭ ਤੋਂ ਵੱਧ ਅਫਸੋਸ ਤੇ ਨਫਰਤ ਆਪਣੀ ਪ੍ਰੋਗਰਾਮ ਅਸਿਸਟੈਂਟ ਨਾਲ ਕੀਤੀ। ਉਸ ਦੇ ਮੂਹੋਂ ਭੱਦੇ ਲਫ਼ਜ਼ ਵੀ ਨਿਕਲੇ ਕਿਉਂਕਿ ਉਸਨੇ ਉਸਦੇ ਬਹੁਤ ਕਮਾਲ ਦੇ ਪ੍ਰੋਗਰਾਮ ਇਰੇਜ਼ ਕਰ ਦਿੱਤੇ ਸਨ। ਕੌਲ ਨੇ ਦੁੱਖ ਨਾਲ ਕਿਹਾ-ਅੱਲਾ ਉਸਨੂੰ ਕਦੇ ਮੁਆਫ ਨਹੀਂ ਕਰੇਗਾ'। ਮੇਰੇ ਮੂੰਹੋਂ ਵੀ ਆਪਣੇ ਨਲਾਇਕ ਸਹਾਇਕ/ਸਹਾਇਕਾ ਵਾਸਤੇ ਕਈ ਵਾਰ ਇੰਝ ਹੀ ਕੁੜੱਤਣ ਉਛਲਦੀ ਹੈ। ਜੇ ਉਹ ਪ੍ਰੋਗਰਾਮ ਹੁੰਦਾ ਤਾਂ ਸ਼ਾਇਦ ਅਸੀਂ ਅੱਜ ਵੀ ਅਮਿਤੋਜ ਨੂੰ ਗੱਲਾਂ ਕਰਦੇ, ਤੁਰਦੇ ਫਿਰਦੇ ਦੁੱਖ ਸਹਿੰਦੇ ਦੇਖ ਸਕਦੇ। ਪਰ ਮੈਨੂੰ ਉਸ ਇੰਟਰਵਿਊ ਦੇ ਕੁਝ ਕੁ ਸਵਾਲ ਯਾਦ ਨੇ।

-ਤੈਨੂੰ ਸਟੇਜ 'ਤੇ ਕਵਿਤਾ ਪੜ੍ਹਨ ਦਾ ਸ਼ੌਕ ਹੈ?

-ਨਹੀਂ। ਮੈਨੂੰ ਸਟੇਜ 'ਤੇ ਕਵਿਤਾ ਪੜ੍ਹਨਾ ਚੰਗਾ ਨਹੀ ਲਗਦਾ। ਐਂਵੈਂ ਕਰੀ ਜਾਓ-ਜੀਅਰਜ਼ ਕੀਤਾ ਹੈ, ਜੀ ਫਰਜ਼ ਕੀਤਾ ਹੈ।' ਕਹਿ ਕੇ ਹੱਸ ਪਿਆ ਅਮਿਤੋਜ।

ਕੋਈ ਘਟਨਾ, ਕੋਈ ਯਾਦ?

-ਮੇਰੀਆਂ ਕਵਿਤਾਵਾਂ ਇਕ ਇਕ ਕਰ ਕੇ ਮੇਰੇ ਸਾਹਮਣੇ ਬਲਦੀ ਅੱਗ 'ਤੇ ਸਾੜੀਆਂ ਏਸ ਔਰਤ ਨੇ'। ਫੇਰ ਉਹ ਚੁੱਪ ਰਿਹਾ ਕੁਝ ਦੇਰ।

ਉਸਨੇ ਆਪਣੇ ਅੱਖ ਦੇ ਜ਼ਖ਼ਮੀ ਹੋਣ ਬਾਰੇ ਵੀ ਦੱਸਿਆ। ਕਈ ਕੁਝ ਹੋਰ। ਪਰ ਕੁਝ ਯਾਦ ਨਹੀਂ ਹੁਣ। ਰੀਕਗਰਡਿੰਗ ਦੀ ਟੇਪ ਵੀ ਮੈਨੂੰ ਲਗਦਾ ਕਿਸੇ ਨੇ ਅੱਗ ਦੇ ਹਵਾਲੇ ਕਰ ਦਿੱਤੀ ਜਿਸ ਵਿਚ ਮੈਂ ਤੇ ਅਮਿਤੋਜ ਕੱਠੇ ਗੱਲਾਂ ਕਰਦੇ ਸੀ।

ਕੁਝ ਮਹੀਨਿਆਂ ਬਾਅਦ ਅਮਿਤੋਜ ਦੀ ਮੌਤ ਦੀ ਖ਼ਬਰ ਆ ਗਈ। ਕਿਸੇ ਨੂੰ ਬਹੁਤੀ ਹੈਰਾਨੀ ਨਹੀਂ ਹੋਈ। ਅਸਲੀ ਅਮਿਤੋਜ ਤਾਂ ਪਹਿਲਾਂ ਹੀ ਖ਼ਤਮ ਹੋ ਚੁੱਕਾ ਸੀ। ਬੰਦਾ ਕੋਈ ਨਿਰੀ ਦੇਹ ਥੋੜ੍ਹੋ ਹੁੰਦਾ! ਉਸ ਅੰਦਰਲਾ ਸ਼ਾਇਰ ਤੇ ਟੀਵੀ ਐਂਕਰ ਤਾਂ ਵਰ੍ਹਿਆਂ ਪਹਿਲਾਂ ਖ਼ਤਮ ਹੋ ਚੁੱਕਾ ਸੀ। ਉਹਦੇ ਸਿਵੇ 'ਤੇ ਵੀ ਘੱਟ ਲੋਕ ਈ ਪਹੁੰਚੇ।

ਫੇਰ ਦੋ-ਤਿੰਨ ਸਾਲ ਬਾਅਦ ਉਹਦੀ ਵਿਧਵਾ ਪਤਨੀ ਅਮਿਤੋਜ ਦੀ ਧੀ ਨੂੰ ਨਾਲ ਲੈ ਕੇ ਦੂਰਦਰਸ਼ਨ ਮੇਰੇ ਕਮਰੇ 'ਚ ਆਈ। ਧੀ ਲੋਰੀ ਲੰਮੀ ਉੱਚੀ ਪਤਲੀ ਲਗਰ ਸ਼ਰਮਾਕਲ ਪਰ ਸਮਾਰਟ ਯੰਗ ਗਰਲ। ਉਹ ਯੂਨੀਵਰਸਿਟੀ ਪੜ੍ਹਨ ਲੱਗ ਪਈ ਸੀ।

-ਇਹਨੂੰ ਪਿਓ ਵਾਂਗ ਟੀਵੀ ਦਾ 'ਸ਼ੌਕ ਹੈ। ਕਹਿੰਦੀ ਮੈਂ ਟੀਵੀ ਤੇ ਕੰਮ ਕਰਨਾ'। ਮਾਂ ਨੇ ਕਿਹਾ।

ਲੋਰੀ ਕਹਿੰਦੀ- 'ਮੈਂ ਸਿਰਫ ਨਿਊਜ਼ ਰੀਡਰ ਬਣਨਾ ਚਾਹੁੰਦੀ ਹਾਂ'। ਉਸ ਨਾਲ ਮੈਂ ਕੁਝ ਗੱਲਾਂ ਕੀਤੀਆਂ, ਉਹ ਬੜੀ ਸੰਜੀਦਾ ਕੁੜੀ ਸੀ। ਨਿਊਜ਼ ਰੀਡਰ ਦੀ ਪਹਿਲੀ ਕੁਆਲਿਟੀ ਹੁੰਦੀ ਹੈ-ਕਾਨਫੀਡੈਂਸ ਅਤੇ ਕਨਵਿਨਸਿੰਗ ਪਰਸਨੈਲਟੀ। ਉਸ ਵਿਚ ਇਸਤੋਂ ਕਿਤੇ ਵੱਧ ਖਾਸੀਅਤਾਂ ਸਨ। ਮੈਂ ਨਿਊਜ਼ ਪ੍ਰੋਡਿਊਸਰ ਤੇ ਨਿਊਜ਼ ਐਡੀਟਰ ਦੋਹਾਂ ਨੂੰ ਜ਼ਾਤੀ ਤੌਰ 'ਤੇ ਉਸਦੇ ਔਡੀਸ਼ਨ ਲਈ ਕਿਹਾ। ਉਹ ਸੀਲੈਕਟ ਹੋਈ ਆਪਣੀ ਕਾਬਲੀਅਤ ਦੇ ਸਿਰ 'ਤੇ। ਜਿਸਨੂੰ ਪਤਾ ਲਗਦਾ ਉਹ ਅਮਿਤੋਜ ਦੀ ਧੀ ਹੈ, ਉਹ ਇਕ ਵਾਰੀ ਖਲੋ ਕੇ ਉਸਨੂੰ ਗਹੁ ਨਾਲ ਜ਼ਰੂਰ ਤੱਕਦਾ। 'ਕੱਚ ਦੀਆਂ ਮੁੰਦਰਾਂ' ਵਾਲੇ ਦੀ ਧੀ ਲੋਰੀ। ਉਸਨੂੰ ਕਿਤੇ ਦੂਰ ਨੌਕਰੀ ਮਿਲ ਗਈ। ਉਹ ਜਲਦੀ ਦੂਰਦਰਸ਼ਨ ਛੱਡ ਗਈ। ਚੰਗਾ ਕੀਤਾ। ਬਾਅਦ ਵਿਚ ਮੈਨੂੰ ਪਤਾ ਲੱਗਾ ਉਹ ਆਪਣੀ ਮਾਂ ਨੂੰ ਵੀ ਛੱਡ ਗਈ। ਇੰਡੀਪੈਂਡੈਂਟ ਫੈਸਲੇ ਲਏ ਜੋ ਅਮਿਤੋਜ ਨਹੀਂ ਲੈ ਸਕਿਆ।

ਪਿੱਛੇ ਜਿਹੇ ਪਤਾ ਲੱਗਾ ਅਮਿਤੋਜ ਦੀ ਵਿਧਵਾ ਵੀ ਫੌਤ ਹੋ ਗਈ। ਕੈਂਸਰ ਨਾਲ। ਹੁਣ ਪਤਾ ਲੱਗਾ ਜਿਹੜਾ ਘਰ ਅਮਿਤੋਜ ਨੇ ਹੱਥੀਂ ਬਣਵਾਇਆ ਸੀ, ਜਿਸ ਘਰ 'ਚ ਅਮਿਤੋਜ ਕੈਦ ਰਿਹਾ, ਜਿਸ ਘਰ 'ਚੋਂ ਉਸਦੀ ਅਰਥੀ ਉੱਠੀ, ਉਹ ਘਰ ਵੀ ਹੁਣ ਉੱਜੜ ਚੁੱਕਾ।

ਪਿਛਲੇ ਦਿਨੀਂ ਮੈਂ ਉਸਦੇ ਉੱਜੜੇ ਘਰ ਦੇ ਮੋੜ ਤੋਂ ਲੰਘਿਆ ਤਾਂ ਹਨੇਰੇ 'ਚ ਆਪਣੀ ਕਾਰ ਅਚਾਨਕ ਤੇਜ਼ ਕਰ ਲਈ। ਉਸ ਉੱਜੜੇ ਘਰੋਂ ਇਕ ਕਾਣੀ ਅੱਖ ਵਾਲਾ ਡਰਾਉਣਾ ਬੰਦਾ ਮੈਨੂੰ ਵਾਜਾਂ ਮਾਰ ਰਿਹਾ ਸੀ- ਓ ਯਾਰ ਮੈਨੂੰ ਇਸ ਕੈਦ 'ਚੋਂ ਕਿਸੇ ਤਰ੍ਹਾਂ ਬਾਹਰ ਤਾਂ ਕੱਢੋ। ਮੈਨੂੰ ਏਥੋਂ ਲੈ ਜਾਓ ਪਲੀਜ਼'। 000

***(Phone: +91-89680- 41424***
***Email: deedjaswant@yahoo.com)***

# ਮੇਰੀ ਬੀਬੀ: ਸ਼ਬਦ ਚਿੱਤਰ: ਰਾਜਿੰਦਰਪਾਲ ਸਿੰਘ ਬਰਾੜ

ਹਰ ਬੰਦੇ ਨੂੰ ਆਪਣੀ ਮਾਂ ਸੋਹਣੀ ਲਗਦੀ ਹੈ। ਮੇਰੀ ਮਾਂ ਜਿਸ ਨੂੰ ਅਸੀਂ ਬੀਬੀ ਆਖਦੇ, ਬਹੁਤ ਸੋਹਣੀ ਸੀ। ਇਹ ਗੱਲ ਮੈਂ ਆਪਣੀ ਬੀਬੀ ਹੋਣ ਕਰਕੇ ਨਹੀਂ ਕਹਿ ਰਿਹਾ ਸਗੋਂ ਉਸ ਦੀ ਨੂੰਹ ਭਾਵ ਮੇਰੀ ਪਤਨੀ ਚਰਨਜੀਤ ਇਹ ਗੱਲ ਆਖਦੀ ਹੈ। ਨੂੰਹ ਆਪਣੀ ਸੱਸ ਦੀ ਸੁੰਦਰਤਾ ਘੱਟ ਹੀ ਸਲਾਹੁੰਦੀ ਹੈ। ਵੈਸੇ ਮੇਰੀ ਬੀਬੀ, ਕਦੇ ਨਾ ਅੱਕਣ, ਕਦੇ ਨਾ ਥੱਕਣ ਵਾਲੀ ਚੰਗੀ ਸਿਹਤ ਵਾਲੀ ਮਿਹਨਤੀ ਔਰਤ ਸੀ। ਉਹ ਇਕੋ ਥਾਂ ਤੋਂ ਮਾਰ ਖਾਂਦੀ ਸੀ, ਉਹ ਇਹ ਸੀ ਕਿ ਸਾਡੇ ਘਰ ਪਰਿਵਾਰ ਦੇ ਸਾਰੇ ਜੀਅ, ਬੀਬੀ ਨੂੰ ਛੱਡ ਕੇ ਪੜ੍ਹੇ ਲਿਖੇ ਸੀ। ਬਾਪੂ ਜੀ ਅਧਿਆਪਕ, ਭੈਣ ਅਧਿਆਪਕ, ਵੱਡਾ ਭਰਾ ਅਧਿਆਪਕ, ਭਾਬੀ ਅਧਿਆਪਕ, ਬੱਚੇ ਪੜ੍ਹੇ ਲਿਖੇ ਪਰ ਇਕੱਲੀ ਮਾਂ ਕੋਲ਼ ਵਿਲੱਖਣ ਸੂਝ ਸੀ ਜੋ ਕਿਸੇ ਕੋਲ ਨਹੀਂ ਸੀ। ਮੈਨੂੰ ਯਾਦ ਹੈ ਕਿ ਮਾਂ ਨੇ ਸਾਡੇ ਬਚਪਨ ਸਮੇਂ ਕਹਿਣਾ ਕਿ ਮੈਨੂੰ ਰੇਹ ਸਪਰੇਅ ਵਾਲੀ ਕਣਕ ਵਿਚੋਂ ਬੋਅ ਆਉਂਦੀ ਹੈ। ਸਾਡੇ ਸਾਰਿਆਂ 'ਤੇ ਆਧੁਨਿਕ ਵਿਗਿਆਨ ਦਾ ਹੱਦੋਂ ਵੱਧ ਅਸਰ ਸੀ। ਵੈਸੇ ਵੀ ਸਾਡਾ ਸਮਾਂ ਹਰੇ ਇਨਕਲਾਬ ਦੀ ਚੜ੍ਹਾਈ ਦਾ ਸਮਾਂ ਸੀ। ਅਸੀਂ ਕਹਿਣਾ ਪਹਿਲੀ ਗੱਲ ਤਾਂ ਮੁਸ਼ਕ ਆਉਂਦਾ ਨਹੀਂ, ਜੇ ਆਉਂਦਾ ਹੈ ਤਾਂ ਕਹਿੰਦਾ ਕੁਝ ਨਹੀਂ, ਜੇ ਕਹੇ ਵੀ ਤਾਂ ਇਸ ਬਗ਼ੈਰ ਸਰਦਾ ਨਹੀਂ। ਬੀਬੀ ਤੈਨੂੰ ਐਵੇਂ ਵਹਿਮ ਹੋਇਆ ਰਹਿੰਦੈ। ਬੀਬੀ ਆਖਦੀ ਲੈ ਮੁਸ਼ਕ ਤਾਂ ਦਵਾਈ ਵਾਲੇ ਭਾਂਡੇ 'ਚੋਂ ਨੀ ਜਾਂਦਾ, ਫਸਲ ਤਾਂ ਫੇਰ ਵੀ ਚੂਸ ਲੈਂਦੀ ਹੈ। ਉਸ ਸਮੇਂ ਪੇਂਡੂ ਘਰਾਂ ਵਿਚ ਖ਼ਾਲੀ ਸਪਰੇਅ ਵਾਲੀਆਂ ਐਲਮੀਨੀਅਮ ਦੀਆਂ ਬੋਤਲਾਂ ਨੂੰ ਵੱਢ ਕੇ ਮੱਝਾਂ ਨਵ੍ਹਾਉਣ ਤੇ ਬਾਹਰ ਅੰਦਰ ਜਾਣ ਲਈ ਭਾਂਡਾ ਬਣਾ ਲਿਆ ਜਾਂਦਾ ਸੀ। ਉਸ ਨੇ ਇਹ ਭਾਂਡਾ ਰਸੋਈ ਵਿਚ ਨਾ ਆਉਣ ਦੇਣਾ। ਹੁਣ ਜ਼ਿਆਦਾ ਪੜ੍ਹ ਲਿਖ ਕੇ ਜਦੋਂ ਦਾ ਪ੍ਰਦੂਸ਼ਣ ਦਾ ਰੌਲ਼ਾ ਪੈਣ ਲੱਗਿਆ ਹੈ ਤਾਂ ਪਤਾ ਚੱਲਿਆ ਕਿ ਸੱਚੀਂ ਹੀ ਰੇਹ ਸਪਰੇਅ ਦੀ ਬੋਅ ਨਹੀਂ ਜਾਂਦੀ, ਇਹ ਤਾਂ ਫਸਲ ਚੂਸ ਲੈਂਦੀ ਹੈ। ਬੀਬੀ ਨੂੰ ਇਹ ਗੱਲ ਸਹਿਜ ਹੀ ਪਤਾ ਸੀ।

ਪਿਤਾ ਜੀ ਸਿੰਘ ਸਭੀਆ ਸਟਾਈਲ ਵਿਹਾਰਕ ਕਾਮਰੇਡ ਸਿੱਖ ਸਨ। ਸਿੱਖੀ ਵਿਚ ਪੱਕੇ ਵਹਿਮਾਂ ਭਰਮਾਂ ਨੂੰ ਨਹੀਂ ਮੰਨਦੇ ਸੀ। ਕਿਸੇ ਮੜ੍ਹੀ ਮਸਾਣ ਨੂੰ ਨਹੀਂ ਪੂਜਦੇ ਸੀ। ਅਸੀਂ ਦੋਵੇਂ ਭਰਾ ਕੱਟੜ ਨਾਸਤਕ, ਮੈਡੀਕਲ ਪੜ੍ਹਨ ਵਾਲੇ, ਘਰ ਵਿਗਿਆਨ ਤੇ ਵਿਗਿਆਨਕ ਸੋਚ ਦਾ ਬੋਲਬਾਲਾ ਸੀ, ਉੱਤੋਂ ਤਰਕਸ਼ੀਲ ਲਹਿਰ ਦਾ ਅਸਰ ਪਰ ਬੀਬੀ ਪੱਕੀ ਲੋਕ ਧਰਮੀ ਸੀ। ਉਹ ਕਦੇ ਗੁਰਦੁਆਰੇ ਵੀ ਚਲੀ ਜਾਂਦੀ, ਪਿੰਡ ਦੇ ਡੇਰੇ ਵਾਲੇ ਬਾਬਾ ਦੁੱਧਾਧਾਰੀ ਨੂੰ ਵੀ ਮੰਨਦੀ। ਹਿੰਦੂ ਦੇਵੀ ਦੇਵਤਿਆਂ ਨੂੰ ਨਮਸਕਾਰਦੀ, ਬਾਸੜੀਏ ਵੀ ਪੂਜਦੀ, ਚੇਤ ਵੀ ਵਲਦੀ। ਕਦੇ ਕਦੇ ਮੰਗਲਵਾਰ ਨੂੰ ਹਨੂੰਮਾਨ ਦੀ ਮੰਨੀ ਪਕਾ ਕੇ ਵੰਡ ਦਿੰਦੀ। ਸ਼ਾਮ ਨੂੰ ਧੂਫ਼ ਛਿੱਟਾ ਦਿੱਤਾ ਜਾਂਦਾ, ਸੰਗਰਾਂਦ ਨੂੰ ਘਰ ਪ੍ਰਸ਼ਾਦ ਬਣਾ ਕੇ ਭੈਣ ਤੋਂ ਅਰਦਾਸ ਕਰਾਉਂਦੀ। ਟੂਣੇ ਟਾਮਣਾਂ ਵਿਚ ਵੀ ਵਿਸ਼ਵਾਸ ਰਖਦੀ। ਬੱਸ ਇਕੋ ਗੱਲ ਚੰਗੀ ਸੀ ਕਿ ਉਹ ਲਾਈਲੱਗ ਨਹੀਂ ਸੀ, ਕੱਟੜ ਨਹੀਂ ਸੀ, ਹਰੇਕ ਦੀ ਮੰਨ ਲੈਂਦੀ ਪਰ ਘਰ ਦਾ ਨੁਕਸਾਨ ਨਹੀਂ ਕਰਾਉਂਦੀ ਸੀ, ਸਮੇਂ ਨਾਲ ਬਦਲ ਵੀ ਜਾਂਦੀ ਸੀ। ਉਸ ਦੀ ਸਭ ਤੋਂ ਵੱਡੀ ਸ਼ਰਧਾ ਗੁਰ ਨਾਨਕ ਦੇਵ ਜੀ ਉੱਤੇ ਸੀ, ਸਾਡੇ ਘਰ ਗੁਰੂ ਨਾਨਕ ਦੇਵ ਜੀ ਦੀ ਬਾਪੂ ਜੀ ਦੇ ਦੋਸਤ ਆਤਮਾ ਸਿੰਘ ਅਣਭੋਲ ਦੀ ਬਣਾਈ ਵੱਡੀ ਪੇਟਿੰਗ ਸੀ, ਬੀਬੀ ਦੇ ਸਾਰੇ ਅਨੁਸ਼ਠਾਨਾਂ ਦਾ ਕੇਂਦਰ ਉਹ ਪੇਟਿੰਗ ਹੀ ਸੀ। ਉਸੇ ਵੱਲ ਹੱਥ ਕਰਕੇ ਦਾਤਾਂ ਮੰਗੀਆਂ ਜਾਂਦੀਆਂ, ਉਸੇ ਅੱਗੇ ਹਰ ਚੀਜ਼ ਭੇਟ ਕਰਦੀ। ਉਸਨੇ ਉਸਦੀ ਅਰਾਧਨਾ ਲਈ ਆਪ ਹੀ ਅਰਦਾਸ ਬਣਾਈ ਹੋਈ ਸੀ ਜਿਸ ਵਿਚ ਮੁੱਖ ਤੌਰ 'ਤੇ ਘਰ ਦੀ ਬਰਕਤ ਅਤੇ ਤੰਦਰੁਸਤੀ ਮੰਗੀ ਜਾਂਦੀ ਸੀ। ਮੈਨੂੰ ਯਾਦ ਹੈ ਕਿ ਇਕ ਵਾਰ ਸਾਡੇ ਪਿੰਡ ਦਾ ਇਕ ਵਹਿਮੀ ਜਿਹਾ ਟੱਬਰ ਆਖਣ ਲੱਗਾ ਤੂੰ ਸਾਡੇ ਨਾਲ ਸਿਆਣੇ ਕੋਲ਼

ਸ਼ਹਿਰ ਚੱਲ ਅਸੀਂ ਤਬੀਤ ਕਰਾਉਣਾ ਹੈ। ਬੀਬੀ ਨੇ ਆਖਿਆ ਮੈਂ ਜਾਣਾ ਤਾਂ ਨਹੀਂ ਪਰ ਤਬੀਤ ਮੰਗਵਾ ਦਿਊਂਗੀ। ਅਗਲੇ ਦਿਨ ਉਹ ਔਰਤ ਆਈ ਤਾਂ ਬੀਬੀ ਨੇ ਤਬੀਤ ਦੇ ਦਿੱਤਾ। ਮੈਂ ਛੋਟਾ ਸੀ ਖਹਿੜੇ ਪੈ ਗਿਆ ਕਿ ਤਬੀਤ ਕਿੱਥੋਂ ਆਇਆ? ਉਹ ਕਹਿੰਦੀ ਘਰੇ ਪਿਆ ਸੀ ਮੈਂ ਚੱਕ ਕੇ ਫੜਾਤਾ, ਏਹਨਾਂ ਦਾ ਚੱਲ ਫਾਇਦਾ ਹੋਜੂ। ਮੈਂ ਪੁੱਛਿਆ ਬੀਬੀ ਤੈਨੂੰ ਤਬੀਤ ਬਣਾਉਣਾ ਆਉਂਦੈ? ਉਹ ਕਹਿੰਦੀ ਬੇਬੇ ਇਉਂ ਹੀ ਬਣਾਉਂਦੀ ਹੁੰਦੀ ਸੀ। ਚਾਰ ਵਾਲ, ਸਵਾਹ ਦੀ ਚੂੰਢੀ ਤੇ ਥੋੜ੍ਹਾ ਜਿਹਾ ਸੰਧੂਰ, ਤਬੀਤ ਬਣ ਗਿਆ। ਮੈਂ ਕਿਹਾ ਹੁਣ ਇਉਂ ਬਣਾਇਆ ਸੀ? ਨਾ ਏਹ ਤਾਂ ਪੁਰਾਣਾ ਪਿਆ ਸੀ, ਇਸ ਵਿਚ ਵੀ ਏਹੋ ਕੁਛ ਹੋਊ। ਅਜਿਹੀ ਸੀ ਉਸ ਦੀ ਵਿਸ਼ਵਾਸਪੈਥੀ।

ਸਾਡੇ ਭੈਣਾਂ ਭਰਾਵਾਂ ਵਿਚ ਵਿੱਥ ਬਹੁਤ ਹੈ। ਮੇਰੀ ਮਾਂ ਨੂੰ ਹੱਦੋਂ ਵੱਧ ਡਰ ਸੀ ਕਿ ਜ਼ਮੀਨ ਦੇ ਲਾਲਚ ਵਿਚ ਸਾਨੂੰ ਕੋਈ ਮਾਰ ਦੇਵੇਗਾ। ਉਸ ਸਮੇਂ ਦੇ ਕਾਨੂੰਨ ਅਨੁਸਾਰ ਜੇ ਮੁੰਡਾ ਨਾ ਹੋਵੇ ਤਾਂ ਜ਼ਮੀਨ ਸ਼ਰੀਕਾਂ ਕੋਲ਼ ਚਲੀ ਜਾਂਦੀ ਸੀ। ਇਸੇ ਲਈ ਸ਼ਰੀਕੇ ਵਿਚ ਕਤਲ ਜਾਂ ਧੋਖੇ ਨਾਲ ਮਾਰਨ ਦੀਆਂ ਸਾਜ਼ਿਸ਼ਾਂ ਪਿੰਡਾਂ ਵਿਚ ਹੁੰਦੀਆਂ ਰਹਿੰਦੀਆਂ ਸਨ ਪਰ ਘਟਨਾਵਾਂ ਤੋਂ ਵੱਧ ਘਟਨਾ ਹੋਣ ਦਾ ਡਰ ਜ਼ਿਆਦਾ ਸੀ। ਮੇਰੀ ਬੀਬੀ ਏਸ ਪਾਸਿਓਂ ਕੁਝ ਵਧੇਰੇ ਹੀ ਡਰੀ ਹੋਈ ਸੀ। ਉਸ ਨੇ ਵਾਰ ਵਾਰ ਨਸੀਹਤ ਦੇਣੀ ਕਿਸੇ ਕੋਲੋਂ ਕੁਛ ਲੈ ਕੇ ਨਹੀਂ ਖਾਣਾ, ਇਕੱਲਿਆਂ ਕਿਸੇ ਨਾਲ ਦੂਰ ਨਹੀਂ ਜਾਣਾ, ਘਰ ਅੰਦਰ ਕੁੰਡੀ ਮਾਰ ਕੇ ਰੱਖਣੀ ਹੈ, ਕੁਵੇਲ਼ੇ ਬੂਹਾ ਨੀ ਖੋਲ੍ਹਣਾ। ਕੋਈ ਨਸ਼ਾ ਨਹੀਂ ਕਰਨਾ, ਕਿਸੇ ਦਾ ਵਿਸਾਹ ਨਹੀਂ ਖਾਣਾ, ਨਾਲ ਦੇ ਹੀ ਮਰਵਾਉਂਦੇ ਹੁੰਦੇ ਨੇ। ਮੈਨੂੰ ਜਾਪਦੈ ਕਿ ਉਸ ਦੀਆਂ ਨਸੀਹਤਾਂ ਨੇ ਬਚਪਨ ਵਿਚ ਮੈਨੂੰ ਕੁਝ ਵਧੇਰੇ ਹੀ ਇਕੱਲਾ, ਡਰੂ ਤੇ ਦੱਬੂ ਬਣਾ ਦਿੱਤਾ, ਪਰ ਉਸ ਨੇ ਦੁਨੀਆਂਦਾਰੀ ਦੀ ਵਿਹਾਰਕ ਸਮਝ ਵੀ ਦਿੱਤੀ। ਕਾਲਿਜ ਜਾਂਦਿਆਂ ਹੀ ਮਾਂ ਦੀਆਂ ਸਭ ਨਸੀਹਤਾਂ ਭੁੱਲ ਗਈਆਂ। ਇਕ ਤਰ੍ਹਾਂ ਨਾਲ ਬਾਗ਼ੀ ਹੀ ਹੋ ਗਿਆ ਪਰ ਇਕ ਘਟਨਾ ਨੇ ਮੇਰੀ ਮਾਂ ਦੀ ਨਸੀਹਤ ਮੁੜ ਯਾਦ ਕਰਾ ਦਿੱਤੀ। ਬਠਿੰਡੇ ਭੈਣ ਘਰ ਰਹਿੰਦਾ ਸੀ। ਜੀਜਾ ਫੌਜੀ ਹੋਣ ਕਰਕੇ ਅਕਸਰ ਘਰ ਰੰਮ ਪਈ ਰਹਿੰਦੀ। ਭੈਣ ਸਕੂਲ ਪੜ੍ਹਾਉਣ ਚਲੀ ਜਾਂਦੀ, ਸ਼ਾਮ ਨੂੰ ਘਰ ਆਉਂਦੀ। ਮੇਰੇ ਦੋਸਤ ਮਿੱਤਰ ਘਰ ਆਉਂਦੇ ਜਾਂਦੇ ਰਹਿੰਦੇ। ਇਕ ਦਿਨ ਦੋ ਦੋਸਤ ਘਰ ਆਏ। ਉਨ੍ਹਾਂ ਵਿਚੋਂ ਇਕ ਵੱਡੀ ਉਮਰ ਦਾ ਘਾਗ ਸੀ ਜੋ ਨਕਲ ਦੇ ਦੋਸ਼ ਵਿਚ ਤਿੰਨ ਸਾਲ ਲਈ ਸਜ਼ਾ ਵਜੋਂ ਕਾਲਿਜ ਤੋਂ ਨਿਕਲਿਆ ਰਿਹਾ, ਹੁਣ ਸਮਾਂ ਪੂਰਾ ਹੋਣ 'ਤੇ ਸਾਡਾ ਜਮਾਤੀ ਬਣਿਆ ਸੀ। ਦੂਜਾ ਛੋਟਾ ਨਵਾਂ ਨਵਾਂ ਸਟੂਡੈਂਟ ਯੂਨੀਅਨ ਵਿਚ ਆ ਕੇ ਉੱਡਣ ਲੱਗਿਆ, ਮਲੂਕ ਜਿਹਾ, ਸਾਡੇ ਤੋਂ ਇਕ ਸਾਲ ਪਿੱਛੇ ਸੀ। ਵੱਡੇ ਨੇ ਕਿਹਾ ਘਰੇ ਕੋਈ ਨਹੀਂ? ਮੈਂ ਕਿਹਾ ਨਹੀਂ, ਸ਼ਾਮ ਨੂੰ ਭੈਣ ਆਊਗੀ। ਉਸ ਨੇ ਕਿਹਾ ਤੂੰ ਕਹਿੰਦਾ ਸੀ ਘਰੇ ਰੰਮ ਪਈ ਹੈ, ਚੱਲ ਪੀਵੀਏ। ਅਸੀਂ ਦਾਰੂ ਪੀਣ ਲੱਗੇ। ਵੱਡੇ ਨੇ ਛੋਟੇ ਨੂੰ ਫੂਕ ਦੇਣੀ ਸ਼ੁਰੂ ਕਰ ਦਿੱਤੀ। ਅੱਖ ਬਚਾ ਕੇ ਵੱਡਾ ਛੋਟੇ ਨੂੰ ਵੱਡਾ ਪੈਗ ਪਾ ਦਿਆ ਕਰੇ। ਛੋਟਾ ਛੇਤੀ ਆਊਟ ਹੋ ਗਿਆ। ਉਲਟੀਆਂ ਕਰਨ ਲੱਗਿਆ। ਮੈਨੂੰ ਭਾਜੜ ਪੈ ਗਈ। ਮੈਂ ਸੁਣਿਆ ਸੀ, ਨਿੰਬੂ ਨਾਲ ਨਸ਼ਾ ਘਟ ਜਾਂਦਾ ਹੈ। ਮੈਨੂੰ ਘਰੋਂ ਨਿੰਬੂ ਨਾ ਲੱਭਿਆ। ਮੈਂ ਵੱਡੇ ਨੂੰ ਕਿਹਾ ਜਾਹ ਨਿੰਬੂ ਲਿਆ, ਉਸ ਨੇ ਬੇਹੋਸ਼ ਪਏ ਛੋਟੇ ਦੀ ਜੇਬ ਵਿਚੋਂ ਪੈਸੇ ਖਿੱਚੇ ਤੇ ਨਿੰਬੂ ਲੈਣ ਚਲਾ ਗਿਆ, ਆਪਣੀ ਕਰਤੂਤ ਭੁੱਲ ਕੇ ਕਹਿਣ ਲੱਗਿਆ ਜਦ ਮਾਜਨਾ ਹੈਨੀ ਸੀ, ਫੇਰ ਜ਼ਰੂਰੀ ਪੀਣੀ ਸੀ। ਮੈਂ ਛੋਟੇ ਨੂੰ ਧੂਅ ਕੇ ਨਲਕੇ ਥੱਲੇ ਕੀਤਾ। ਹੱਥ ਮੂੰਹ ਧੋਤਾ, ਉਲਟੀ ਵਾਲੀ ਥਾਂ ਸਾਫ ਕੀਤੀ। ਨਿੰਬੂ ਪਿਆ ਕੇ ਸੁਰਤ ਸਿਰ ਕੀਤਾ। ਵੱਡੇ ਨੂੰ ਕਿਹਾ ਤੂੰ ਚਲਾ ਜਾਹ ਇਹ ਮੇਰੇ ਕੋਲ਼ ਰਹੇਗਾ। ਹੁਣ ਇਸ ਤੋਂ ਬੱਸ ਨਹੀਂ ਚੜ੍ਹਿਆ ਜਾਣਾ ਪਰ ਵੱਡੇ ਦੇ ਵਿਵਹਾਰ ਤੋਂ ਮੈਨੂੰ ਲੱਗਿਆ ਕਿ ਮਾਂ ਦੀ ਨਸੀਹਤ ਸੱਚੀ ਹੈ, ਨਾਲ ਦੇ ਹੀ ਮਰਵਾਉਂਦੇ ਨੇ।

ਮਾਂ ਆਪਣੇ ਆਪ ਨੂੰ ਢਾਂਡੇ ਚਾਰਨੀ ਆਖਦੀ ਸੀ। ਉਸ ਦਾ ਪਸ਼ੂਆਂ ਨਾਲ ਬੜਾ ਪਿਆਰ ਸੀ। ਬਾਪੂ ਨੌਕਰੀ ਕਰਦਾ ਸੀ। ਇਸ ਲਈ ਕਈ ਸਾਲ ਅਸੀਂ ਖੇਤੀ ਨਹੀਂ ਕੀਤੀ, ਪਿੰਡ ਵਾਲੀ ਜ਼ਮੀਨ ਠੇਕੇ 'ਤੇ ਦੇ ਦਿੰਦੇ, ਕੋਟ ਸ਼ਹਿਰ ਆਪ ਖਰੀਦੀ ਹਿੱਸੇ 'ਤੇ ਦੇ ਦਿੰਦੇ ਸੀ ਤਾਂ ਜੋ ਘਰ ਦੀ ਕਣਕ ਅਤੇ ਪਸ਼ੂਆਂ ਲਈ ਪੱਠੇ ਹੋ ਜਾਣ। ਅਸੀਂ ਛੋਟੇ ਸੀ, ਪਸ਼ੂ ਪਾਲਣ ਦੀ ਜ਼ਿੰਮੇਵਾਰੀ ਮਾਂ ਸਿਰ ਸੀ। ਕੋਈ ਪਾਲ਼ੀ ਵੀ ਰੱਖਿਆ ਹੋਣੈ, ਕਦੇ ਮੇਸ਼ੀ, ਕਦੇ ਬਲੌਰਾ, ਕਦੇ ਬਿੱਲੂ ਤੇ ਕਦੇ ਕੌਰਾ।

ਅਕਸਰ ਪਾਲ਼ੀ ਵਿਚੋਂ ਹਟ ਜਾਂਦੇ, ਕਦੇ ਆਉਂਦੇ ਨਾ। ਉਹ ਆਪੇ ਖੇਤ ਜਾਂਦੀ, ਪੱਠੇ ਵੱਢਦੀ, ਭਰੀਆਂ ਲੈ ਕੇ ਆਉਂਦੀ, ਮੱਝਾਂ ਚੋਂਦੀ। ਉਸ ਨੇ ਪਸ਼ੂਆਂ ਦੇ ਵੀ ਨਾਂ ਰੱਖੇ ਹੁੰਦੇ। ਗਾਈਆਂ ਗੰਗਾ, ਜਮਨਾ, ਮੱਝਾਂ ਲਾਖੀ, ਕੁੰਢੀ, ਬੂਰੀ, ਬੱਕਰੀ ਲਾਲੋ, ਉਸ ਦੀ ਪੱਠ ਸੋਮਵਾਰ ਨੂੰ ਜੰਮੀ ਹੋਣ ਕਰਕੇ ਸੋਮਾ ਸੀ। ਉਸ ਨੂੰ ਪਸ਼ੂ ਚਾਰਨੇ ਚੰਗੇ ਲਗਦੇ। ਜਦੋਂ ਅਸੀਂ ਕਾਲਿਜ ਪੜ੍ਹਨ ਲੱਗੇ ਤਾਂ ਪਸ਼ੂਆਂ ਦੇ ਕੰਮ ਤੋਂ ਸ਼ਰਮ ਆਉਣੀ। ਨੌਕਰੀ ਲੱਗੇ ਤਾਂ ਸਾਡੀ ਇੱਛਾ ਸੀ ਕਿ ਪਸ਼ੂ ਰੱਖਣੇ ਬੰਦ ਕਰ ਦੇਈਏ ਪਰ ਉਹ ਨਾ ਮੰਨਦੀ। ਪਸ਼ੂ ਵੇਚਣ ‘ਤੇ ਉਸ ਨੇ ਕਲੇਸ਼ ਪਾ ਲੈਣਾ। ਵੈਸੇ ਤਾਂ ਸਾਰੇ ਹੀ ਪੇਂਡੂ ਘਰਾਂ ਵਿਚ ਹੀ ਪਸ਼ੂਆਂ ਦੇ ਮਰਨ ਨਾਲ ਸੋਗ ਪੈ ਜਾਂਦਾ ਹੈ ਪਰ ਸਾਡੇ ਤਾਂ ਇਹ ਸੋਗ ਮਹੀਨਾ ਮਹੀਨਾ ਚਲਦਾ। ਉਸ ਦਾ ਮਨਪਸੰਦ ਵਾਕ ਸੀ, ਮੈਂ ਅੱਜ ਤਕ ਕਿਸੇ ਦੇ ਡੋਲਚਾ ਲੈ ਕੇ ਨਹੀਂ ਗਈ ਭਾਵ ਕਦੇ ਕਿਸੇ ਤੋਂ ਦੁੱਧ ਨਹੀਂ ਮੰਗਿਆ। ਉਸ ਨੂੰ ਆਪਣੇ ਪਸ਼ੂ ਪਾਲਣ ਦੇ ਧੰਦੇ ਦੀ ਕਰਨੀ ‘ਤੇ ਸਵੈਮਾਣ ਸੀ। ਉਸ ਨੂੰ ਸਾਡੇ ਪਸ਼ੂਆਂ ਦੇ ਰਵੇ ਦੀ ਵੀ ਬੜੀ ਮੇਰ ਸੀ ਕਿ ਸਾਡੇ ਪਸ਼ੂ ਚੰਗੀ ਨਸਲ ਦੇ ਹਨ। ਹਾਲਾਂ ਕਿ ਦੁਨੀਆਂ ਦੇਖ ਕੇ ਪਤਾ ਲੱਗਾ ਕਿ ਉਸ ਦਾ ਦਾਅਵਾ ਐਵੇਂ ਹੀ ਆਪਣੀ ਵਡਿਆਈ ਕਰਨ ਵਾਲਾ ਸੀ, ਉਸਦਾ ਸਚਾਈ ਨਾਲ ਕੋਈ ਸੰਬੰਧ ਨਹੀਂ ਸੀ। ਪਸ਼ੂਆਂ ਲਈ ਪਾਲ਼ੀ ਰੱਖਿਆ ਹੁੰਦਾ ਤਾਂ ਡੰਗਰ ਛੇੜਨੇ ਉਸ ਦਾ ਕੰਮ ਸੀ ਪਰ ਜੇ ਕਦੇ ਪਾਲ਼ੀ ਨਾ ਹੋਣਾ ਤਾਂ ਬੀਬੀ ਨੇ ਕਹਿਣਾ ਛੇਤੀ ਮਹੀਂਆਂ ਛੇੜ ਲਓ, ਨਹੀਂ ਤਾਂ ਸੋਹਣਾ ਸੋਹਣਾ ਘਾਹ ਦੂਜਿਆਂ ਦੇ ਮੰਗੂ ਨੇ ਚਰ ਜਾਣੈ। ਇਸੇ ਕਰਕੇ ਮੈਨੂੰ ਕੁਲਵੰਤ ਵਿਰਕ ਦੀ ਕਹਾਣੀ ਦੋ ਆਨੇ ਦਾ ਘਾਹ ਚੰਗੀ ਲਗਦੀ ਹੈ। ਅਸਲ ਵਿਚ ਇਹ ਪਸ਼ੂ ਪਾਲਕ ਪਰਿਵਾਰਾਂ ਦੀ ਮਾਨਸਿਕਤਾ ਨੂੰ ਦਰਸਾਉਂਦੀ ਹੈ।

ਮੇਰੀ ਬੀਬੀ ਨੂੰ ਮੇਰੇ ਬਾਪੂ ‘ਤੇ ਹਮੇਸ਼ਾਂ ਰੰਜ ਰਿਹਾ ਕਿ ਉਸ ਨੇ ਦੋ ਹੋਰ ਵਿਆਹ ਕਰਵਾਏ। ਜਦੋਂ ਕਦੇ ਵੀ ਉਨ੍ਹਾਂ ਦੀ ਆਪਸੀ ਲੜਾਈ ਹੁੰਦੀ ਤਾਂ ਬੀਬੀ ਮਿਹਣੇ ਦਿੰਦੀ। ਬੀਬੀ ਦੀ ਇਕ ਸੌਂਕਣ ਤਾਂ ਮਰ ਗਈ, ਦੂਜੀ ਨਾਲ ਛੱਡ ਛਡਾਅ ਹੋ ਗਿਆ ਪਰ ਇਸ ਲਈ ਬਾਪੂ ਨੂੰ ਢੇਰ ਪੈਸੇ ਦੇਣੇ ਪਏ। ਜ਼ਮੀਨ ਦਾ ਇਕ ਟੋਟਾ ਗਹਿਣੇ ਟਿਕ ਗਿਆ। ਬੀਬੀ ਨੂੰ ਆਪਣੀਆਂ ਟੂੰਮਾਂ ਦੇਣੀਆਂ ਪਈਆਂ। ਇਨ੍ਹਾਂ ਵਿਆਹਾਂ ਦਾ ਵੀ ਇਕ ਪਿਛੋਕੜ ਸੀ। ਉਸ ਸਮੇਂ ਸਰਦੇ ਪੁੱਜਦੇ ਘਰਾਂ ਦੇ ਵਿਚ ਦੋ ਦੋ ਵਿਆਹ ਆਮ ਵਰਤਾਰਾ ਸੀ, ਜੇ ਮੁੰਡਾ ਨਾ ਹੋਵੇ ਤਾਂ ਹੋਰ ਵਿਆਹ ਆਮ ਹੀ ਕਰਵਾ ਲਿਆ ਜਾਂਦਾ। ਬਾਪੂ ਦੇ ਵਿਆਹਾਂ ਦੀ ਕਹਾਣੀ, ਮੇਰੇ ਵੱਡੇ ਭਰਾ ਦੇ ਜਨਮ ਤੋਂ ਬਾਅਦ ਅਤੇ ਮੇਰੇ ਜਨਮ ਤੋਂ ਢੇਰ ਪਹਿਲਾਂ ਮੁੱਕ ਗਈ ਸੀ। ਅਸੀਂ ਆਪਣੇ ਬਾਪੂ ਦੀਆਂ ਦੂਜੀਆਂ ਪਤਨੀਆਂ ਨਹੀਂ ਵੇਖੀਆਂ। ਸਿਰਫ ਮਿਹਣਿਆਂ ਵਿਚ ਹੀ ਸੁਣੀਆਂ ਨੇ। ਬੱਸ ਏਨਾ ਯਾਦ ਹੈ ਕਿ ਮੰਜੇ ਉਪਰ ਗਿਣ ਗਿਣ ਕੇ ਪੈਸਿਆਂ ਦੀਆਂ ਦੱਥੀਆਂ ਲਾਈਆਂ ਹਨ, ਜੋ ਬਾਪੂ ਝੋਲੇ ਵਿਚ ਪਾ ਰਿਹਾ ਹੈ ਤੇ ਬੀਬੀ ਰੋ ਰਹੀ ਹੈ। ਇਹ ਯਾਦ ਸ਼ਾਇਦ ਉਸ ਸਮੇਂ ਦੀ ਹੈ ਜਦੋਂ ਕਾਨੂੰਨੀ ਛੱਡ ਛੱਡਾਅ ਹੋਇਆ ਹੋਵੇਗਾ। ਬੀਬੀ ਨੂੰ ਇਕ ਵੱਡਾ ਝੋਰਾ ਇਹ ਸੀ ਕਿ ਤੀਜੇ ਵਿਆਹ ਸਮੇਂ ਬਾਪੂ ਨੇ ਘਰ ਨਹੀਂ ਦੱਸਿਆ ਸੀ। ਬੀਬੀ ਨੂੰ ਆਖਿਆ ਕਿ ਸਾਡੇ ਸਕੂਲ ਵੱਲੋਂ ਭਾਖੜਾ ਡੈਮ ‘ਤੇ ਟੂਰ ਚੱਲਿਆ ਹੈ। ਬੀਬੀ ਤੋਂ ਹੀ ਕੱਪੜੇ ਧੁਆਏ, ਪ੍ਰੈਸ ਕਰਾਏ, ਪੱਗਾਂ ਨੂੰ ਮਾਵਾ ਲਗਵਾਇਆ, ਸ਼ਹਿਰ ਦੇ ਦੂਜੇ ਪਾਸੇ ਵਿਆਹ ਕਰਵਾ ਕੇ ਰਹਿਣ ਲੱਗ ਪਿਆ। ਪਤਾ ਲੱਗਣ ‘ਤੇ ਬੀਬੀ ਨੇ ਪਿੱਟ ਸਿਆਪਾ ਪਾਇਆ ਹੋਵੇਗਾ। ਅੱਜ ਮੈਨੂੰ ਲਗਦੈ ਕਿ ਬਾਪੂ ਨੇ ਬੀਬੀ ਨਾਲ ਧੱਕਾ ਕੀਤਾ ਪਰ ਬਚਪਨ ਵਿਚ ਮੈਨੂੰ ਉਲਟਾ ਲਗਦਾ ਸੀ ਕਿਉਂਕਿ ਬਾਪੂ ਕਦੇ ਉੱਚਾ ਨਹੀਂ ਬੋਲਿਆ ਸੀ। ਮਾਂ ਨੂੰ ਮਾਰਿਆ ਨਹੀਂ ਸੀ, ਬੀਬੀ ਦੇ ਝਈਆਂ ਲੈ ਲੈ ਪੈਣ ‘ਤੇ ਵੀ ਆਖਦਾ ਚੱਲ ਛੱਡ ਹੋਈਆਂ ਬੀਤੀਆਂ ਨੂੰ, ਹੁਣ ਦੱਸ ਤੈਨੂੰ ਕੀ ਚਾਹੀਦੈ, ਤੂੰ ਤਾਂ ਪਟਰਾਣੀ ਸੀ, ਪਟਰਾਣੀ ਹੀ ਰਹੇਂਗੀ। ਕਦੇ ਗੁੱਸਾ ਨਹੀਂ ਕਰਦਾ ਸੀ। ਵੱਧ ਤੋਂ ਵੱਧ ਕਲੇਸ਼ ਵਧਦਾ ਦੇਖ ਖੇਤ ਚਲਾ ਜਾਂਦਾ ਜਾਂ ਸੱਥ ਵਿਚ ਜਾ ਬੈਠਦਾ। ਮੈਨੂੰ ਲਗਦਾ ਕਿ ਬੀਬੀ ਭਲੇ ਬਾਪੂ ਨੂੰ ਤੰਗ ਕਰਦੀ ਹੈ।

ਬੀਬੀ ਥੱਕਦੀ ਨਹੀਂ ਸੀ। ਬਚਪਨ ਵਿਚ ਅੱਧਾ ਘਰ ਕੱਚਾ ਅਤੇ ਅੱਧਾ ਪੱਕਾ ਸੀ। ਬੀਬੀ ਹਰ ਦੀਵਾਲੀ ‘ਤੇ ਸਾਰਾ ਘਰ ਕਲੀ ਕਰਦੀ। ਕੱਚੇ ਤੇ ਮਿੱਟੀ ਫੇਰਦੀ। ਚਿੱਟਾ ਪਾਂਡੂ ਮਿੱਟੀ ਦਾ ਪੋਚਾ ਮਾਰਦੀ, ਲਾਲ ਮਿੱਟੀ ਨਾਲ ਤੋਈਆਂ ਕੱਢਦੀ, ਭੈਣ ਕੋਲੋਂ ਕੰਧੋਲੀ ‘ਤੇ ਕਦੇ ਹਿਰਨ ਕਦੇ ਮੋਰ ਬਣਵਾਉਂਦੀ। ਲਾਜਵਰ ਨਾਲ ਰੰਗ ਭਰਦੀ। ਸਾਡੇ ਕੋਠਿਆਂ ਵਿਚ ਸਿਰਫ ਸਾਡੇ ਘਰ ਹੀ ਚੁਬਾਰਾ

ਸੀ, ਦੋ ਪੌੜੀਆਂ ਬੰਨ੍ਹ ਕੇ ਚੁਬਾਰੇ ਨੂੰ ਕਲੀ ਕਰਦੀ, ਨਾ ਡਰਦੀ ਨਾ ਡੋਲਦੀ। ਆਪ ਹੀ ਦੂਰ ਖੜ੍ਹ ਕੇ ਨਿਹਾਰਦੀ। ਉਹ ਚੁਬਾਰੇ 'ਤੇ ਬੜਾ ਮਾਣ ਕਰਦੀ। ਜਦੋਂ ਨਵੀਂ ਕੋਠੀ ਬਣਾਈ ਤਾਂ ਚੁਬਾਰਾ ਢਾਹ ਦਿੱਤਾ। ਬੀਬੀ ਨੇ ਓਨੀ ਦੇਰ ਨਵੇਂ ਘਰ ਦੀ ਕੋਈ ਖੁਸ਼ੀ ਨਾ ਕੀਤੀ, ਜਿੰਨੀ ਦੇਰ ਪਿੱਛੇ ਹੋਰ ਕਮਰਾ ਪਾ ਕੇ ਉਸ ਉਪਰ ਚੁਬਾਰਾ ਨਾ ਬਣਾਇਆ ਗਿਆ। ਉਸ ਦੇ ਮਨ ਵਿਚ ਕਿਤੇ ਉੱਚੇ ਚੁਬਾਰੇ ਨਾਲ ਉੱਚਾ ਮਾਣ ਜੁੜਿਆ ਹੋਇਆ ਸੀ। ਵੱਖਰਤਾ ਦੀ ਨਿਸ਼ਾਨੀ, ਉੱਚੇ ਹੋਣ ਦਾ ਚਿੰਨ੍ਹ।

ਅੱਜ ਸਭਿਆਚਾਰ ਦਾ ਵਿਦਿਆਰਥੀ ਹੋਣ ਦੇ ਨਾਤੇ ਜਾਣਦਾ ਹਾਂ ਕਿ ਪੰਜਾਬ ਦੀ ਪੇਂਡੂ ਕਿਸਾਨੀ ਦੀ ਸੁਆਣੀ ਨੂੰ ਸਾਰੇ ਕੰਮ ਹੀ ਕਰਨੇ ਆਉਂਦੇ ਹੁੰਦੇ ਹਨ ਪਰ ਬਚਪਨ ਵਿਚ ਮੈਨੂੰ ਮੇਰੀ ਮਾਂ ਜਾਦੂਗਰਨੀ ਲਗਦੀ ਜੋ ਕੰਧਾਂ ਕੋਠੇ ਰੰਗ ਦਿੰਦੀ, ਤਰ੍ਹਾਂ ਤਰ੍ਹਾਂ ਦੇ ਪਕਵਾਨ ਬਣਾ ਲੈਂਦੀ ਸੀ, ਦੁੱਧ ਦਾ ਦਹੀਂ ਬਣਾ ਦਿੰਦੀ ਸੀ। ਰਿੜਕ ਕੇ ਮੱਖਣ ਕੱਢ ਦਿੰਦੀ ਸੀ। ਸੇਵੀਆਂ ਵੱਟ ਲੈਂਦੀ ਸੀ, ਚੰਦਊਏ ਬਣਾ ਲੈਂਦੀ ਸੀ। ਕੱਪੜੇ ਸਿਊਂ ਲੈਂਦੀ, ਸਵੈਟਰ ਬੁਣ ਲੈਂਦੀ। ਭਾਵ ਹਰ ਚੀਜ਼ ਜੋ ਬੱਚਾ ਮੰਗ ਸਕਦਾ ਹੈ, ਖਾ ਸਕਦਾ ਹੈ, ਪਹਿਨ ਸਕਦਾ ਹੈ ਘਰੇ ਹੀ ਬਣਾ ਦਿੰਦੀ।

ਮਾਂ ਕਹਾਣੀਆਂ ਸੁਣਾਉਣ ਵਿਚ ਮਾਹਰ ਸੀ। ਉਸ ਦੀਆਂ ਕਹਾਣੀਆਂ ਨਾ ਤਾਂ ਲੋਕ ਕਹਾਣੀਆਂ ਹੁੰਦੀਆਂ ਤੇ ਨਾ ਹੀ ਮਨੋਰੰਜਨੀ। ਇਹ ਤਾਂ ਉਸ ਦਾ ਆਪਣੀ ਗੱਲ ਕਹਿਣ ਦਾ ਢੰਗ ਸੀ, ਉਦੇਸ਼ਾਤਮਕ ਅਤੇ ਉਪਦੇਸ਼ਾਤਮਕ। ਉਹ ਸਿੱਧੀ ਗੱਲ ਨਹੀਂ ਕਹਿੰਦੀ ਸੀ ਸਗੋਂ ਕਹਾਣੀਆਂ ਰਾਹੀਂ ਕਹਿੰਦੀ ਸੀ। ਜਦੋਂ ਮੈਂ ਪਟਿਆਲੇ ਨੌਕਰੀ ਲੱਗਿਆ ਤਾਂ ਏਥੇ ਘਰ ਬਾਰ ਬਣ ਗਿਆ ਪਰ ਉਸ ਨੂੰ ਇਹ ਚੰਗਾ ਨਾ ਲਗਦਾ। ਉਸ ਦੀ ਇਹ ਇੱਛਾ ਸੀ ਕਿ ਇਕ ਦਿਨ ਅਸੀਂ ਸਭ ਛੱਡ ਛਡਾ ਕੇ ਉਸ ਪਾਸ ਕੋਟਕਪੂਰੇ ਜਾ ਰਹੀਏ। ਇਸ ਲਈ ਉਹ ਕਹਾਣੀ ਸੁਣਾਉਂਦੀ ਕਿ ਕਿਸੇ ਸਾਡੇ ਦੂਰ ਦੇ ਕਲਪਿਤ ਰਿਸ਼ਤੇਦਾਰ ਨੇ ਸਭ ਕੁਝ ਬਾਹਰ ਬਣਾ ਲਿਆ। ਬੜੀ ਵੱਡੀ ਨੌਕਰੀ ਕੀਤੀ। ਬੜਾ ਪੈਸਾ ਕਮਾਇਆ ਪਰ ਅਖੀਰ ਵਤਨਾਂ ਭਾਵ ਆਪਣੇ ਪਿੰਡ ਨੂੰ ਵਾਪਸ ਆ ਗਿਆ। ਉਸ ਦੀ ਆਪਣੀ ਭਾਸ਼ਾ ਵਿਚ ਮਾਰ ਟਰੱਕ ਰੁਕਿਆ, ਵਿਚੋਂ ਸਮਾਨ ਨਿਕਲੀ ਜਾਵੇ, ਵਿਚੇ ਟਰੰਕ, ਵਿਚੇ ਸੰਦੂਖ਼, ਲਮਾਰੀਆਂ ਹੋਰ ਤਾਂ ਹੋਰ ਗਮਲੇ ਬੂਟਿਆਂ ਸਮੇਤ ਪੁਰਾਣੇ ਘਰ ਵਿਚ ਲਿਆ ਕੇ ਚਿਣ ਦਿੱਤੇ। ਕਹਾਣੀ ਦਾ ਤਾਤਪਰਜ ਹੁੰਦਾ ਸੀ ਕਿ ਨੌਕਰੀ ਖਤਮ ਹੋਣ 'ਤੇ ਸਾਰੀ ਖੱਟੀ ਕਮਾਈ ਲੈ ਕੇ ਘਰ ਪਰਤਣਾ ਹੈ। ਬੂਟਿਆਂ ਵਾਲੇ ਗਮਲੇ ਤੇ ਇਸ ਕਰਕੇ ਜ਼ੋਰ ਸੀ ਕਿ ਸਾਡੇ ਪਟਿਆਲੇ ਵਾਲੇ ਘਰ ਗਮਲੇ ਬਹੁਤ ਜ਼ਿਆਦਾ ਸੀ। ਇਹ ਚਰਨਜੀਤ ਦਾ ਸ਼ੌਂਕ ਸੀ। ਬੀਬੀ ਨੂੰ ਡਰ ਸੀ ਕਿ ਕਿਤੇ ਗਮਲਿਆਂ ਕਰਕੇ ਪਟਿਆਲੇ ਹੀ ਨਾ ਰਹਿ ਜਾਈਏ। ਉਸ ਨੂੰ ਆਪਣੇ ਮਨ ਦੀ ਗੱਲ ਸਿੱਧੀ ਨਾ ਕਹਿਣੀ ਆਉਂਦੀ, ਉਹ ਢੁਕਵੀਂ ਕਹਾਣੀ ਸੁਣਾ ਸਕਦੀ ਸੀ। ਉਹ ਗ਼ੁੱਸੇ ਹੋ ਸਕਦੀ ਸੀ ਜਾਂ ਕਲੇਸ਼ ਪਾ ਸਕਦੀ ਸੀ। ਮੈਨੂੰ ਲਗਦਾ ਮੇਰੇ ਵਿਚ ਸਿਰਜਣਾਤਮਕਤਾ ਬੀਬੀ ਤੋਂ ਆਈ ਅਤੇ ਤਰਕਸ਼ੀਲਤਾ ਬਾਪੂ ਤੋਂ ਪ੍ਰਾਪਤ ਹੋਈ।

ਸਾਡਾ ਨਾਨਕਾ ਘਰ ਵੀ ਕੋਠਿਆਂ ਵਿਚ ਹੀ ਸੀ ਪਰ ਅਸੀਂ ਵਰਤਦੇ ਨਹੀਂ ਸੀ। ਮੇਰੀ ਭੂਆ ਵੀ ਇੱਥੇ ਸੀ, ਉਨ੍ਹਾਂ ਨਾਲ ਕੋਈ ਬਹੁਤੀ ਨੇੜਤਾ ਨਹੀਂ ਸੀ। ਬੀਬੀ ਸਭ ਤੋਂ ਭੈਣ ਜਾਂ ਭੂਆ ਅਖਵਾ ਕੇ ਹੀ ਖੁਸ਼ ਹੁੰਦੀ। ਜੇ ਭੂਆ ਦੇ ਮੁੰਡੇ ਮਾਮੀ ਆਖਦੇ ਤਾਂ ਚਿੜ ਜਾਂਦੀ ਸੀ। ਉਸ ਸਮੇਂ ਅੱਜ ਵਾਂਗ ਔਲਾਦ ਨੂੰ ਪੜ੍ਹਨ ਦੇ ਨਾਂ 'ਤੇ ਸੁਹਲ ਰੱਖਣ ਦਾ ਰਿਵਾਜ ਨਹੀਂ ਸੀ। ਸਗੋਂ ਰੰਬੇ ਤੇ ਮੁੰਡੇ ਚੰਡੇ ਹੀ ਚੰਗੇ ਰਹਿੰਦੇ ਦਾ ਮਹਾਂਵਾਕ ਹੀ ਵਰਤਿਆ ਜਾਂਦਾ ਸੀ। ਸਾਨੂੰ ਦੋਹਾਂ ਭਰਾਵਾਂ ਨੂੰ ਮਾਲ ਡੰਗਰ ਖੇਤੀ ਦਾ ਸਾਰਾ ਕੰਮ ਨਾਲ ਕਰਾਉਣਾ ਪੈਂਦਾ ਸੀ। ਬੀਬੀ ਅਕਸਰ ਆਖਦੀ ਪੁੱਤ ਜੰਮੀਦੇ ਕਮਾਈਆਂ ਵਾਸਤੇ। ਉਸ ਦੀ ਨਜ਼ਰ ਵਿਚ ਵਿਹਲਾ ਬੰਦਾ ਨਿਖੱਟੂ ਸੀ। ਉਸ ਨੂੰ ਕੰਮ ਕਰਦਿਆਂ ਨੂੰ ਵੇਖ ਕੇ ਖੁਸ਼ੀ ਹੁੰਦੀ ਸੀ। ਉਸ ਦੀ ਕਰੋਪੀ ਤੋਂ ਬਚਣ ਲਈ ਸਭ ਨੂੰ ਕੰਮ ਕਰਨਾ ਪੈਂਦਾ ਸੀ। ਸਾਡੇ ਇਲਾਕੇ ਵਿਚ ਨਰਮਾ ਹੁੰਦਾ ਸੀ। ਨਰਮਾ ਚੁਗਣ ਲਈ ਦਿਹਾੜੀ 'ਤੇ ਚੋਣੀਆਂ ਜਾਂਦੀਆਂ ਸਨ। ਬੀਬੀ ਆਪ ਵੀ ਭੱਜ ਭੱਜ ਕੇ ਨਰਮਾ ਚੁਗਦੀ ਅਤੇ ਮੈਨੂੰ ਵੀ ਹੁਕਮ ਕਰਦੀ ਕਿ ਝੋਲ਼ੀ ਚੋਣੀਆਂ ਤੋਂ ਵੱਧ ਹੋਣੀ ਚਾਹੀਦੀ ਹੈ। ਤਾਂ ਹੀ ਉਹ ਕੰਮ ਕਰਨਗੀਆਂ। ਮੈਂ ਵੀ ਫੂਕ ਛਕ ਕੇ ਝੋਲ਼ੀ ਭਰ ਲੈਂਦਾ ਤਾਂ ਬੀਬੀ ਆਖਦੀ, 'ਨੀ ਥੋਡੇ ਨਾਲ਼ੋਂ ਤਾਂ ਜੁਆਕ ਨੇ ਵੱਧ ਚੁਗ ਲਿਆ।' ਤੁਸੀਂ ਤਾਂ ਨਿਰਾ ਪੈਸੇ ਦਾ ਖੌਅ ਆਂ।

ਚਲੋ ਲੱਗੋ ਨਬੇੜੋ ਕੰਮ, ਗੱਲਾਂ ਮਾਰੀ ਜਾਂਦੀਆਂ ਨੇ। ਆਪ ਹੀ ਬੀਬੀ ਨੇ ਕਹਾਣਾ ਬੋਲ ਦੇਣਾ ਓਲਣੇ ਕਚੋਲਣੇ ਸਿਰੇ ਤਕ ਨੀ ਬੋਲਣੇ। ਭਾਵ ਨਰਮੇ ਦੇ ਕਿਆਰੇ ਦੇ ਸਿਰੇ ਆਉਣ ਤਕ ਚੁਗਾਈ ਵੱਲ ਹੀ ਧਿਆਨ ਦੇਣਾ ਹੈ। ਕਿਸੇ ਨੇ ਬੋਲਣਾ ਨਹੀਂ। ਬੀਬੀ ਖੁਦ ਮਿਹਨਤ ਕਰਦੀ ਸੀ ਤੇ ਦੂਜਿਆਂ ਨੂੰ ਕੰਮ ਲਈ ਮਜਬੂਰ ਕਰ ਦਿੰਦੀ ਸੀ।

ਬੀਬੀ ਛੋਟੀ ਗੱਲ 'ਤੇ ਖੁਸ਼ ਹੋ ਜਾਂਦੀ ਸੀ ਤੇ ਨਿੱਕੀ ਗੱਲ 'ਤੇ ਰੁੱਸ ਜਾਂਦੀ ਸੀ। ਦੇਸੀ ਪੇਂਡੂ ਜੀਵਨ ਜਾਚ ਵਾਲੇ ਬੰਦੇ ਉਸ ਨੂੰ ਆਪਣੇ ਲੱਗਦੇ, ਉਨ੍ਹਾਂ ਦੀ ਵਡਿਆਈ ਕਰਦਿਆਂ ਸਿਰਾ ਲਾ ਦਿੰਦੀ ਸੀ ਤੇ ਜਿਹੜੇ ਬੰਦੇ ਉਸ ਨੂੰ ਬੁਰੇ ਲਗਦੇ ਉਨ੍ਹਾਂ ਦਾ ਮੂੰਹ ਮੁਹਾਂਦਰਾ ਵੀ ਬੁਰਾ ਬਣ ਜਾਂਦਾ ਸੀ। ਉਹ ਬੰਦੇ ਨੂੰ ਟੋਟਿਆਂ ਵਿਚ ਨਹੀਂ ਸਮੁੱਚ ਵਿਚ ਹੀ ਵੇਖਦੀ ਸੀ। ਕੋਈ ਸਾਰਾ ਹੀ ਬੁਰਾ, ਕੋਈ ਸਾਰਾ ਹੀ ਚੰਗਾ। ਵੈਸੇ ਤਾਂ ਬੀਬੀ ਦੀਆਂ ਚੀਜ਼ਾਂ ਨੂੰ ਬੀਬੀ ਦੀ ਆਗਿਆ ਬਿਨਾਂ ਹੱਥ ਲਾਉਣ ਦੀਂ ਜੁਰਅਤ ਨਹੀਂ ਪੈਂਦੀ ਸੀ ਪਰ ਇਕ ਵਾਰ ਅਸੀਂ ਪਿੰਡ ਛੁੱਟੀਆਂ ਕੱਟਣ ਗਏ ਹੋਏ ਸੀ ਤੇ ਦੁਪਹਿਰੇ ਸੁੱਤੀ ਪਈ ਬੀਬੀ ਦਾ ਲਾਹਾ ਲੈਂਦਿਆਂ, ਮੇਰਾ ਭਤੀਜਾ ਅਮਨ ਗਾਂਧੀ ਚਰਖੇ ਨਾਲ ਖੇਡਣ ਲੱਗ ਪਿਆ ਤਾਂ ਚਰਨਜੀਤ ਬੀਬੀ ਵਾਲੇ ਬੋਹੀਏ ਵਿਚੋਂ ਉਸ ਦੀਆਂ ਪੂਣੀਆਂ ਚੱਕ ਲਿਆਈ। ਉਸਨੇ ਇਸ ਗਾਂਧੀ ਚਰਖੇ 'ਤੇ ਕੱਤ ਕੇ, ਛੋਟਾ ਜਿਹਾ ਗਲੋਟਾ ਉਤਾਰ ਲਿਆ। ਬੀਬੀ ਜਾਗੀ ਤਾਂ ਅਸੀਂ ਉਸਨੂੰ ਚਰਨਜੀਤ ਦਾ ਲਾਹਿਆ ਗਲੋਟਾ ਫੜਾ ਦਿੱਤਾ। ਬੀਬੀ ਖੁਸ਼ੀ ਵਿਚ ਖੀਵੀ ਹੋਈ ਫਿਰੇ ਕਿ ਮੇਰੀ ਸ਼ਹਿਰਨ ਜਿਹੀ ਨੂੰਹ ਨੇ ਗਾਂਧੀ ਚਰਖੇ 'ਤੇ ਵੀ ਗਲੋਟਾ ਲਾਹ ਦਿੱਤਾ। ਉਸ ਨੇ ਗਲੋਟਾ ਗੀਝੇ ਵਿਚ ਪਾਇਆ ਤੇ ਲੋਕਾਂ ਨੂੰ ਦਿਖਾਉਂਦੀ ਫਿਰੇ ਅਖੇ ਦੇਖੋ ਮੇਰੀ ਨੂੰਹ ਵੀ ਕੱਤਣ ਤੁੰਮਣ ਜਾਣਦੀ ਹੈ। ਉਸਨੇ ਤਾਂ ਗਾਂਧੀ ਚਰਖੇ 'ਤੇ ਵੀ ਗਲੋਟਾ ਲਾਹ ਲਿਆ। ਉਸ ਨੇ ਖੁਸ਼ੀ ਵਿਚ ਇਨਾਮ ਵਜੋਂ ਇਹ ਚਰਖਾ ਚਰਨਜੀਤ ਨੂੰ ਹੀ ਦੇ ਦਿੱਤਾ। ਮੇਰੀ ਵੱਡੀ ਬੇਟੀ ਉਸ ਨਾਲ ਖੇਡਦੀ ਪਰ ਸਾਂਭ ਕੇ ਰੱਖਿਆ ਗਾਂਧੀ ਚਰਖਾ 1993 ਦੇ ਹੜ੍ਹਾਂ ਦੀ ਭੇਟ ਚੜ੍ਹ ਗਿਆ। ਚਰਨਜੀਤ ਨੂੰ ਇਸ ਦਾ ਬੜਾ ਅਫਸੋਸ ਹੈ। ਸੋ ਪਤਾ ਨਹੀਂ ਬੀਬੀ ਨੂੰ ਕਿਹੜੀ ਗੱਲ ਖੁਸ਼ੀ ਦੇ ਜਾਂਦੀ ਸੀ। ਉਸ ਲਈ ਚਰਨਜੀਤ ਦੀ ਕੰਪਿਊਟਰ 'ਤੇ ਹਾਈ ਟਾਈਪਿੰਗ ਸਪੀਡ, ਨੌਕਰੀ ਕਰਨਾ ਜਾਂ ਕਾਰ ਚਲਾਉਣਾ ਬਹੁਤਾ ਮਾਇਨੇ ਨਹੀਂ ਰਖਦਾ ਸੀ ਪਰ ਚਰਖਾ ਚਲਾਉਣਾ ਵੱਡੀ ਪ੍ਰਾਪਤੀ ਸੀ।

ਪਿਛਲੀ ਉਮਰ ਜਾ ਕੇ ਵੀ ਬੀਬੀ ਨੇ ਜੱਦੀ ਘਰ ਨਹੀਂ ਛੱਡਿਆ। ਕਹਿੰਦੀ ਸੀ ਕਿ ਚਿੜੀ ਵੀ ਆਲ੍ਹਣਾ ਨਹੀਂ ਛੱਡਦੀ। ਸਾਡੇ ਕੋਲ਼ ਪਟਿਆਲੇ ਆ ਕੇ ਰਹਿ ਜਾਂਦੀ ਪਰ ਜਲਦੀ ਬਹਾਨਾ ਬਣਾ ਕੇ ਚਲੀ ਜਾਂਦੀ ਕਿ ਥੋੜੇ ਬਾਪੂ ਜੀ ਦੀ ਪੈਨਸ਼ਨ ਲੈਣੀ ਐ। ਵੱਡੇ ਵੀਰ ਨੇ ਸ਼ਹਿਰ ਕੋਠੀ ਬਣਾ ਲਈ ਪਰ ਬੀਬੀ ਨੇ ਕੋਠਿਆਂ ਵਾਲਾ ਘਰ ਨਾ ਛੱਡਿਆ। ਆਖਰੀ ਸਮੇਂ ਵੀ ਘਰ ਹੀ ਡਿੱਗੀ ਸੀ। ਕੁਝ ਦਿਨ ਹਸਪਤਾਲ ਰਹੀ ਤੇ ਚਲੀ ਗਈ। ਉਸ ਦੀਆਂ ਕੋਈ ਵੱਡੀਆਂ ਇੱਛਾਵਾਂ ਨਹੀਂ ਸੀ, ਉਸ ਨੇ ਕੁਝ ਮੰਗਿਆ ਵੀ ਨਹੀਂ ਸੀ, ਉਸ ਨੂੰ ਕੁਝ ਚਾਹੀਦਾ ਵੀ ਨਹੀਂ ਸੀ। ਉਸ ਨੂੰ ਉਹੀ ਬੰਦਾ ਚੰਗਾ ਲਗਦਾ ਜਿਹੜਾ ਉਸ ਕੋਲ਼ ਬਹਿ ਕੇ ਉਸ ਦੀਆਂ ਗੱਲਾਂ ਸੁਣਦਾ। ਉਸ ਦੀਆਂ ਫਸਲ ਵਾੜੀ ਅਤੇ ਡੰਗਰ ਵੱਛੇ ਬਾਰੇ ਠੀਕ ਗ਼ਲਤ ਗੱਲਾਂ ਦੀ ਹਾਮੀ ਭਰਦਾ। ਉਸ ਨੇ ਭਰਪੂਰਤਾ ਵਾਲੀ ਜ਼ਿੰਦਗੀ ਜਿਉਂਈ, ਆਪਣੀਆਂ ਸ਼ਰਤਾਂ 'ਤੇ ਜਿਊਂਈ, ਉਹ ਆਪਣਾ ਗ਼ੁੱਸਾ ਅੰਦਰ ਨਹੀਂ ਦਬਾਉਂਦੀ ਸੀ, ਬਾਹਰ ਕੱਢਦੀ ਸੀ। ਦੁਨਿਆਵੀ ਤੌਰ 'ਤੇ ਉਸ ਕੋਲ ਸਭ ਕੁਝ ਸੀ, ਬਾਪੂ ਜੀ ਦੀ ਪੈਨਸ਼ਨ, ਨੌਕਰੀਆਂ ਲੱਗੇ ਧੀ, ਪੁੱਤ, ਨੂੰਹਾਂ, ਪੋਤੇ ਪੋਤੀਆਂ, ਦੋਹਤੇ ਦੋਹਤੀਆਂ, ਕੋਠੀਆਂ ਕਾਰਾਂ, ਬੈਂਕ ਬੈਲੇਂਸ, ਜ਼ਮੀਨ ਜਾਇਦਾਦ, ਉਮਰ ਦੇ ਲਿਹਾਜ਼ ਨਾਲ ਸਿਹਤ ਵੀ ਠੀਕ ਸੀ ਪਰ ਉਹ ਬਹੁਤੀ ਖੁਸ਼ ਨਹੀਂ ਸੀ। ਉਸ ਨੂੰ ਪੜ੍ਹਿਆਂ ਲਿਖਿਆਂ ਦੇ ਸ਼ਹਿਰੀ ਸਮਾਜ ਦੀ ਰਹਿਣੀ ਬਹਿਣੀ ਤੇ ਚਾਲ ਢਾਲ ਫਿੱਟ ਨਹੀਂ ਸੀ। ਉਸ ਨੂੰ ਪੇਂਡੂ ਠਾਠ ਵਾਲੀ ਜ਼ਿੰਦਗੀ ਚਾਹੀਦੀ ਸੀ ਜਿਸ ਵਿਚ ਬਹੁਤ ਸਾਰੀ ਫਸਲ ਤੇ ਮਾਲ ਡੰਗਰ ਹੋਣ। ਇਹੋ ਜਿਹੀ ਸੀ ਸਾਡੀ ਬੀਬੀ। 000

***(3051, ਫੇਜ਼ 2, ਅਰਬਨ ਐਸਟੇਟ, ਪਟਿਆਲਾ- 147 002***
***ਫੋਨ: +91-98150-50617)***

# ਜਾਹ-ਜਾਂਦੀ: ਕਹਾਣੀ: ਹਰਪ੍ਰੀਤ ਸਿੰਘ ਚਨੂੰ

ਹਾੜ੍ਹ ਦਾ ਪਿਛਲਾ ਪੱਖ ਸ਼ੁਰੂ ਹੋਣ ਵਾਲਾ ਸੀ। ਜੇਠ ਦੀਆਂ ਤਪਦੀਆਂ ਦੁਪਹਿਰਾਂ ਤੇ ਲੂਆਂ ਨੇ ਬਨਸਪਤੀ ਦੀ ਹਰਿਆਵਲ ਝੁਲਸਾ ਕੇ ਰੱਖ ਦਿੱਤੀ ਸੀ। ਕਿੱਕਰਾਂ ਤਾਂ ਛਾਂ ਦੇਣ ਤੋਂ ਹੀ ਅਸਮਰੱਥ ਸਨ। ਪਿੱਪਲ਼ਾਂ, ਟਾਹਲੀਆਂ, ਨਿੰਮਾਂ ਤੇ ਹੋਰ ਸਬਜ਼-ਜਾਦ ਦਰੱਖਤਾਂ ਦੇ ਪੱਤਿਆਂ ਦੀਆਂ ਕੰਨੀਆਂ ਕਰੂੰਬਲਾਂ ਨੂੰ ਵੀ ਲੂਅ ਨੇ ਲੂਹ ਸੁੱਟਿਆ ਸੀ।

ਪੈਲੀਆਂ ਵਿਚ ਪਰਮਲ ਝੋਨੇ ਦੀ ਲੁਆਈ ਨਿਬੜਨ ਵਾਲੀ ਸੀ। ਬਾਸਮਤੀ ਲਾਉਣ ਲਈ ਲੋਕ 'ਤਾਂਹ ਰੱਬ ਵੱਲ ਤਾਂਘ ਤੇ ਤਰਸ ਭਰੀਆਂ ਨਜ਼ਰਾਂ ਨਾਲ ਵੇਖ ਰਹੇ ਸਨ... ਕੁਛ ਮੰਗ ਰਹੇ ਸਨ, ਕੋਈ ਆਸ ਲਾਈ ਬੈਠੇ ਸਨ। ਖੇਤਾਂ ਵਿਚ ਭਰਿਆ ਪਾਣੀ ਗਰਮੀ ਨਾਲ ਉਡ ਰਿਹਾ ਸੀ। ਸੁਬ੍ਹਾ ਠੰਢਕ ਦਾ ਅਹਿਸਾਸ, ਦੁਪਹਿਰੇ ਗਰਮੀ ਤੇ ਬਾਅਦ ਦੁਪਹਿਰ ਹੁੰਮਸ ਦੇ ਕਹਿਰ ਵਿਚ ਲਗਾਤਾਰ ਵਾਧਾ ਹੋ ਰਿਹਾ ਸੀ।

ਘਰ ਦਾ ਮਾਲਕ ਜਸਕਰਨ ਖੇਤ-ਬੰਨੇ ਗੇੜਾ ਮਾਰ ਕੇ ਦੁਪਹਿਰ ਤੋਂ ਪਹਿਲਾਂ ਘਰੇ ਆ ਕੇ ਲੌਬੀ ਵਿਚ ਦਿਵਾਨ 'ਤੇ ਬੈਠਾ...ਸਵੇਰ ਵਲ਼ਲੇ ਰਿੜਕਣੇ ਦੀ ਪੁਣ-ਛਾਣ ਕੇ ਫਰਿਜ ਵਿਚ ਰੱਖੀ ਲੱਸੀ ਪੀ ਰਿਹਾ ਸੀ। ਘਰ ਦੀ ਮਾਲਕਣ ਜਸਵਿੰਦਰ ਕੋਲ਼ ਹੀ ਆਰਾਮ ਨਾਲ ਕੁਰਸੀ ਉੱਤੇ ਬੈਠੀ ਹੋਈ, ਉੱਚੀ ਨੀਵੀਂ ਕੁਝ ਕਹਿ ਰਹੀ ਸੀ ਪਰ ਜਸਕਰਨ ਉਸ ਦੀਆਂ ਗੱਲਾਂ-ਸ਼ਿਕਾਇਤਾਂ-ਖਿਝ-ਉਜ਼ਰ ਨੂੰ ਬੜੇ ਠਰੰਮੇ ਤੇ ਤਹੱਮਲ ਨਾਲ ਸੁਣ ਕੇ ਆਵਦੀ ਥਕਾਵਟ ਲਾਹ ਰਿਹਾ ਸੀ।

"ਸਿਮਰ ਨੂੰ ਡਲਹੌਜ਼ੀ ਗਿਆਂ ਅੱਜ ਅੱਠਵਾਂ ਦਿਨ ਹੋ ਗਿਆ ਹੈ। ਮਸਾਂ ਕਿਤੇ ਤੀਜੇ ਦਿਨ ਫੋਨ ਆਉਂਦਾ ਹੈ। ਵੇਖੋ ਕਿਵੇਂ ਦੋਸਤਾਂ ਬੇਲੀਆਂ ਦੀ ਸੰਗਤ ਵਿਚ ਗਲਤਾਨ ਹੋਇਆ ਪਿਆ। ਕਦੇ-ਕਦੇ ਤਾਂ ਬੇਟੀ ਹਰਮਨ ਨੂੰ ਸਿੰਗਾਪੁਰ ਵੀਡੀਓ ਪੋਸਟ ਭੇਜਦਾ ਹੈ ਤੇ ਉਹ ਅੱਗੋਂ ਸੁਗੰਧਾ ਨੂੰ ਭੇਜ ਦਿੰਦੀ ਹੈ...ਉਹਨੂੰ ਪਤਾ ਐ ਬਈ ਆਪਾਂ ਤੋਂ ਇਹ ਮੋਬਾਈਲ ਖੋਲ੍ਹਣ ਚਲਾਉਣ ਦਾ ਪੰਗਾ ਨਹੀਂ ਹੋਣਾ। ਅਜੇ ਕੱਲ੍ਹ ਹੀ ਸੁਗੰਧਾ ਨੇ ਖਿਜਿਆਰ ਤਾਲ ਦੀ ਵੀਡੀਓ ਮੈਨੂੰ ਵਿਖਾਈ ਸੀ...ਜਗ੍ਹਾ ਤਾਂ ਬਥੇਰੀ ਸੁਹਣੀ ਐ- ਪਰ ਕਿਵੇਂ ਦੇਸੀ ਬਦੇਸੀ ਮੁੰਡੇ ਕੁੜੀਆਂ ਇਕ ਦੂਜੇ ਵਿਚ ਮੋਢੇ ਮਾਰਦੇ ਫਿਰਦੇ ਸੀ, ਨਾ ਸ਼ਰਮ ਨਾ ਕੋਈ ਹਯਾ...।"

'ਭਲੀਏ ਲੋਕੇ, ਜ਼ਮਾਨੇ ਦੇ ਹਿਸਾਬ ਨਾਲ ਸਭ ਕੁਝ ਬਦਲੀ ਜਾਂਦਾ ਹੈ। ਜਦੋਂ ਤੂੰ ਏਸ ਪਿੰਡ ਆਈ ਸੈਂ...ਆਪਾਂ ਅਹੁ ਪੁਰਾਣੇ, ਪਿੰਡ ਵਿਚਲੇ ਅੰਦਰਲੇ ਘਰੇ ਰਹਿੰਦੇ ਸਾਂ...ਖੁੱਲ੍ਹੇ ਦਲਾਨ ਤੇ ਖਜੂਰ ਜਿੱਡੀਆਂ ਉੱਚੀਆਂ ਸੰਦੂਕੀ ਛੱਤਾਂ। ਨਾ ਜਾਲੀ ਵਾਲੇ ਬੂਹੇ-ਬਾਰੀਆਂ, ਨਾ ਬਿਜਲੀ ਵਾਲੇ ਪੱਖੇ... ਲੱਕੜ ਦੇ ਸ਼ਤੀਰਾਂ ਨਾਲ ਲਟਕਦੇ ਝਾਲਰ ਵਾਲੇ ਪੱਖੇ ਹੁੰਦੇ...ਬਾਹਰ ਵਰਾਂਡੇ ਵਿਚ ਰੱਸੀ ਖਿੱਚ ਕੇ ਉਹਨੂੰ ਝੱਲਦਾ ਮੁੰਡੂ...ਜੇ ਨਿਆਣੇ ਨੂੰ ਨੀਂਦ ਆ ਜਾਂਦੀ ਤੇ ਗਰਮੀ ਨਾਲ ਤੇਰੀ ਅੱਖ ਖੁੱਲ੍ਹ ਜਾਂਦੀ ਤਾਂ ਤੂੰ ਉਹਦੀ ਐਸੀ ਤੈਸੀ ਕਰ ਕੇ ਰੱਖ ਦਿੰਦੀ...ਵਿਚਾਰਾ ਜੁਆਕ ਨਿੰਮੋਝੂਣਾ ਹੋ ਕੇ ਫੇਰ ਰੱਸੀ ਖਿੱਚਣ ਲੱਗ ਪੈਂਦਾ।'

'ਤੇ ਹੁਣ ਤੈਨੂੰ ਚਾਰੇ ਪਾਸਿਓਂ, ਜਾਲੀਦਾਰ ਦਰਵਾਜ਼ੇ ਖਿੜਕੀਆਂ ਤੇ ਰੰਗੀਨ ਸ਼ੀਸ਼ਿਆਂ ਨਾਲ ਮਹਿਫੂਜ਼ ਕੋਠੀ ਵਿਚ, ਸਪਲਿਟ ਏ.ਸੀ. ਵਿਚ ਬੈਠੀ ਨੂੰ ਫਰਿਜ ਦੀ ਠੰਢੀ-ਠੰਢੀ ਲੱਸੀ ਪੀ ਕੇ ਵੀ ਜੇ ਚੈਨ ਨ੍ਹੀਂ ਆਉਂਦਾ...ਤਾਂ ਫੇਰ...ਤੇਰਾ ਤਾਂ ਰੱਬ ਰਾਖਾ।... ਯਾਦ ਕਰ ਕੇ ਵੇਖ ਜਦੋਂ ਤੜਕੇ ਚਾਰ ਵਜੇ ਉੱਠ ਕੇ ਧਾਰਾਂ ਕੱਢਦੀ ਛਟੀਆਂ ਨਾਲ ਚੁੱਲ੍ਹਾ ਬਾਲ਼ਦੀ ਚਾਹ ਕਰਦੀ...ਹੱਥੀਂ ਦੁੱਧ ਰਿੜਕਦੀ ਤੇ ਦੁਪਹਿਰੇ ਤੰਦੂਰ ਤਪਾਉਂਦੀ ਸੈਂ।...ਬਥੇਰੀ ਮਿਹਨਤ ਕੀਤੀ, ਹੁਣ ਰੱਬ ਦਾ ਸ਼ੁਕਰ ਕਰ ਕੇ ਚਾਰ ਦਿਨ ਸੁੱਖ ਦੇ ਕੱਟ ਲੈ, ਅਨੰਦ ਮਾਣ ਲੈ...ਕਿਉਂ ਚੱਤੇ ਪਹਿਰ ਸੁਗੰਧਾ ਨੂੰ ਵੇਖ ਕੇ ਕਮਾਨ ਕਸੀ

ਫਿਰਦੀ ਐਂ...। ਧੀ ਆਪਣੀ ਸੁੱਖ ਨਾਲ ਸਿੰਗਾਪੁਰ ਆਵਦੇ ਘਰੇ ਸੁਖੀ ਵਸਦੀ ਐ। ਸਿਮਰ ਪੜ੍ਹ ਲਿਖ ਕੇ ਆਵਦੀ ਨੌਕਰੀ...ਕੰਮ ਧੰਦੇ ਵਿਚ ਪਊ। ਆਪਣਾ ਕੰਮ ਸੀ ਉਹਨੂੰ ਪੜ੍ਹਾਉਣਾ ਲਿਖਾਉਣਾ, ਉਹਦੀ ਪਰਵਰਿਸ਼ ਕਰਨੀ। ਸਬਰ ਸੰਤੋਖ ਨਾਲ ਹੀ 'ਤੁਸ਼ਟੀ ਮਿਲਦੀ ਹੁੰਦੀ ਐ। ਚਿੰਤਾ ਮੁਕਤ ਹੋ ਕੇ ਕੱਟ ਲੈ ਬਾਕੀ ਬਚਦੀ, ਐਵੇਂ ਨਾ ਸਾਰਾ ਦਿਨ ਸੁਗੰਧਾ-ਸੁਗੰਧਾ ਲਾਈ ਰੱਖਿਆ ਕਰ। ਵੇਖ ਲੈ ਜੇ ਏਹਦੇ ਬਿਨਾਂ ਸਾਰ ਲਵੇਂਗੀ ਤਾਂ...ਮੈਂ ਤਾਂ ਏਹਦੇ ਪਿਉ ਨੂੰ ਕਹਿ ਕੇ ਕੱਲ੍ਹ ਨੂੰ ਬੀਬੀ ਕੋਲ਼ ਪਟਿਆਲੇ ਭੇਜ ਦਿੰਦਾ ਹਾਂ।'

'ਬਸ-ਬਸ ਬਾਬਾ ਬਸ। ਏਸ ਬੰਦੇ ਨੂੰ ਤਾਂ ਲੜਾਈ ਦਾ ਕੋਈ ਬਹਾਨਾ ਚਾਹੀਦਾ ਹੁੰਦਾ...ਨਾ ਮੈਂ ਥੋਨੂੰ ਕਦੋਂ ਕਿਹਾ ਬਈ ਏਸ ਦੀ ਛੁੱਟੀ ਕਰ ਦਿਉ। ਮੈਂ ਤਾਂ ਏਹਦੇ ਲਛਣੇ-ਕੁਲਛਣੇ ਵੇਖ ਕੇ ਫਿਕਰਮੰਦ ਹੁੰਦੀ ਹਾਂ। ਆਪਾਂ ਨੂੰ ਕਿੱਥੇ ਸਰਦਾ ਹੈ ਏਹਦੇ ਬਿਨਾਂ...ਨਾ ਕੋਈ ਏਹਦੇ ਵਰਗੀ ਥਿਆਵੇ। ਬਸ ਮੈਂ ਤਾਂ ਕਹਿੰਦੀ ਸੀ ਬਈ ਜੇ ਮਾੜਾ ਜਾ ਕੰਟਰੋਲ ਰਵ੍ਹੇ ਤਾਂ ਏਹ ਲੋਕ ਹੱਥੋਂ ਬਾਹਰ ਨਹੀਂ ਹੁੰਦੇ...।'

ਲੌਬੀ ਦੇ ਬਾਹਰ ਵਰਾਂਡੇ ਦੇ ਇਕ ਪਾਸੇ ਬਣੀ ਕਿਚਨ ਵਿਚ ਭਾਂਡਿਆਂ ਦਾ ਖੜਕਣਾ ਬੰਦ ਹੋਇਆ ਤੇ ਆਵਾਜ਼ ਆਈ, 'ਆਂਟੀ ਖਾਣੇ ਦਾ ਕਿਆ ਪ੍ਰੋਗਰਾਮ ਹੈ। ਅਭੀ ਬਣਾਊਂ ਜਾਂ ਰੁਕ ਜਾਊਂ?'

'ਬਣਾਉਣ ਦੀ ਤਿਆਰੀ ਕਰ...ਰੁਕਣਾ ਕਿਉਂ ਹੈ...ਹੋਰ ਅੱਧੇ ਘੰਟੇ ਤਕ ਖਾ ਲਵਾਂਗੇ।'

ਇਕ ਹੱਥ ਨਾਲ ਕੰਨ ਨੂੰ ਸੱਤ ਇੰਚ ਦਾ ਕਾਲਾ ਸੈਮਸੰਗ ਦਾ ਸਮਾਰਟ ਫੋਨ ਲਾਈ ਤੇ ਦੂਜੇ ਹੱਥ ਵਿਚ ਸਲਾਦ ਵਾਲੀ ਪਲੇਟ ਫੜੀ ਸੁਗੰਧਾ ਲੌਬੀ ਵਿਚ ਦਾਖ਼ਲ ਹੋਈ ਤੇ ਸਿੱਧੀ ਡਾਈਨਿੰਗ ਟੇਬਲ ਕੋਲ਼ ਜਾ ਖੜ੍ਹੀ ਹੋਈ।

'ਹਾਂ-ਹਾਂ ਭਈਆ...ਮੈਂ ਇਧਰ ਹੀ ਹੂੰ...ਆਂਟੀ ਅੰਕਲ ਭੀ ਮੇਰੇ ਪਾਸ ਬੈਠੇ ਹੈਂ...ਜੀ ਭਈਆ ਔਰ ਬਤਾਓ ਆਪ ਕੀ ਡਲਹੌਜ਼ੀ ਕੀ ਯਾਤਰਾ ਕੈਸੀ ਰਹੀ...ਅਬ ਵਾਪਿਸ ਭੀ ਆ ਜਾਓ... ਆਂਟੀ...ਅੰਕਲ...ਹਮ ਸਭ...ਅਰੇ ਭਈਆ ਆਪ ਕੇ ਬਿਨਾਂ ਘਰ ਮੇਂ ਚਹਿਲ-ਪਹਿਲ, ਰੌਣਕ-ਮੇਲਾ ਹੀ ਨਹੀਂ...ਜੀ-ਜੀ...ਮੈਂ ਦੇਖ ਰਹੀ ਹੂੰ, ਕਿਆ ਖ਼ੂਬਸੂਰਤ ਦ੍ਰਿਸ਼ ਹੈ- ਆਪ ਤੋ ਮਜੇ ਲੂਟ ਰਹੇ ਹੋ...। ਜੀ ਭਈਆ ਮੇਂ ਆਂਟੀ ਕੋ ਫੋਨ ਦੇ ਰਹੀ ਹੂੰ...ਹਾਂ ਵੀਡੀਓ ਕਾਲ ਜਾਰੀ ਰੱਖੀਏਗਾ...।'

ਆਂਟੀ ਜਸਵਿੰਦਰ ਭਰੀ ਪੀਤੀ ਸੁਗੰਧਾ ਦੀ ਸਿਮਰ ਨਾਲ ਫੋਨ ਉੱਤੇ ਹੋ ਰਹੀ ਗੱਲਬਾਤ ਤੇ ਸੁਗੰਧਾ ਦੇ ਸਰੀਰ ਦੇ ਲਟਕੇ ਝਟਕੇ ਤੇ ਹਾਵ-ਭਾਵਾਂ ਨੂੰ ਤਿਰਛੀ ਨਜ਼ਰ ਨਾਲ ਵੇਖ ਰਹੀ ਸੀ। ਨਾਲੇ ਬਿਨ ਬੋਲੇ ਜਸਕਰਨ ਤੋਂ ਅੱਖਾਂ ਨਾਲ ਸਵਾਲ ਪੁੱਛ ਰਹੀ ਸੀ।

"ਲਓ ਆਂਟੀ...ਭਈਆ ਜੀ ਕੀ ਵੀਡੀਓ ਕਾਲ ਹੈ...ਹੋਟਲ ਕੀ ਬਾਲਕੋਨੀ ਸੇ ਪਹਾੜੋਂ ਔਰ ਡਲਹੌਜ਼ੀ ਕਾ ਨਜ਼ਾਰਾ ਭੀ ਦੇਖੋ...ਔਰ ਜਿਤਨੀ ਦੇਰ ਚਾਹੋ...ਖੁਲ੍ਹ ਕੇ ਦੋਨੋਂ ਬਾਤ ਕਰੋ...ਕੋਈ ਟੈਨਸ਼ਨ ਨਹੀਂ...ਯੇ ਵ'ਟਸਅਪ ਕਾਲ ਹੈ...।"

"ਕਿਉਂ ਵੇ ਸਿਮਰ, ਸਾਡੇ ਕੋਲ਼ ਵੀ ਫੋਨ ਹੈਗੇ...ਏਹ ਸੁਗੰਧਾ ਨੂੰ ਵਿਚਾਲ਼ੇ ਫਸਾ ਕੇ ਕਿਉਂ ਬਹਿ ਜਾਂਦੈ। ਸਿੱਧਾ ਸਾਡੇ ਨਾਲ ਨ੍ਹੀਂ ਗੱਲ ਕਰ ਸਕਦਾ?"

"ਓ ਕਮ ਆਨ ਮੰਮਾ...ਮੈਂ ਅੱਗੇ ਕਈ ਵਾਰੀ ਟਰਾਈ ਕੀਤੀ ਐ...ਤੁਹਾਡੇ ਕੋਲੋਂ ਵ'ਟਸਅਪ ਵੀਡੀਓ ਕਾਲ ਰਿਸੀਵ ਹੀ ਨਹੀਂ ਹੁੰਦੀ...ਏਸ ਕਰ ਕੇ ਵਾਇਆ ਸੁਗੰਧਾ ਮਿਲਾਇਆ ਹੈ। ਛੱਡੋ ਪਰ੍ਹੇ...ਹੋਰ ਦੱਸੋ ਕੀ ਹਾਲ-ਚਾਲ ਹੈ? ਝੋਨਾ ਤਾਂ ਲੱਗ ਗਿਆ ਹੋਣਾ ਹੈ...ਬਾਰਸ਼ ਹੋਈ ਕਿ ਨਹੀਂ... ਬਹੁਤ ਹੀ ਖ਼ੂਬਸੂਰਤ ਹਿੱਲ ਸਟੇਸ਼ਨ ਹੈ...ਅਗਲੀ ਵਾਰੀ ਤੁਹਾਨੂੰ ਵੀ ਨਾਲ ਲੈ ਕੇ ਆਵਾਂਗਾ...ਹੋਰ ਡੈਡ ਕੀ ਕਰ ਰਹੇ ਹਨ...ਦੀਦੀ ਨਾਲ ਤਾਂ ਸਿੰਗਾਪੁਰ ਰੋਜ਼ ਹੀ ਗੱਲਬਾਤ ਹੋ ਜਾਂਦੀ ਹੈ...।"

"ਜਸਵਿੰਦਰ ਏਹਨੂੰ ਆਖ...ਇਹ ਦੀਦੀ-ਦੀਦੀ ਦੀ ਕੀ ਰਟ ਲਾਈ ਐ...ਭੈਣ ਨ੍ਹੀਂ ਕਿਹਾ ਜਾਂਦਾ...।"

"ਕੋਈ ਨਾ ਸਰਦਾਰ ਜੀ...ਤੁਸੀਂ ਹੀ ਹੁਣੇ ਕਹਿ ਕੇ ਹਟੇ ਹੋ ਕਿ ਜ਼ਮਾਨਾ ਬਦਲ ਰਿਹਾ

ਹੈ...।"

"ਹਾਂ ਮਾਈ ਡੀਅਰ ਪੇਰੈਂਟਸ...ਫਾਰ ਯੋਰ ਕਾਈਂਡ ਇਨਫਰਮੇਸ਼ਨ ਸਾਡਾ ਟ੍ਰਿਪ ਪਰਸੋਂ ਖ਼ਤਮ ਹੋ ਜਾਵੇਗਾ...ਤੇ ਮੈਂ ਪੂਰੇ ਦਸ ਦਿਨ ਤੁਹਾਡੇ ਕੋਲ਼ ਲਾ ਕੇ ਫੇਰ ਚੰਡੀਗੜ੍ਹ ਜਾਵਾਂਗਾ।...ਓਕੇ ਦੈੱਨ...ਮਿਲਦੇ ਹਾਂ ਫਿਰ, ਬਾਏ ਗੁਡ...ਡੇਅ...।"

"ਨਾ ਮੇਰੀ ਗੱਲ ਸੁਣੋ, ਫੋਨ ਉੱਤੇ ਆਪਾਂ ਵੀ ਗੱਲ ਕੀਤੀ ਐ...ਪਰ ਤੁਸੀਂ ਕੁਛ ਨੋਟਿਸ ਕੀਤਾ...ਇਹ ਤੁਹਾਡੀ ਨਖਰੀਲੀ...ਚਹੇਤੀ ਮੇਡ, ਕਿਵੇਂ ਚਟਕ-ਮਟਕ ਕੇ ਗੱਲਾਂ ਕਰਦੀ ਸੀ। ਹੂੰਅ...ਜਿਵੇਂ 'ਅਰਾਧਨਾ' ਦੀ ਸ਼ਰਮੀਲਾ ਟੈਗੋਰ ਹੋਵੇ...।"

ਜਸਕਰਨ ਖੁਲ੍ਹ ਕੇ ਹੱਸਿਆ, "ਰੱਸੀ ਭਾਵੇਂ...ਪਰ ਵੱਟ ਨਹੀਂ ਜਾਂਦਾ...ਸ਼ਾਹਪੀਣੀ ਦੀ ਜੰਮੀ ਜਾਈ...ਸਾਹ ਪੀਣੀ ਹੀ ਰਹੂ।"

"ਖ਼ਬਰਦਾਰ ਜੇ ਮੇਰੇ ਪੇਕੇ ਪਿੰਡ ਦੇ ਨਾਂਅ ਨਾਲ ਮੇਰੇ ਕਿਰਦਾਰ...ਸੁਭਾਅ ਨੂੰ ਜੋੜਿਆ ਤਾਂ... ਵੇਖ ਲਿਓ ਕਿਤੇ ਏਥੇ ਹੀ...ਰੱਬ ਨਾ ਕਰੇ ਬੈਂਗਣੀ ਉਘੜ ਪਵੇ...।"

ਜਸਵਿੰਦਰ ਕੁਰਸੀ ਤੋਂ ਉਠ ਕੇ ਬਾਹਰ ਕਿਚਨ ਵਿਚ ਸੁਗੰਧਾ ਨੂੰ ਰੋਟੀ ਲਿਆਉਣ ਲਈ ਕਹਿਣ ਦੇ ਬਹਾਨੇ...ਜਸਕਰਨ ਨੂੰ ਆਵਦੇ ਗੁੱਸੇ ਦਾ ਅਹਿਸਾਸ ਮਹਿਸੂਸ ਕਰਾਉਣ ਦੀ ਕੋਸ਼ਿਸ਼ ਕਰਦੀ ਹੋਈ ਤੇਜ਼ ਕਦਮੀਂ ਲੌਬੀ ਵਿਚੋਂ ਨਿਕਲ ਗਈ।

ਤੇ ਬੇ-ਪਰਵਾਹ ਸੁਗੰਧਾ ਉੱਨੀਆਂ ਵਰ੍ਹਿਆਂ ਨੂੰ ਲੰਘ ਚੁੱਕੀ, ਗਠੀਲੇ ਤੇ ਭਰਵੇਂ ਸਰੀਰ ਵਾਲੀ...ਮੋਟੀਆਂ ਸ਼ਰਬਤੀ ਅੱਖਾਂ ਵਾਲੀ...ਚਪਟੇ ਚਿਹਰੇ ਉੱਤੇ ਢੁਕਦੇ ਮੁਟਰੇ ਜਿਹੇ ਚੌੜੇ ਨੱਕ ਵਾਲੀ...ਜ਼ਰਾ ਕੁ ਮੋਟੇ ਉਭਰਵੇਂ ਬੁੱਲ੍ਹਾਂ ਵਾਲੀ, ਵਿਰਲਾਂ ਵਾਲੇ ਅਗਲੇ ਚੌੜੇ ਤੇ ਚਮਕਦੇ ਦੰਦਾਂ ਵਾਲੀ...ਸ਼ਾਹ ਕਾਲ਼ੇ ਸੰਘਣੇ ਭਾਰੇ ਲੰਮੇ ਕੇਸਾਂ ਨਾਲ ਕੀਤੇ ਜੂੜੇ ਵਾਲੀ...ਮਜ਼ਬੂਤ ਸਰੀਰ ਦੇ ਪੱਠੇ ਤੇ ਕਾਸ਼ਨੀ ਸਾਂਵਲੇ ਸਲੋਨੇ ਰੰਗ ਵਾਲੀ ਨੂੰ ਉਹਦਾ ਦਰਮਿਆਨਾ ਕੱਦ-ਕਾਠ, ਉਹਦੇ ਝਾਰਖੰਡ ਦੇ ਕਬਾਇਲੀ ਜੁੱਸੇ ਨੂੰ ਰੂਪਮਾਨ ਕਰਦਾ ਸੀ। ਕਸਵੀਂ ਟਾਈਟ ਜੀਨਸ ਤੇ ਗੋਲ਼ ਗਲ਼ੇ ਦੀ ਫਿਟ ਟੀ-ਸ਼ਰਟ ਵਿਚ...ਪਸੀਨੇ ਨਾਲ ਤਰ-ਬਤਰ ਹੋਇਆ ਓਹਦਾ ਚਿਹਰਾ...ਮੋਹਰਾ... ਗਰਮੀ ਦੇ ਕਹਿਰ... ਹੁੰਮਸ...ਕਿਚਨ ਵਿਚ ਮਸਾਲਿਆਂ ਦੀ ਭਾਫ਼ ਦੀ ਤੁਰਸ਼ ਮਹਿਕ...ਆਂਟੀ ਦੀ ਟੀਕਾ ਟਿੱਪਣੀ... ਸਭ ਕਾਸੇ ਵਿਚ ਲਬਰੇਜ਼...ਫੇਰ ਵੀ ਆਪਣੇ ਹਸਮੁਖ ਸੁਭਾਅ ਤੇ ਕੰਮ ਕਰਨ ਦੀ ਨਿਪੁੰਨਤਾ ਕਰ ਕੇ...ਅਡੋਲ ਸੀ...ਬੇ-ਪ੍ਰਵਾਹ ਸੀ।

ਸੁਗੰਧਾ ਨੇ ਚਕਲੇ ਉੱਤੇ ਵੇਲ ਕੇ ਫ਼ੁਲਕਾ ਤਵੇ ਉੱਤੇ ਪਾਇਆ ਹੀ ਸੀ ਕਿ ਫੋਨ ਦੀ ਘੰਟੀ ਵੱਜ ਪਈ। ਉਹਨੇ ਆਂਟੀ ਤੋਂ ਡਰਦੀ ਨੇ ਆਟੇ ਲਿਬੜੇ ਹੱਥਾਂ ਦੀ ਚੀਚੀ ਨਾਲ ਫੋਨ ਕੱਟ ਦਿੱਤਾ। ਫੁਲਕਾ ਅਜੇ ਥੱਲਿਆ ਹੀ ਸੀ ਕਿ ਫੇਰ...ਜਾਨੇ ਕਹਾਂ ਗਏ ਵੁਹ ਦਿਨ...ਦੀ ਟਿਊਨ ਵੱਜ ਪਈ। ਖਿਝ ਜੀ ਨਾਲ ਉਸ ਨੇ ਫੋਨ ਵੇਖਿਆ ਔਨ ਕਰ ਕੇ...ਬਗ਼ੈਰ... ਹੈਲੋ ਸ਼ੈਲੋ ਬੋਲੇ ਤਮਕ ਪਈ, "ਮੰ-ਮ-ਈਂ-ਅ...ਮੈਂ ਚਪਾਤੀ ਬਣਾ ਰਹੀ ਹੂੰ...ਫੁਲਕਾ ਜਲਾ ਦੀਆ ਮੇਰਾ...ਕਿਆ ਮੁਸੀਬਤ ਆਨ ਪੜੀ ਹੈ...ਬੰਦ ਕਰੋ ਪਲੀਜ਼ ਮੈਂ ਰੁਕ ਕੇ ਆਪ ਸੇ ਬਾਤ ਕਰਤੀ ਹੂੰ...ਏਕ ਬੇ-ਵਕਤ ਆਪ ਹਾਲ ਪੂਛਨੇ ਬੈਠ ਜਾਤੇ ਹੋ...ਔਰ ਇਧਰ ਏਕ ਯੇ ਆਂਟੀ...।" ਸੁਗੰਧਾ ਨੇ ਫੁਲਕਾ ਫੁਲਾਉਣ ਲਈ ਗੈਸ ਸਿੰਮ ਉੱਤੇ ਕੀਤੀ ਤੇ ਸੁਗੰਧਾ ਦੇ ਪਿੱਛੇ ਖੜ੍ਹੀ ਜਸਵਿੰਦਰ ਨੇ ਆਵਦੇ ਗ਼ੁੱਸੇ ਨੂੰ ਫੁੱਲ ਤੋਂ ਸਿੰਮ ਉੱਤੇ ਕੀਤਾ।

"ਕੁੜੀਏ...ਬੋਲ਼ੀ ਹੋ ਜੇਂਗੀ...ਨਾ ਸਾਰਾ ਦਿਨ ਕੰਨ ਵਿਚ ਤੁੰਨੀ ਰਖਿਆ ਕਰ...ਦਿਨ ਰਾਤ ਏਹਦੇ ਵਿਚ ਅੱਖਾਂ ਗੱਡੀ ਰੱਖਦੀ ਏਂ...ਅੰਨ੍ਹੀ ਹੋ ਜੇਂਗੀ...। ਅਹੁ ਵੇਖ ਤੇਰਾ ਅੰਕਲ...ਤੰਦੂਰ ਦੀ ਰੋਟੀ ਵਰਗੇ...ਮੋਟੇ ਸ਼ੀਸ਼ਿਆਂ ਦੀ ਐਨਕ ਲਾਈ ਬੈਠਾ ਹੈ। ਉਹ ਵੀ ਤੇਰੇ ਵਾਂਗੂੰ ਸਾਰਾ ਦਿਨ ਕਿਤਾਬਾਂ ਅਖ਼ਬਾਰਾਂ ਰਸਾਲਿਆਂ ਵਿਚ ਸਿਰ ਦੇ ਕੇ ਬੈਠਾ ਰਹਿੰਦਾ ਹੈ। ਸਮਝਦੇ ਨ੍ਹੀਂ ਬਈ ਹਰ ਚੀਜ਼ ਦਾ ਵੇਲ਼ਾ ਟੈਮ ਹੁੰਦਾ ਐ...ਪਸ਼ੂ ਵੀ ਟੈਮ ਨਾਲ ਪਾਣੀ-ਧਾਣੀ...ਨੀਰਾ ਚਾਰਾ ਖਾਂਦੇ ਐ। ਧਾਰ ਕਢਵਾਉਂਦੇ ਐ...ਤੇ ਥੋਡਾ ਦੋਹਾਂ ਦਾ ਕੋਈ ਟੈਮ ਈ ਨਹੀਂ...ਨਾ ਤੇਰੇ ਫੋਨ...ਕਰਨ... ਸੁਣਨ ਦਾ...

ਨਾ ਤੇਰੇ ਅੰਕਲ ਦੇ ਪੜ੍ਹਨ ਲਿਖਣ ਦਾ...।

ਨਾ ਸੁਗੰਧਾ ਨੇ ਕੋਈ ਜਵਾਬ ਦਿੱਤਾ ਤੇ ਨਾ ਆਂਟੀ ਨੇ ਉਡੀਕਿਆ...ਜਿਵੇਂ ਲੌਬੀ ਵਿਚੋਂ ਆਈ ਸੀ...ਉਵੇਂ ਰਸੋਈ ਵਿਚੋਂ ਮਰੋੜਾ ਖਾ ਕੇ ਨਿਕਲ ਗਈ।

"ਲੈ ਫੇਰ ਚੱਕ ਲਈ ਕਿਤਾਬ...ਜਦੋਂ ਰੋਟੀ ਖਾਣ ਦਾ ਵੇਲ਼ਾ ਹੁੰਦਾ ਐ...ਏਹਨੂੰ ਕਿਤਾਬਾਂ ਦੀ ਭੁੱਖ ਲੱਗ ਜਾਂਦੀ ਐ। ਅਖੇ, ਮੈਂ ਸੋਲ਼ਾਂ ਜਮਾਤਾਂ ਪੜ੍ਹ ਕੇ ਐੱਮ.ਏ. ਕੀਤੀ ਐ...ਲੱਗਿਆ ਫਿਰਦਾ ਐ ਪ੍ਰਿੰਸੀਪਲ...ਜਾਂ ਤਾਂ ਖੇਤਾਂ ਦੀਆਂ ਵੱਟਾਂ 'ਤੇ ਅੱਡੀਆਂ ਘਿਸਾਉਂਦਾ ਫਿਰੂ ਜਾਂ ਘਰੇ ਆ ਕੇ ਕਿਤਾਬਾਂ ਰਸਾਲਿਆਂ ਨੂੰ ਜੱਫ਼ਾ ਮਾਰ ਕੇ ਬਹਿ ਜਾਂਦਾ।" ਗਰਦਨ ਅਤੇ ਚਿਹਰੇ ਦੇ ਪਸੀਨੇ ਨੂੰ ਦੁਪੱਟੇ ਦੇ ਪੱਲੇ ਨਾਲ ਪੂੰਝਦੀ ਹੋਈ ਜਸਵਿੰਦਰ ਨੇ ਜਸਕਰਨ ਤੇ ਸਗੰਧਾ ਨੂੰ ਆਵਦੀ ਬੁੜ-ਬੁੜ ਖੂਬ ਸੁਣਾਈ।

"ਬਸ...ਬਸ ਕਰ ਸਾਹਪੀਣੀ ਮੈਡਮ ਜੀ, ਤੂੰ ਬਨਸਥਲੀ ਵਿਦਿਆਪੀਠ ਤੋਂ ਫਸਟ ਡਿਵੀਜ਼ਨ ਵਿਚ ਬੀ.ਏ.ਕੀਤੀ ਸੀ, ਲੱਗ ਜਾਂਦੀ ਕਿਸੇ ਸਕੂਲ ਦੀ ਹੈੱਡਮਿਸਟਰੈੱਸ...ਜੇ ਗੁਰਮੁਖੀ ਨਹੀਂ ਪੜ੍ਹੀ ਜਾਂਦੀ...ਹਿੰਦੀ ਦੀਆਂ ਬਥੇਰੀਆਂ ਕਿਤਾਬਾਂ ਪਈਆਂ...ਪੜ੍ਹ ਲੈ ਚਾਰ ਅੱਖਰ...ਅਕਲ ਦੇ ਖਾਨੇ ਨੂੰ ਹਵਾ ਲੱਗ ਜਾਊਗੀ...ਭੋਰਾ ਠੰਢਾ ਹੋ ਜਾਊਗਾ...ਐਵੇਂ ਗਰਮ ਹੋਈ ਫਿਰਦੀ ਐਂ।" ਜਸਕਰਨ ਮਾਹੌਲ ਠਾਰਨ ਖਾਤਰ ਹੱਸਣ ਲੱਗ ਪਿਆ। ਉਹਨੂੰ ਪਤਾ ਸੀ ਬਈ ਦਿਨ ਵਿਚ ਇਕ ਅੱਧ ਵਾਰ ਏਹਨੂੰ ਗ਼ੁੱਸੇ ਦੀ ਸੂਦਰ 'ਵਾਅ ਚੜ੍ਹਦੀ ਰਹਿੰਦੀ ਹੈ।

"ਪੜ੍ਹ ਲੈਂਦੀ ਜੇ ਸ਼ਹਿਰ ਵਿਚ ਕਿਸੇ ਮਾਸਟਰ ਨੂੰ ਵਿਆਹੀ ਹੁੰਦੀ...ਮੁਰੱਬਿਆਂ ਵਾਲੇ ਪਿਓ ਨੇ ਪੜ੍ਹਾ ਲਿਖਾ ਕੇ ਲੜ ਲਾ'ਤੀ ਕਿੱਲਿਆਂ ਚੁਬਾਰਿਆਂ ਵਾਲੇ ਜੱਟ ਬੂਟ ਸਰਦਾਰਾਂ ਦੇ...।"

"ਓਹ ਤਾਂ ਜੋ ਹੋਣਾ ਸੀ...ਹੋ...ਗਿਆ...ਹੁਣ ਭਲਾਈ ਏਸੇ ਵਿਚ ਈ ਐ...ਬਈ ਏ.ਸੀ. ਨੂੰ ਕਰ ਥੋਹੜਾ ਤੇਜ਼...ਠੰਢੀ ਹੋ...ਪ੍ਰਸ਼ਾਦੇ ਛਕੀਏ ਤੇ ਦੁਪਿਹਰਾ ਕੱਟੀਏ...।"

ਡਾਇਨਿੰਗ ਟੇਬਲ ਦੀ ਕੁਰਸੀ ਉੱਤੇ ਬੈਠਦੀ ਹੋਈ ਨੇ ਕਿਹਾ, "ਚੰਗਾ ਮਾਰ ਦਿਓ ਕਿਤਾਬ ਮੂਧੀ ਹੁਣ...ਆ ਜਾਓ...ਫਰਿਜ ਵਿਚੋਂ ਕੱਢੇ ਆਟੇ ਦੇ ਫੁਲਕੇ ਫੇਰ ਚੱਬ ਨਹੀਂ ਹੋਣੇ।"

ਜੋ ਹੁਕਮ ਸਰਕਾਰ...ਪਰ ਮੈਡਮ ਜੀ...ਐਵੇਂ ਚੁਬਾਰਿਆਂ ਨੂੰ ਲੈ ਕੇ ਨਾ ਬਹਿ ਜਾਇਆ ਕਰ... ਓਥੇ ਵੀ ਕੌਨਵੈਂਟ ਸਕੂਲ ਚਲਦਾ ਹੈ ਜਿਸ ਦਾ ਕਿਰਾਇਆ ਚੜ੍ਹੇ ਮਹੀਨੇ ਤੇਰੇ ਖਾਤੇ ਵਿਚ ਜਾਂਦਾ ਹੈ ਤੇ ਨਾਲੇ ਓਸੇ ਸਕੂਲ ਕਰ ਕੇ ਹੀ ਵਿਚਾਰੀ ਸੁਗੰਧਾ ਤੇਰੀ ਸੇਵਾ ਵਿਚ ਹਾਜ਼ਰ ਰਹਿੰਦੀ ਹੈ।"

"ਲੈ ਹੁਣ ਫੇਰ ਤੁਸੀਂ ਸੁਗੰਧਾ ਦਾ ਅਲਾਪ ਛੇੜ ਲਓ...ਕੋਈ ਬੁਰਕੀ ਨਾ ਸੰਘ ਵਿਚੋਂ ਟੱਪ ਜਾਵੇ...।"

---

ਜਦੋਂ ਹਨੂੰਮਾਨਗੜ੍ਹ ਇਲਾਕੇ ਦੇ ਸ਼ਾਹਪੀਣੀ ਪਿੰਡ ਤੋਂ ਵਿਆਹ ਕੇ ਜਸਵਿੰਦਰ ਪੰਜਾਬ ਦੇ ਏਸ ਉੱਚੇ ਦਰਵਾਜ਼ਿਆਂ ਵਾਲੇ ਪਿੰਡ ਵਿਚ ਆਈ ਸੀ, ਓਦੋਂ ਪਿੰਡ ਦੀਆਂ ਦੋ ਲੰਮੀਆਂ ਗਲ਼ੀਆਂ, ਦੋ ਪੱਤੀਆਂ, ਦੋ ਅਗਵਾੜ...ਦੋਹਾਂ ਦਾ ਇਕ ਗੋਤ, ਦੋਹਾਂ ਦੇ ਦੋ ਨੰਬਰਦਾਰ ਪਰ ਰਕਬਾ ਅਲੱਗ-ਅਲੱਗ, ਮੋਘੇ ਵੱਖਰੇ...। ਆਪਸ ਵਿਚ ਲੈਣ ਦੇਣ...ਗ਼ਮੀ ਸ਼ਾਦੀ ਵਿਚ ਵਰਤ-ਵਰਤਾਵਾ ਬੱਸ ਮੁੱਲ ਦਾ ਹੀ ਸੀ। ਮੋਟਰ ਅੱਡਾ ਵੀ ਕਦੇ ਇਕ ਪੱਤੀ ਵਾਲੇ ਆਵਦੇ ਪਾਸੇ ਲੈ ਜਾਂਦੇ ਤੇ ਕਦੇ ਸਰਕਾਰੇ ਦਰਬਾਰੇ ਵਾਹ ਲਾ ਕੇ ਦੂਜੀ ਪੱਤੀ ਵਾਲੇ ਆਵਦੇ ਪਾਸੇ ਲੈ ਆਉਂਦੇ ਸਨ। ਪਹਿਲਾਂ ਪਿੰਡ ਵਿਚ ਮਹੰਤਾਂ ਦਾ ਇਕ ਡੇਰਾ ਹੁੰਦਾ ਸੀ। ਫੇਰ ਜੇ ਗੁਰਦਵਾਰੇ ਬਣੇ ਤਾਂ ਦੋਹਾਂ ਦੇ ਵੱਖਰੋ-ਵੱਖਰੇ, ਜ਼ਿੱਦ ਵਿਚ ਇਕ ਦੂਜੇ ਤੋਂ ਵੱਡੇ ਤੇ ਉੱਚੇ ਨਿਸ਼ਾਨ ਸਾਹਿਬ ਵਾਲੇ।

ਐਮਰਜੈਂਸੀ ਦੇ ਮੋਰਚੇ ਵੇਲ਼ੇ ਅਕਾਲੀਆਂ ਦਾ ਸਾਥ ਦੋਹਾਂ ਪੱਤੀਆਂ ਨੇ ਜੇਲ੍ਹਾਂ ਭਰ ਕੇ ਦਿੱਤਾ ਪਰ ਜਨਤਾ ਪਾਰਟੀ ਦੀ ਅਕਾਲੀ ਸਰਕਾਰ ਵੇਲ਼ੇ ਇਕ ਪਾਸੇ ਦੇ ਜ਼ਿਆਦਾ ਨੌਕਰੀਆਂ ਤੇ ਫ਼ਾਇਦੇ ਲੈ ਗਏ...ਤੇ ਦੂਜੇ ਖਿੰਡੇ ਖਿੰਡਾਏ...ਕਦੇ ਬਾਗ਼ੀ ਅਕਾਲੀਆਂ ਦੀ ਤੇ ਕਦੇ ਕਾਂਗਰਸ ਦੀ ਝੋਲ਼ੀ ਵਿਚ ਪੈਂਦੇ ਰਹੇ ਪਰ ਪੰਚਾਇਤ ਇਕ ਸੀ, ਹਲਕਾ ਇਕ ਸੀ, ਇਸ ਲਈ ਪਿੰਡ ਦੀ ਸਮੁੱਚੀ ਤਰੱਕੀ ਵਿਚ ਸਕਰਾਰਾਂ ਨੇ ਕੋਈ ਦਵੈਤ ਦਰਿਓਤ ਨਹੀਂ ਰੱਖੀ, ਸਿਰਫ਼ ਸਰਪੰਚ ਕਦੇ ਅਕਾਲੀ ਤੇ ਕਦੇ ਕਾਂਗਰਸੀ

ਬਣਦਾ ਸੀ।

...ਬਹੁਤ ਪਹਿਲਾਂ ਅੰਗਰੇਜ਼ੀ ਰਾਜ ਵੇਲੇ ਥਾਣਾ ਬਣਿਆ ਸੀ। ਏਸ ਕਰ ਕੇ ਇਲਾਕੇ ਦੇ ਜ਼ੈਲਦਾਰਾਂ, ਸਫੈਦਪੋਸ਼ਾਂ, ਨੰਬਰਦਾਰਾਂ ਤੇ ਹੋਰ ਮੋਹਤਬਰ ਬੰਦਿਆਂ ਦੇ ਘੋੜੇ, ਘੋੜੀਆਂ, ਊਠ, ਸੰਢਾਂ, ਤਾਂਗੇ ਵਗੈਰਾ ਥਾਣੇ ਦੇ ਗੇਟ ਸਾਹਮਣੇ ਵੱਡੇ ਬੋਹੜ ਦੀ ਛਾਵੇਂ ਬੱਝੇ-ਖਲੋਤੇ ਰਹਿੰਦੇ ਸਨ। ਥਾਣੇ ਦੇ ਗੇਟ ਦੇ ਅੰਦਰਵਾਰ ਵਿਹੜੇ ਵਿਚ ਪਿੱਪਲ ਥੱਲੇ ਢੱਕ-ਮਕੌੜੇ ਕੀੜਿਆਂ ਦਾ ਵੱਡਾ ਪੁਰਾਣਾ ਭੌਣ ਸੀ, ਉਸ ਉੱਤੇ ਮੁਲਜ਼ਮ ਚੋਰ ਉਚੱਕੇ ਨੂੰ ਬੰਨ੍ਹ ਕੇ ਬਿਠਾ ਦਿੰਦੇ ਸਨ। ਮਕੌੜਿਆਂ ਦੀ ਖੱਡ ਉੱਤੇ ਪਾਣੀ ਦੀ ਬਾਲਟੀ ਮਾਰਦੇ ਸਨ...ਨੰਗੇ ਪਿੰਡੇ ਬੈਠੇ ਮੁਲਜ਼ਮ ਦੇ ਮਾਸ ਵਿਚੋਂ ਜਦੋਂ ਉਹ ਬੁਰਕੀਆਂ ਭਰਦੇ ਸਨ ਤਾਂ ਸਾਹਮਣੇ ਕੁਰਸੀ ਉੱਤੇ ਬੈਠੇ ਠਾਣੇਦਾਰ ਮਲਿਕ ਸਾਹਿਬ ਅੱਗੇ ਮੁਲਜ਼ਮ ਕੁੱਟ ਖਾਣ ਤੋਂ ਪਹਿਲਾਂ ਹੀ ਇਕਬਾਲ ਹੋ ਜਾਂਦਾ ਸੀ।

ਥਾਣੇ ਦੇ ਸਾਹਮਣੇ ਦੂਜੇ ਪਾਸੇ ਖੁੱਲ੍ਹੇ ਰੌੜ ਵਿਚ ਵੱਡੀ ਕਿੱਕਰ ਦੇ ਪਿੱਛੇ ਚਾਹ ਵਾਲੀ ਦੁਕਾਨ ਸੀ ਤੇ ਨਾਲ ਹੀ ਲਾਲੂ ਘਮਿਆਰ ਦਾ ਰੋਟੀ ਵਾਲਾ ਤੰਦੂਰ ਜਿੱਥੇ ਮੁਲਜ਼ਮਾਂ ਦੇ ਮੁਲਾਕਾਤੀ ਵੀ ਤੇ ਥਾਣੇ ਦੇ ਮੁਲਾਜ਼ਮ ਵੀ ਅੰਨ-ਪਾਣੀ ਛਕਦੇ ਸਨ।

ਦੇਸ਼ ਆਜ਼ਾਦ ਹੋਇਆ, ਜ਼ੈਲਦਾਰੀਆਂ ਟੁੱਟੀਆਂ, ਵੋਟਾਂ ਦਾ ਰਾਜ ਆਇਆ...ਤੇ ਪੰਚਾਇਤਾਂ ਚੁਣੀਆਂ ਜਾਣ ਲੱਗੀਆਂ। ਮੁਲਕ ਤਰੱਕੀ ਦੇ ਰਾਹ ਤੁਰਿਆ।... ਦਿੱਲੀਓਂ ਫਾਜ਼ਿਲਕਾ-ਫ਼ਿਰੋਜ਼ਪੁਰ ਵਾਲੀ ਸੜਕ ਪਿੰਡ ਦੀ ਵੱਖੀ ਨਾਲ ਖਹਿ ਕੇ ਲੰਘ ਗਈ। ਤਾਂਗਿਆਂ ਦੀ ਥਾਂ ਮੋਟਰ, ਬੱਸਾਂ, ਟਰੱਕ, ਠੇਲ੍ਹੇ ਚੱਲਣ ਲੱਗ ਪਏ। ਪੁਰਾਣੇ ਥਾਣੇ ਦੇ ਸਾਹਮਣੇ ਅੱਡਾ ਬਣ ਗਿਆ। ਮੁਸਾਫ਼ਰ ਉਤਰ ਕੇ ਚਾਹ-ਪਾਣੀ ਪੀਣ ਲੱਗ ਪਏ। ਗਾਹਕਾਂ ਦੀ ਆਮਦੋ-ਰਫ਼ਤ ਵਧੀ ਤਾਂ ਖਾਣ-ਪੀਣ, ਸਾਇਕਲ ਪੰਚਰ-ਮੁਰੰਮਤ ਦੀਆਂ, ਕਰਿਆਨੇ ਦੀਆਂ, ਫਲ ਸਬਜ਼ੀਆਂ ਦੀਆਂ ਦੁਕਾਨਾਂ ਖੁੱਲ੍ਹਣ ਲੱਗ ਪਈਆਂ। ਆਸੇ ਪਾਸੇ ਦੇ ਪਿੰਡਾਂ ਦੇ ਲੋਕ ਅੱਡੇ ਉੱਤੇ ਉਤਰਦੇ, ਕਈ ਆਵਦੀਆਂ ਸਵਾਰੀਆਂ...ਘੋੜੀਆਂ ਵਗੈਰਾ ਨੂੰ ਉਡੀਕਦੇ ਤੇ ਬਹੁਤੇ ਦੁਪਹਿਰਾ ਢਾਲ਼ ਕੇ, ਸੌਦਾ-ਪੱਤਾ ਮੋਢੇ ਦੇ ਲੜ ਟੰਗ ਕੇ ਪਿੰਡਾਂ ਨੂੰ ਤੁਰ ਪੈਂਦੇ।

ਪਿੰਡ 'ਲੰਬੀ' ਹੁਣ ਦੋ ਲੰਮੀਆਂ ਗਲ਼ੀਆਂ ਦੇ ਉੱਚੇ ਦਰਵਾਜ਼ਿਆਂ ਵਿਚੋਂ ਬਾਹਰ ਨਿਕਲ ਕੇ ਫੈਲਣ ਲੱਗ ਪਿਆ ਸੀ। ਪਹਿਲਾਂ ਇਕ ਪ੍ਰਾਇਮਰੀ ਸਕੂਲ ਸੀ, ਫੇਰ ਪਿੰਡੋਂ ਕਾਫ਼ੀ ਬਾਹਰਵਾਰ ਦਸਵੀਂ ਦਾ ਹਾਈ ਸਕੂਲ ਬਣਿਆ। ਸਕੂਲ ਦੇ ਅਗਲੇ ਪਾਸੇ ਜਰਨੈਲੀ ਸੜਕ ਉੱਤੇ ਥਾਣੇ ਦੀ ਵੱਡੀ ਖੁੱਲ੍ਹੀ ਨਵੀਂ ਇਮਾਰਤ ਬਣੀ। ਮੁਲਾਜ਼ਮਾਂ-ਕਰਮਚਾਰੀਆਂ ਦੇ ਕੁਆਰਟਰ ਬਣੇ ਤਾਂ ਚਾਹ ਪਾਣੀ ਤੇ ਸਾਈਕਲ ਮੁਰੰਮਤ ਦੀਆਂ ਦੁਕਾਨਾਂ ਉਧਰ ਚੱਲ ਪਈਆਂ। ਦਰਖਾਸਤਾਂ ਲਿਖਣ ਵਾਲੇ ਇਕ ਮੁਨਸ਼ੀ ਨੇ ਵੀ ਅੱਡਾ ਜਮਾ ਲਿਆ।...ਦਰਖਾਸਤ ਲਿਖਦਾ ਚਾਹ-ਪਾਣੀ ਵੀ ਪਿਆਉਂਦਾ ਤੇ ਥਾਣੇ ਦੇ ਮੁਨਸ਼ੀ-ਮਸੱਦੀ ਨਾਲ ਵਲ਼ ਪਾ ਕੇ ਗੱਲ ਵੀ ਕਰਵਾਉਂਦਾ।

ਲੰਬੀ ਬਲਾਕ ਬਣਿਆ। ਪੰਚਾਇਤ ਸਮਿਤੀ ਦਾ ਦਫ਼ਤਰ। ਖੇਤੀ ਬਾੜੀ, ਸਿੱਖਿਆ ਦਾ ਬੀ.ਈ.ਓ. ਦਫ਼ਤਰ। ਵੱਡਾ ਡਾਕਖ਼ਾਨਾ। ਟੈਲੀਫੋਨ ਐਕਸਚੇਂਜ। ਹਸਪਤਾਲ, ਸਰਕਾਰੀ ਬੈਂਕ, ਸਹਿਕਾਰੀ ਬੈਂਕ। ਪ੍ਰਾਈਵੇਟ ਸਕੂਲ। ਪ੍ਰਾਈਵੇਟ ਹਸਪਤਾਲ, ਮੈਡੀਕਲ ਦੀਆਂ ਦੁਕਾਨਾਂ। ਬਰਫ਼ ਦਾ ਕਾਰਖ਼ਾਨਾ, ਮਸ਼ੀਨਰੀ ਤੇ ਖੇਤੀ ਸੰਦਾਂ ਦੀਆਂ ਵਰਕਸ਼ਾਪਾਂ, ਸਪੇਅਰ ਪਾਰਟਸ ਤੇ ਲੋਹੇ ਦੀਆਂ ਦੁਕਾਨਾਂ, ਕੱਪੜੇ ਦੀਆਂ ਦੁਕਾਨਾਂ ਤੇ ਜਰਨਲ ਸਟੋਰ...।

ਪਿੰਡ ਦੇ ਰੌੜ-ਪਿੜ-ਨਿਆਈਆਂ-ਹਾਤੇ-ਨੌਹਰੇ ਸਭ ਆਬਾਦ ਹੋ ਗਏ। ਕਿੱਲਿਆਂ ਤੋਂ ਕਨਾਲਾਂ, ਕਨਾਲਾਂ ਤੋਂ ਮਰਲੇ, ਫੇਰ ਗਜ਼ ਤੇ ਫੇਰ ਫੁੱਟਾਂ ਵਿਚ ਮਿਣਤੀ-ਗਿਣਤੀ ਹੋਣ ਲੱਗ ਪਈ। ਨੇੜੇ ਦੇ ਪਿੰਡਾਂ ਦੇ ਕਾਰੋਬਾਰੀਆਂ ਨੇ ਪਹਿਲਾਂ ਧੰਦੇ ਸ਼ੁਰੂ ਕੀਤੇ, ਦੁਕਾਨਾਂ ਬਣਾਈਆਂ ਤੇ ਫੇਰ ਪਿੰਡ ਛੱਡ ਕੇ ਰਿਹਾਇਸ਼ ਵੀ ਏਥੇ ਹੀ ਕਰ ਲਈ। ਜਦੋਂ ਸਬ ਤਹਿਸੀਲ ਬਣੀ ਤਾਂ ਫੇਰ ਲੰਬੀ ਪਿੰਡ ਤੋਂ ਕਸਬਾ ਬਣ ਗਿਆ।

...ਜਿਵੇਂ ਇੱਟ-ਸਿੱਟ ਦੀ ਛੋਟੀ ਜਿਹੀ ਜੜ੍ਹ...ਜਿਵੇਂ ਬਿੱਛੂ ਬੂਟੀ ਦੀ ਇਕ ਟਾਂਗ ਵਿੰਹਦੇ ਵਿੰਹਦੇ ਫੈਲ ਕੇ ਵਿਛ ਜਾਂਦੀਆਂ, ਪਿੰਡ ਦਾ ਪਸਾਰ ਇੰਝ ਹੀ ਫੈਲ ਗਿਆ...।

ਪਸਾਰ ਫੈਲਿਆ ਤਾਂ ਆਬਾਦੀ ਦਾ ਬੋਝ ਵੀ ਵਧਣ ਲੱਗਾ ਤੇ ਕਿਰਾਏ ਦੇ ਕਮਰਿਆਂ ਅਤੇ ਮਕਾਨਾਂ ਦੀ ਥੁੜ੍ਹ ਮਹਿਸੂਸ ਹੋਣ ਲੱਗੀ। ਪਿੰਡ ਦੇ ਜੱਦੀ ਵਸਨੀਕ ਪਿੰਡ ਅੰਦਰਲੀਆਂ ਥਾਵਾਂ-ਘਰ ਮਹਿੰਗੇ ਭਾਅ ਵੇਚ ਕੇ ਬਾਹਰ ਖੇਤਾਂ ਵਿਚ ਕੋਠੀਆਂ ਪਾਉਣ ਲੱਗ ਪਏ। ਕਈਆਂ ਨੇ ਘਰ ਦਫ਼ਤਰਾਂ ਨੂੰ ਕਿਰਾਏ 'ਤੇ ਅਤੇ ਕਈਆਂ ਨੇ ਪ੍ਰਾਈਵੇਟ ਸਕੂਲਾਂ ਨੂੰ ਦੇ ਦਿੱਤਾ...।

ਜਸਕਰਨ ਦੇ ਚਾਚੇ-ਤਾਇਆਂ ਨੇ ਤਾਂ ਅੰਦਰਲੇ ਥਾਂ ਵੇਚ ਦਿੱਤੇ ਪਰ ਜਸਕਰਨ ਨੇ ਆਵਦੇ ਦਲਾਨਾਂ-ਦਰਵਾਜ਼ੇ ਤੇ ਚੁਬਾਰਿਆਂ ਵਾਲੇ ਘਰ ਵਿਚੋਂ ਪਸ਼ੂ ਡੰਗਰ ਕੱਢ ਕੇ...ਕੁਛ ਪੁਰਾਣੇ ਤੇ ਕੁਛ ਨਵੇਂ ਕਮਰੇ ਸ਼ੈੱਡ ਪਾ ਕੇ ਇਕ ਮਦਰਾਸੀ ਇਸਾਈ ਸੁਸਾਇਟੀ ਨੂੰ ਸਕੂਲ ਬਣਾ ਕੇ ਦੇ ਦਿੱਤਾ ਜਿੱਥੇ ਹੁਣ ਸੇਂਟ ਮੈਥਿਊ ਕੌਨਵੈਂਟ ਸਕੂਲ ਚੱਲਦਾ ਹੈ, ਜਿੱਥੇ ਸੁਗੰਧਾ ਦੀ ਮਾਂ ਸਵਿੱਤਰੀ ਹੈੱਡਮੇਡ ਤੇ ਬਾਪ ਬਿਸ਼ਨੂ ਸੁਰੇਨ ਚਪੜਾਸੀ-ਕਮ-ਮਾਲੀ-ਕਮ-ਚੌਕੀਦਾਰ ਦੀ ਬਹੁ-ਪਰਤੀ ਡਿਊਟੀ ਨਿਬਾਹੁੰਦਾ ਹੈ। ਸੁਗੰਧਾ ਤੋਂ ਬਿਨਾਂ ਆਵਦੀਆਂ ਦੋ ਛੋਟੀਆਂ ਧੀਆਂ ਤੇ ਦੋ ਮੁੰਡਿਆਂ ਨਾਲ ਸਕੂਲ ਵਿਚ ਬਣੇ ਕੁਆਰਟਰ ਵਿਚ ਰਹਿੰਦਾ ਹੈ। ਵੱਡਾ ਮੁੰਡਾ ਪੜ੍ਹ ਕੇ ਮੋਬਾਈਲ-ਕਮ-ਫੋਟੋਗ੍ਰਾਫੀ ਦੀ ਦੁਕਾਨ ਉੱਤੋਂ ਕੰਮ ਸਿੱਖਦਾ ਹੈ। ਛੋਟੀਆਂ ਕੁੜੀਆਂ ਤੇ ਮੁੰਡਾ ਸਕੂਲ ਵਿਚ ਬਿਨਾਂ ਫੀਸ ਤੋਂ ਪੜ੍ਹਦੇ ਹਨ ਤੇ ਸੁਗੰਧਾ ਦਸਵੀਂ ਵਿਚੋਂ ਫੇਲ੍ਹ ਹੋ ਕੇ ਜਸਵਿੰਦਰ ਆਂਟੀ ਕੋਲ ਰਹਿ ਕੇ ਕੰਮ ਕਰਦੀ ਹੈ।

ਜਸਕਰਨ ਤੇ ਉਹਦੇ ਸਕਿਆਂ ਨੇ ਨਵੇਂ ਬਣੇ ਫੋਰਲੇਨ ਹਾਈਵੇਅ ਉੱਤੇ ਆਪਣੀ ਜ਼ਮੀਨ ਵਿਚ ਸਾਂਝਾ ਵੱਡਾ ਪੈਟਰੌਲ ਪੰਪ ਲਾਇਆ ਹੋਇਆ ਹੈ ਤੇ ਪੰਪ ਦੇ ਪਿਛਲੇ ਪਾਸੇ, ਆਪਣੀਆਂ ਵੰਡੀਆਂ ਹੋਈਆਂ ਜ਼ਮੀਨਾਂ ਵਿਚ ਨੇੜੇ ਤੇੜੇ ਕੋਠੀਆਂ ਪਾ ਕੇ ਵਸੋਂ ਕੀਤੀ ਹੋਈ ਹੈ। ਹਾਈਵੇਅ ਉੱਤੇ ਕੋਠੀਆਂ ਵੱਲ ਜਾਂਦੀ ਇੰਟਰਲਾਕ ਟਾਇਲਾਂ ਦੀ ਸੜਕ ਉੱਤੇ ਬੋਰਡ ਲੱਗਿਆ ਹੋਇਆ ਹੈ- 'ਧਾਲੀਵਾਲ ਐਨਕਲੇਵ, ਨਿਊ ਲੰਬੀ'।

ਉਨੀ ਸੌ ਸੱਤਰ ਵਿਚ ਪਿੰਡ ਦੇ ਸਕੂਲ ਤੋਂ ਦਸਵੀਂ ਕਰ ਕੇ ਰਾਜਿੰਦਰਾ ਕਾਲਿਜ ਬਠਿੰਡਾ ਤੋਂ ਬੀ.ਏ. ਆਰਟਸ ਕਰ ਕੇ ਜਸਕਰਨ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਐੱਮ.ਏ. ਪੰਜਾਬੀ ਵਿਚ ਦਾਖ਼ਲਾ ਲੈ ਲਿਆ। ਦੋ ਕੁ ਮਹੀਨੇ ਉੱਥੇ ਕਲਾਸਾਂ ਲਾਈਆਂ ਪਰ 'ਪੱਥਰਾਂ ਦਾ ਸ਼ਹਿਰ' ਤੇ 'ਬੁੱਢੇ ਬੌਲਦ' ਵਰਗੀਆਂ ਕਵਿਤਾਵਾਂ ਸੁਣ ਕੇ ਤੇ 'ਵਰਸਿਟੀ ਦੀ ਹਾਈ-ਫਾਈ ਚਹਿਲ-ਪਹਿਲ ਵਿਚ ਉਹ ਰਚ-ਮਿਚ ਨਾ ਸਕਿਆ। ਪੰਜਾਬੀ ਯੂਨੀਵਰਸਿਟੀ ਪਟਿਆਲੇ ਵਿਚ ਪਿੱਛੋਂ ਸ਼ਰੀਕੇ ਵਿਚੋਂ ਭਰਾ ਲਗਦਾ ਤੇ ਕੁਝ ਬਠਿੰਡੇ ਕਾਲਿਜ ਦੇ ਵਿਦਿਆਰਥੀ ਦਾਖ਼ਲ ਹੋਏ ਸਨ। ਉਨ੍ਹਾਂ ਨਾਲ ਰਾਬਤਾ ਹੋਇਆ ਤੇ ਮਾਈਗਰੇਸ਼ਨ ਕਰਵਾ ਕੇ ਪੰਜਾਬੀ ਯੂਨੀਵਰਸਿਟੀ ਆ ਦਾਖ਼ਲ ਹੋਇਆ। ਗਰਾਈਂ ਬਸੰਤ ਨੇ ਹੋਰਨਾਂ ਨਾਲ ਮੇਲ-ਜੋਲ ਵਿਚ ਵਾਧਾ ਕੀਤਾ ਤੇ ਜਸਕਰਨ ਨੂੰ ਪੰਜਾਬੀ ਯੂਨੀਵਰਸਿਟੀ ਰਾਸ ਆ ਗਈ।

ਅਕਾਦਮਿਕ ਪੜ੍ਹਾਈ ਵਿਚ ਤਾਂ ਉਹ ਬਹੁਤਾ ਨਹੀਂ ਚਮਕਿਆ ਪਰ ਸਾਹਿਤਕ ਰੁਚੀਆਂ ਕਰ ਕੇ ਬਾਕੀ ਸਰਗਰਮੀਆਂ ਵਿਚ ਵਧ-ਚੜ੍ਹ ਕੇ ਹਿੱਸਾ ਲੈਂਦਾ ਰਿਹਾ। ਲਾਇਬਰੇਰੀ ਵਿਚ ਕਿਤਾਬਾਂ ਦੇ ਨਾਲ-ਨਾਲ ਹਮ-ਜਮਾਤਣ ਕੁੜੀਆਂ ਵਿਚ ਵੀ ਦਿਲਚਸਪੀ ਲੈਂਦਾ ਰਿਹਾ। ਐੱਮ.ਏ. ਖਿੱਚ-ਧੂਹ ਕਰ ਕੇ ਮਸਾਂ ਹੀ ਸੈਕਿੰਡ ਡਿਵੀਜ਼ਨ ਵਿਚ ਪਾਸ ਕੀਤੀ। ਐੱਮ.ਫਿਲ. ਦੀ ਮੈਰਿਟ ਵਿਚ ਨਹੀਂ ਆਇਆ। ਅਗਲੇ ਸਾਲ ਇੰਪਰੂਵ ਕਰਨ ਦਾ ਫੈਸਲਾ ਕਰ ਕੇ ਪਿੰਡ ਆ ਗਿਆ। ਯੂਨੀਵਰਸਿਟੀ ਦੇ ਪਲਬੀਕੇਸ਼ਨ ਬਿਊਰੋ ਦੁਆਰਾ ਪ੍ਰਕਾਸ਼ਤ ਕੀਤੀਆਂ ਜਾਂਦੀਆਂ ਕਿਤਾਬਾਂ ਦੇ ਕਲੱਬ ਦਾ ਮੈਂਬਰ ਸੀ। ਜਦੋਂ ਕਦੇ ਜਾਂਦਾ, ਕਿਤਾਬਾਂ ਖ਼ਰੀਦ ਲਿਆਉਂਦਾ। ਫੇਰ ਵੱਡੀ ਭੈਣ ਪਟਿਆਲੇ ਵਿਆਹੀ ਗਈ। ਜਦੋਂ ਉਸ ਨੂੰ ਮਿਲਣ ਜਾਂਦਾ, ਉਦੋਂ ਨਾਲੇ ਡਿਪਾਰਟਮੈਂਟ ਦੀ ਸੈਰ ਤੇ ਨਾਲੇ ਕਲੱਬ ਵਿਚੋਂ ਕਿਤਾਬਾਂ ਖ਼ਰੀਦਣ ਦਾ ਝੱਸ ਪੂਰਾ ਕਰਦਾ ਰਹਿੰਦਾ। ਸੁਫ਼ਨਾ ਤਾਂ ਯੂਨੀਵਰਸਿਟੀ ਜਾਂ ਕਾਲਿਜ ਵਿਚ ਪ੍ਰੋਫੈਸਰ ਬਣਨ ਦਾ ਪਾਲ਼ਿਆ ਸੀ ਪਰ ਪਿੰਡ ਆ ਕੇ ਘਰ ਦੇ ਹਾਲਾਤ ਨੇ ਇਸ ਸੁਫ਼ਨੇ ਦੀ ਦਿਸ਼ਾ ਬਦਲ ਦਿੱਤੀ।

ਜਸਕਰਨ ਦੇ ਬਾਪ ਵਸਾਵਾ ਸਿੰਹੁ ਨੇ ਆਵਦੇ ਹਿੱਸੇ ਦੀ, ਜੀਟੀ ਰੋਡ ਉੱਤੇ ਨਵੇਂ ਥਾਣੇ ਕੋਲ

ਪਿੜ ਵਾਲੀ ਵੰਡੀ ਆਈ ਜ਼ਮੀਨ ਵਿਚ ਪੰਜ ਦੁਕਾਨਾਂ ਇਕ ਪਾਸੇ ਤੇ ਵਿਚਾਲੇ ਖੁੱਲ੍ਹੀ ਸੜਕ ਛੱਡ ਕੇ ਪੰਜ ਦੁਕਾਨਾਂ ਦੂਜੇ ਪਾਸੇ ਛੱਤ ਕੇ ਮਾਰਕਿਟ ਬਣਾ ਦਿੱਤੀ। ਦੁਕਾਨਾਂ ਮੁਕੰਮਲ ਹੋਣ ਤੋਂ ਪਹਿਲਾਂ ਹੀ ਚੰਗੇ ਕਿਰਾਏ ਉੱਤੇ ਚੜ੍ਹ ਗਈਆਂ। ਲਿੰਕ ਰੋਡ ਉੱਤੇ ਦਸ ਮਰਲਿਆਂ ਦੇ ਰੂੜੀਆਂ ਲਈ ਛੱਡੇ ਪਲਾਟ ਨੂੰ ਵੇਚਣ ਨਾਲ ਬੈਂਕ ਦਾ ਖਾਤਾ ਪੈਸਿਆਂ ਨਾਲ ਭਰ ਗਿਆ। ਉੱਤੋਂ ਤੀਹ ਕਿੱਲਿਆਂ ਦੀ ਖੇਤੀ। ਵਾਹੀ ਸੀਰੀ-ਪਾਲ਼ੀ ਕਰਦੇ। ਤੇਲ ਪੰਪ ਦੀ ਆਮਦਨ ਵਿਚੋਂ ਹਿੱਸਾ ਵੀ ਆਉਂਦਾ।

ਵਸਾਵਾ ਸਿੰਹੁ ਸੱਥ ਵਿਚ ਤਾਸ਼ ਖੇਡਦਾ, ਮੌਜ ਮਾਣਦਾ। ਲੜਕੀ ਦਾ ਚੰਗਾ ਸਾਕ ਪਟਿਆਲੇ ਮਿਲ ਗਿਆ ਸੀ। ਮੁੰਡਾ ਐੱਸ.ਡੀ.ਓ. ਲੱਗਿਆ ਸੀ। ਉਹ ਜਸਕਰਨ ਨੂੰ ਕੁੰਜੀ ਫੜਾ ਕੇ ਬਹੁਤੀਆਂ ਜ਼ਿੰਮੇਵਾਰੀਆਂ ਤੋਂ ਸੁਰਖਰੂ ਹੋ ਗਿਆ ਸੀ ਤੇ ਜਸਕਰਨ ਦਾ ਅਧਿਆਪਕ ਬਣਨ ਦਾ ਸ਼ੌਕ ਹੌਲ਼ੀ-ਹੌਲ਼ੀ ਮੱਠਾ ਪੈਂਦਾ ਗਿਆ ਪਰ ਕਿਤਾਬਾਂ ਪੜ੍ਹਨ ਦਾ ਧਤੂਰੇ ਵਾਂਗ ਚੜ੍ਹਿਆ ਨਸ਼ਾ ਕਦੇ ਨਾ ਉਤਰਿਆ।

ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ... ਦੀ ਸਚਾਈ ਵਾਂਗ ਜਸਕਰਨ ਮਾਂ-ਬਾਪ ਤੋਂ ਮਹਿਰੂਮ ਹੋ ਕੇ ਘਰ ਦੀ ਕਬੀਲਦਾਰੀ ਵਿਚ ਪੂਰਾ ਰੁੱਝ ਗਿਆ।

...ਤੇ ਹੁਣ ਸ਼ਾਹਪੀਣੀ ਪਿੰਡ ਦੀ, ਰਾਜਸਥਾਨ ਦੀ ਨਾਮੀ-ਗਰਾਮੀ ਵਿਦਿਅਕ ਸੰਸਥਾ, ਬਨਸਥਲੀ ਵਿੱਦਿਆਪੀਠ ਦੀ ਪੜ੍ਹੀ ਲਿਖੀ ਜਸਵਿੰਦਰ ਜਿਸ ਦਾ ਸੁਫ਼ਨਾ ਐੱਮ.ਏ. ਕਰ ਕੇ ਨੌਕਰੀ ਕਰਨਾ ਤੇ ਨੌਕਰੀ-ਪੇਸ਼ਾ ਵਰ ਹਾਸਲ ਕਰਨਾ ਸੀ... ਪਰ ਆਪਣੇ ਜ਼ਿੰਮੀਦਾਰੇ ਪਿਛੋਕੜ ਦੇ ਮਾਪਿਆਂ ਦੀ ਹਉਮੈ ਕਰ ਕੇ ਖਾਨਦਾਨੀ ਵਾਹੀਵਾਨ ਸਰਦਾਰਾਂ ਦੇ ਘਰ ਪ੍ਰਣਾਈ ਗਈ...। ਚੰਗਾ ਖ਼ਾਨਦਾਨ, ਸ਼ਹਿਰ ਵਰਗਾ ਪਿੰਡ ਤੇ ਉੱਤੋਂ ਵੀ.ਆਈ.ਪੀ. ਵਿਧਾਨ ਸਭਾ ਹਲਕਾ ਲੰਬੀ ਪਰ ਸ਼ੇਰ ਦੀ ਬੱਚੀ ਜਸਵਿੰਦਰ ਨੇ ਕਿਸਾਨੀ ਪਰਿਵਾਰ ਦੇ ਹਰ ਕੰਮ ਵਿਚ ਪੂਰੀ ਲਗਨ ਤੇ ਦਿਲਚਸਪੀ ਲੈ ਕੇ ਸਹੁਰੇ ਘਰ ਨੂੰ ਚਾਰ ਚੰਦ ਲਾਏ।

...ਤੇ ਜਸਕਰਨ...ਉਹਨੇ ਮਾਇਆ ਦੀ ਖੇਡ ਨਾਲ ਆਵਦੇ ਕਈ ਅਵੱਲੇ ਸ਼ੌਕ ਵੀ ਪੂਰੇ ਕੀਤੇ ਤੇ ਘਰ ਨੂੰ ਅਗਾਂਹ ਤਰੱਕੀ ਦੇ ਰਾਹ ਵੀ ਤੋਰਿਆ...ਤੇ ਅਧਿਆਪਨ ਦੀ ਕਸਕ ਮਨ ਵਿਚ ਡੁਬੋ ਕੇ ਕਿਤਾਬਾਂ ਨਾਲ ਯਾਰੀ ਵੀ ਨਿਭਾਈ।

ਦੋਹਾਂ ਦੀ ਜ਼ਿੰਦਗੀ ਜਿਗ-ਜੈਗ ਵਾਂਗ ਬਾਕਾਇਦਾ ਚੱਲ ਰਹੀ ਹੈ।

ਸਿਮਰ ਨੇ ਕਲ੍ਹ ਪਹੁੰਚ ਜਾਣਾ ਸੀ। ਘਰ ਦੇ ਜੀਆਂ ਵਿਚ ਉਡੀਕ ਦੀ ਤੀਬਰਤਾ ਵੇਖਣ ਵਾਲੀ ਸੀ। ਜਸਕਰਨ ਖੇਤ ਗਿਆ ਸੀ ਪਰ ਜਸਵਿੰਦਰ ਨੂੰ ਕੁਝ ਚੀਜ਼ਾਂ ਦੀ ਸ਼ਿੱਦਤ ਨਾਲ ਲੋੜ ਮਹਿਸੂਸ ਹੋਈ। ਕੈਸ਼ ਵਾਲੀ ਅਲਮਾਰੀ ਦੀ ਚਾਬੀ ਉਹ ਭੁੱਲ-ਭੁਲੇਖੇ ਨਾਲ ਲੈ ਗਿਆ ਸੀ। ਜਸਵਿੰਦਰ ਨੇ ਫੋਨ ਕਰ ਕੇ ਸਮੱਸਿਆ ਦੱਸੀ ਤੇ ਚਾਬੀ ਬਾਰੇ ਪੁੱਛਿਆ...ਵਾਪਸ ਆਉਣ ਬਾਰੇ ਪੁੱਛਿਆ।

"ਮੈਨੂੰ ਖਾਦ ਲੈਣ ਵਾਸਤੇ ਸੁਸਾਇਟੀ ਵਿਚ ਟੈਮ ਲੱਗ ਜਾਊਗਾ, ਤੁਸੀਂ ਇੰਝ ਕਰੋ...ਸੁਗੰਧਾ ਨੂੰ ਨਾਲ ਲੈ ਜਾਵੋ, ਉਹ ਤੁਹਾਡੇ ਫੋਨ ਤੋਂ ਪੇਅ ਟੀ.ਐਮ. ਕਰ ਦੇਊਗੀ...ਮੈਂ ਉਹਨੂੰ ਪਾਸਵਰਡ ਦੱਸ ਦੇਵਾਂਗਾ।"

"ਸੁਗੰਧਾ...ਓ...ਸੁਗੰਧਾ...ਐਧਰ ਆ ਛੇਤੀ ਕੇਰਾਂ ਬਾਜ਼ਾਰ ਚੱਲ ਕੇ ਆਈਏ....ਕੁਛ ਚੀਜ਼ਾਂ ਲਿਆਈਏ, ਤੇਰਾ ਅੰਕਲ ਪੈਸਿਆਂ ਉੱਤੇ ਸੱਪ ਵਾਂਗ ਕੁੰਡਲੀ ਮਾਰੀ ਬੈਠਾ ਐ...ਅਲਮਾਰੀ ਦੀ ਕੁੰਜੀ ਜੇਬ ਵਿਚ ਚੱਕੀ ਫਿਰਦਾ ਰਹੂ...। ਤੈਨੂੰ ਫੋਨ ਕਰ ਕੇ ਕੁਛ ਦੱਸੂਗਾ...ਸਮਝ ਲਵੀਂ...।"

"ਹਾਂ ਆਂਟੀ, ਅੰਕਲ ਕਾ ਫੋਨ ਆ ਗਿਆ ਹੈ...ਚਲੋ ਆਪ ਮੇਰੇ ਪੀਛੇ ਐਕਟਿਵਾ ਪਰ ਬੈਠੋ... ਬਸ ਗਏ ਔਰ ਯੂੰਅ ਆਏ।" ਨਾ ਚਾਹੁੰਦੇ ਹੋਏ ਵੀ ਜਸਵਿੰਦਰ ਦਾ ਫੁੱਟ ਕੇ ਹਾਸਾ ਨਿਕਲ ਗਿਆ- "ਚੱਲ ਤੇਰੇ ਬਿਨਾਂ ਕਿੱਥੇ ਸਰਦਾ ਐ ਅੜੀਏ...।"

---

ਸਿਮਰ ਘਰੇ ਕੀ ਆਇਆ, ਇੰਝ ਹੋ ਗਿਆ ਜਿਵੇਂ ਔੜ ਵਿਚ ਮੀਂਹ ਦੀ ਫੁਹਾਰ ਪੈਣ ਲੱਗ ਪਈ ਹੋਵੇ। ਏਨੀਆਂ ਗੱਲਾਂ, ਏਨੇ ਸਵਾਲ ਉਹਦੇ ਟੂਰ ਬਾਰੇ ਮਾਪਿਆਂ ਨੇ ਕੀਤੇ ਬਈ ਉਹ

ਬਹੁਤਿਆਂ ਦਾ ਜਵਾਬ ਦੇਣ ਤੋਂ ਅਸਮਰੱਥ ਹੋਇਆ ਬੱਸ ਹੱਸਦਾ ਹੀ ਰਿਹਾ ਤੇ ਲੌਬੀ ਵਿਚ ਉਨ੍ਹਾਂ ਕੋਲ਼ ਬੈਠਾ ਆਨੰਦ ਮਾਣਦਾ ਰਿਹਾ। ਸੁਗੰਧਾ ਨੇ ਖਾਣ-ਪੀਣ ਦੀਆਂ ਚੀਜ਼ਾਂ ਲਿਆ-ਲਿਆ ਕੇ ਸੈਂਟਰ ਟੇਬਲ ਭਰ ਦਿੱਤਾ।

"ਅਰੇ ਭਈਆ ਕੁਛ ਹਮਾਰੇ ਹਾਥ ਕਾ ਬਣਾ ਹੂਆ ਭੀ ਖਾਓ... ਹੋਟਲ ਕਾ ਖਾ-ਖਾ ਕਰ ਊਬ ਗਏ ਹੋਗੇ।"

"ਬੱਸ ਹੁਣ ਦਸ ਦਿਨ ਤੁਹਾਡੇ ਹੱਥਾਂ ਦਾ ਹੀ ਖਾਣਾ ਹੈ।"

"ਅੱਛਾ ਆਂਟੀ, ਮੈਂ ਭਈਆ ਕਾ ਰੂਮ ਉਪਰ ਜਾ ਕਰ ਠੀਕ ਕਰ ਆਊਂ?"

"ਹਾਂ-ਹਾਂ, ਮੈਂ ਤਾਂ ਕੁੜੇ ਭੁੱਲੀ ਬੈਠੀ ਹਾਂ, ਜਾਹ ਵਗ ਜਾ ਛੇਤੀ। ਮੁੰਡੇ ਨੇ ਆਰਾਮ ਕਰਨਾ ਹੋਊ।"

ਸੁਗੰਧਾ ਨੇ ਸਿਮਰ ਦੇ ਬਿਸਤਰੇ ਦੀਆਂ ਚਾਦਰਾਂ ਝਾੜ ਕੇ ਵਿਛਾਈਆਂ, ਨਿੱਕ-ਸੁਕ ਥਾਂ ਸਿਰ ਕੀਤਾ। ਕਿਤਾਬਾਂ ਮੈਗਜ਼ੀਨ ਤਰਤੀਬ ਸਿਰ ਰੱਖੇ। ਫੋਨ ਸਪੀਕਰ ਉੱਤੇ ਲਾ ਕੇ ਮੇਜ਼ ਉੱਤੇ ਰੱਖਿਆ ਤੇ ਡਸਟਿੰਗ ਕਰਨ ਲੱਗ ਪਈ। ਫੋਨ ਉੱਤੇ ਨੁਸਰਤ ਫਤਿਹ ਅਲੀ ਖ਼ਾਨ ਦੀ ਕੱਵਾਲੀ ਚੱਲ ਰਹੀ ਸੀ:

*ਮੇਰਾ ਪੀਆ ਘਰ ਆਇਆ ਲਾਲ ਜੀ...*

*...ਘੰਟੀ ਦਿਓ ਨਿਕਾਲ ਜੀ।*

ਜਸਵਿੰਦਰ ਨੇ ਕਮਰੇ ਦੇ ਬਾਹਰੋਂ ਆਵਾਜ਼ ਦਿੱਤੀ, "ਕੁੜੇ ਸੁਗੰਧੜੀਏ...ਨਿਬਟ ਗਿਆ ਕੰਮ?" ਤੇ ਜਦੋਂ ਕਮਰੇ ਵਿਚ ਅੰਦਰ ਵੜੀ ਤਾਂ ਫੇਰ ਤਮ੍ਹਕ ਪਈ, "ਤੈਨੂੰ ਏਨ੍ਹਾਂ ਕੱਵਾਲੀਆਂ ਦੀ ਕੋਈ ਸਮਝ ਵੀ ਆਉਂਦੀ ਐ... ਊਈਂ ਝੱਲਿਆਂ ਵਾਂਗ ਸਿਰ ਘੁਕਾਈ ਜਾਂਦੀ ਹੈ।"

"ਸਮਝ-ਸੁਮਝ ਮੇਰੇ ਕੋ ਕੁਛ ਨੀ ਆਤਾ ਆਂਟੀ, ਬਸ ਮੇਰੇ ਕੋ ਤੋ ਯੇ ਮਿਊਜ਼ਕ ਅੱਛਾ ਲਗਤਾ ਹੈ... ਬਸ ਇਸ ਮਿਊਜ਼ਕ ਕੀ ਰਿਦਮ ਪੇ ਨਾਚਨੇ ਕੋ ਮਨ ਕਰਤਾ ਹੈ।"

"ਚੱਲ ਉਤਰ ਥੱਲੇ ਹੁਣ...ਏਥੇ ਮੁੰਡੇ ਦੇ ਕਮਰੇ ਵਿਚ ਨਾ ਨੱਚਦੀ ਫਿਰ...ਚੱਲ ਵੜ ਰਸੋਈ ਵਿਚ, ਤਪਾ ਤੰਦੂਰ ਨੂੰ...ਸਿਮਰ ਤੰਦੂਰੀ ਰੋਟੀ ਪਸੰਦ ਕਰਦਾ ਹੈ।"

"ਹਾਂ ਆਂਟੀ, ਚਲੋ ਚਲੋ ਚਲਤੇ ਹੈਂ।"

ਅਗਲੇ ਦਿਨ ਸਿਮਰ ਨੇ ਆਵਦਾ ਲੈਪਟੌਪ ਕੱਢ ਕੇ ਐੱਲ.ਈ.ਡੀ. ਨਾਲ ਜੋੜਿਆ। ਆਵਦੇ ਸਾਰੇ ਟੂਰ ਦੀ ਵੀਡੀਓ ਚਲਾਉਣ ਵਾਸਤੇ ਸੁਗੰਧਾ ਨੂੰ ਕਈ ਨੁਕਤੇ ਦੱਸੇ, ਸਮਝਾਏ। ਮੰਮੀ ਡੈਡ ਨੂੰ ਟੀ.ਵੀ. ਮੂਹਰੇ ਬਿਠਾਇਆ ਤੇ ਸੁਗੰਧਾ ਨੂੰ ਕਿਹਾ, "ਜਿਵੇਂ ਮੈਂ ਤੈਨੂੰ ਡਿਕਟੇਸ਼ਨ ਦਿੱਤੀ ਹੈ, ਓਵੇਂ ਕਰ ਤੇ ਵੀਡੀਓ ਪਲੇਅ ਕਰ।"

ਵੀਡੀਓ ਖਿਜਿਆਰ ਤਾਲ ਦੇ ਖ਼ੂਬਸੂਰਤ ਸੀਨ ਤੋਂ ਸ਼ੁਰੂ ਹੋਈ, ਤਿੰਨੇ ਦਰਸ਼ਕ ਆਨੰਦ ਮਾਣਨ ਲੱਗੇ। ਸਿਮਰ ਇਹ ਕਹਿੰਦਾ ਹੋਇਆ ਲੌਬੀ ਵਿਚੋਂ ਬਾਹਰ ਨਿਕਲ ਗਿਆ ਕਿ ਮੈਂ ਪਟਿਆਲੇ ਭੂਆ ਜੀ ਨਾਲ ਤੇ ਸਿੰਗਾਪੁਰ ਹਰਮਨ ਦੀਦੀ ਨਾਲ ਆਵਦੇ ਬਿਜ਼ਨਸ ਪ੍ਰੋਜੈਕਟ ਬਾਰੇ ਗੱਲ ਕਰਨੀ ਹੈ।

"ਵਾਓ...ਆਂਟੀ...ਕਿਆ ਖ਼ੂਬਸੂਰਤ ਨਜ਼ਾਰੇ ਹੈਂ...ਕਿਤਨੇ ਖ਼ੁਸ਼ਕਿਸਮਤ ਲੋਗ ਹੈਂ ਜੋ ਵਹਾਂ ਰਹਿਤੇ ਹੈਂ...ਘੁੰਮਣੇ ਜਾਤੇ ਹੈਂ...ਮੈਂ ਤੋ ਆਂਟੀ ਆਪਣੇ ਪਾਪਾ ਸੇ ਬੋਲੂੰਗੀ ਕਿ ਮੈਂ ਤੋ ਡਲਹੌਜ਼ੀ ਮੇਂ ਹੀ ਨੌਕਰੀ ਕਰੂੰਗੀ, ਕਿਤਨੀ ਠੰਢੀ ਪੜ ਰਹੀ ਹੈ ਵਹਾਂ...ਔਰ ਯਹਾਂ ਤੋ ਧਾਨ ਕੀ ਖੇਤੀ ਮੇਂ ਇਤਨਾ ਉਮਸ...ਤੌਬਾ...ਤੌਬਾ...ਔਰ ਉਧਰ ਦੇਖੋ ਕਿਆ ਬਾਤ ਹੈ।"

"ਸਰਦੀ ਵਿਚ ਬਰਫਾਂ ਵੇਲ਼ੇ ਪਾਣੀ ਵੀ ਓਥੇ ਹੀ ਜੰਮਦਾ ਨਾਲੀਆਂ ਵਿਚ ਬੱਚੂ... ਬਾਥਰੂਮ ਜਾਣਾ ਵੀ ਔਖਾ ਹੋ ਜਾਂਦਾ ਹੈ...ਓਦੋਂ ਡਲਹੌਜ਼ੀ ਵਾਲੇ ਏਧਰ ਨੂੰ ਭੱਜਦੇ ਐ ਫੇਰ...ਪੈਂਦ ਪੈ ਜਾਅ, ਸਰਹਾਣੇ ਪੈ ਜਾਅ...ਗੱਲ ਤਾਂ ਓਥੇ ਈ ਰਹਿਣੀ ਐ।"

---

ਸਿਮਰ ਚੰਡੀਗੜ੍ਹ ਕੋਲ਼ ਇਕ ਪ੍ਰਾਈਵੇਟ ਕਾਲਿਜ ਵਿਚ ਸਿਵਿਲ ਇੰਜੀਨੀਰਿੰਗ ਦੀ ਬੀ.ਈ.

ਦੇ ਆਖਰੀ ਸਮੈਸਟਰ ਵਿਚ ਸੀ। ਸੋਚ ਰਿਹਾ ਸੀ...ਜੇ ਪੀਈਸੀ (ਪੈੱਕ) ਵਿਚ ਐਡਮਿਸ਼ਨ ਮਿਲ ਗਈ ਤਾਂ ਫੇਰ ਮਾਸਟਰਜ਼ ਕਰੂੰਗਾ...ਨਹੀਂ ਫੇਰ ਵੇਖਦੇ ਹਾਂ...ਅੱਗੇ ਕੀ ਬਣਦਾ ਹੈ।

ਸਿਮਰ ਦੇ ਖਾਸ-ਉਲ-ਖਾਸ ਦੋਸਤ ਵਿਧੁਤ ਦਾ ਡੈਡੀ ਪੰਜਾਬ ਦੇ ਟਾਊਨ ਐਂਡ ਕੰਟਰੀ ਪਲੈਨਿੰਗ ਮਹਿਕਮੇ ਵਿਚੋਂ ਚੀਫ ਇੰਜੀਨੀਅਰ ਰਿਟਾਇਰ ਹੋਇਆ ਸੀ। ਉਹ ਵਿਧੁਤ ਨੂੰ ਨਿਊ ਚੰਡੀਗੜ੍ਹ ਮੁਹਾਲੀ ਵਗੈਰਾ ਵਿਚ ਕੰਸਟਰਕਸ਼ਨ ਦੇ ਕੰਮ ਵਿਚ ਪਾਉਣਾ ਚਾਹੁੰਦਾ ਸੀ। ਵਿਧੁਤ ਹੋਣਹਾਰ ਤੇ ਹਿੰਮਤੀ ਮੁੰਡਾ ਸੀ, ਉਹ ਸਿਮਰ ਨੂੰ ਵੀ ਆਪਣੇ ਨਾਲ ਜੋੜਨਾ ਚਾਹੁੰਦਾ ਸੀ: "ਬਹੁਤ ਫਿਊਚਰ ਹੈ ਇਸ ਕਾਮ ਮੇਂ...ਜਿਤਨੀ ਅਨਰਜੀ ਭਾਈ ਸਾਹਬ ਆਪ ਪ੍ਰਾਈਵੇਟ ਨੌਕਰੀ ਵਿਚ ਲਾਉਗੇ ਅਗਰ ਉਤਨੀ ਹਮ ਦੋਨੋਂ ਮਿਲ ਕਰ ਆਪਨੇ ਕਾਮ ਮੇਂ ਲਗਾਏਂ ਤੋ ਪੈਸੋਂ ਕੀ ਬਾਰਸ਼ ਹੋਗੀ ਦੋਸਤ, ਔਰ ਵੋ ਭੀ ਹੱਕ ਹਲਾਲ ਕੀ ਕਮਾਈ ਕੇ ਪੈਸੋਂ ਕੀ...ਕੋਈ ਠੱਗੀ ਠੋਰੀ ਕੀ ਨਹੀਂ।...ਡੈਡ ਕਾ ਐਕਸਪੀਰੀਐਂਸ ਤੇ ਗਾਈਡੈਂਸ ਸੋਨੇ ਪੇ ਸੁਹਾਗੇ ਕਾ ਕਾਮ ਕਰੇਗੀ...ਮੇਰੇ ਯਾਰ ਮੇਰਾ ਯਕੀਨ ਮਾਨੋ...।"

"ਗੱਲ ਤਾਂ ਤੇਰੀ ਵਿਧੁਤ ਬਿਲਕੁਲ ਠੀਕ ਐ। ਜੇ ਇੰਜੀਨੀਰਿੰਗ ਕੀਤੀ ਹੈ...ਚੰਡੀਗੜ੍ਹ ਸੈਟਲ ਹੋਣਾ ਹੈ, ਫੇਰ ਕੁਛ ਤਾਂ ਕਰਨਾ ਹੀ ਪਊਗਾ। ਸਰਕਾਰੀ ਜੌਬ ਤਾਂ ਏਨੀ ਜਲਦੀ ਮਿਲਣੀ ਵੀ ਨਹੀਂ...ਦੇਖਦਾ ਹਾਂ...ਛੁੱਟੀਆਂ ਵਿਚ ਘਰ ਜਾਊਂਗਾ...ਬਾਤ ਕਰ ਕੇ ਦੇਖੂੰਗਾ, ਨਾਲੇ ਯਾਰ ਅਬ ਖੇਤੀ ਸੇ, ਕਿਸੀ ਕੋ ਕੋਈ ਕਾਮ ਤੋ ਅਲੱਗ ਕਰਨਾ ਹੀ ਪੜੇਗਾ...ਤੁਸੀਂ ਅੰਕਲ ਤੋਂ ਕਿਸੇ ਪ੍ਰੋਜੈਕਟ ਦਾ ਰਫ ਬਲੂ ਪ੍ਰਿੰਟ ਵਗੈਰਾ ਬਣਾਓ...ਮੈਂ ਘਰ ਜਾ ਕਰ ਆਪਣੀ ਸਿਸਟਰ ਹਰਮਨ ਸੇ ਭੀ ਸਿੰਗਾਪੁਰ ਮੇਂ ਬਾਤ ਕਰੂੰਗਾ, ਉਹ ਵੀ ਕੁਛ ਇਨਵੈਸਟਮੈਂਟ ਕਰਨ ਬਾਰੇ ਕਹਿ ਰਹੇ ਸੀ...ਸ਼ਾਇਦ ਪਟਿਆਲੇ ਵਾਲੇ ਫੁੱਫੜ ਜੀ ਵੀ ਸ਼ਾਮਲ ਹੋਣ ਬਾਰੇ ਸੋਚ ਲੈਣ। ਮੈਂ ਪੂਰੀ ਕੋਸ਼ਿਸ਼ ਕਰੂੰਗਾ ਵਿਧੁਤ...ਤੂੰ ਅੱਗੇ ਲੱਗ, ਮੈਨੂੰ ਤੇਰੇ ਉੱਤੇ ਯਕੀਨ ਹੈ ਕਾਮਯਾਬ ਹੋਵਾਂਗੇ...।"

...ਤੇ ਹੁਣ ਸਿਮਰ ਏਸੇ ਪ੍ਰੋਜੈਕਟ ਬਾਰੇ ਗੱਲ ਕਰਨ ਲਈ ਲੌਬੀ ਤੋਂ ਬਾਹਰ ਗਿਆ ਸੀ।

ਘੰਟੇ ਕੁ ਦੀ ਵੀਡੀਓ ਵੇਖ ਕੇ ਜਸਵਿੰਦਰ ਨੇ ਟੀ.ਵੀ. ਬੰਦ ਕਰਵਾ ਦਿੱਤਾ ਤੇ ਸੁਗੰਧਾ ਨੂੰ ਕਿਹਾ, "ਰਸੋਈ ਵਿਚ ਜਾ ਕੇ ਦੁਪਹਿਰ ਦੀ ਰੋਟੀ ਦੀ ਤਿਆਰੀ ਕਰ...ਸਬਜ਼ੀ ਭਾਜੀ ਵੇਖ... ਡਲਹੌਜ਼ੀ ਫੇਰ ਵੇਖ ਲਵਾਂਗੇ...।"

ਲੌਬੀ ਵਿਚ ਵਾਪਸ ਆ ਕੇ ਸਿਮਰ ਨੇ ਲੈਪਟੌਪ ਬੰਦ ਕੀਤਾ ਤੇ ਆਰਾਮ ਨਾਲ ਸੋਫ਼ੇ 'ਤੇ ਪਸਰ ਕੇ ਬੈਠ ਗਿਆ।

ਜਸਵਿੰਦਰ ਨੇ ਸੋਹਣੇ-ਸੁਨੱਖੇ ਬਣਦੇ-ਤਣਦੇ ਜਵਾਨ ਪੁੱਤ ਦੀ ਜਵਾਨੀ ਤੋਂ ਵਾਰੇ ਜਾਂਦੇ ਹੋਏ ਅੰਗੂਠੇ ਤੇ ਅਗਲੀ ਉਂਗਲ ਨੂੰ ਥੋੜ੍ਹਾ ਜਿਹਾ ਥੁੱਕ ਲਾ ਕੇ ਮਨ ਹੀ ਮਨ ਨਜ਼ਰ ਉਤਾਰੀ।

"ਹੁਣ ਪੁੱਤ ਫੇਰ ਕੀ ਸਲਾਹ ਐ...ਅਗਾਂਹ ਹੋਰ ਪੜ੍ਹੇਂਗਾ ਕਿ ਕੋਈ ਜੌਬ ਕਰੇਂਗਾ...ਜਾਂ ਪਾਪਾ ਨਾਲ ਏਥੇ ਆ ਕੇ ਆਵਦਾ ਕਾਰੋਬਾਰ ਵੇਖੇਂਗਾ...ਨਾਲੇ ਕਰਾਂ ਫੇਰ ਤੇਰੇ ਵਿਆਹ ਦੀ ਤਿਆਰੀ... ਅਗਲੇ ਸਾਲ ਹਰਮਨ ਹੋਰੀਂ ਆਉਣਗੇ...।"

ਜਸਕਰਨ ਨੂੰ ਜਸਵਿੰਦਰ ਦੇ ਕੀਤੇ ਸਵਾਲਾਂ ਉੱਤੇ ਪੂਰੀ ਤਸੱਲੀ ਹੋਈ ਤੇ ਉਹ ਮੁਸਕਰਾ ਪਿਆ।

"ਕਦੇ-ਕਦੇ ਤਾਂ ਸਾਹਪੀਣੀ ਮੈਡਮ, ਧਰਮ ਨਾਲ ਗੱਲ ਸੁਨਿਆਰੇ ਦੇ ਕੰਡੇ ਵਾਂਗ ਤੋਲ ਕੇ ਸਾਹਮਣੇ ਰੱਖ ਦਿੰਦੀ ਐ...ਏਹਦੇ ਸਦਕੇ ਜਾਣ ਨੂੰ ਜੀਅ ਕਰਦਾ ਐ।"

"ਗੁਰੂ ਸਵਾਰੀ ਦਿੱਤੀ ਅਕਲ ਦੇ ਮਾਲਕਾ, ਮੇਰੀਆਂ ਗੱਲਾਂ ਦੇ ਤਾਂ ਸਦਕੇ ਜਾਂਦਾ ਰਹੀਂ...ਕਦੇ ਤੂੰ ਵੀ ਆਵਦੇ ਅਣਮੁੱਲੇ ਵਿਚਾਰਾਂ ਵਿਚੋਂ ਪਾਸਕ ਕੱਢ ਲਿਆ ਕਰ...ਤੁਸੀਂ ਵੀ ਕਰੋ ਪੁੱਤ ਨਾਲ ਰੈਅ-ਮਸ਼ਵਰਾ...ਸਾਨੂੰ ਵੀ ਪਤਾ ਲੱਗੇ... ਬਈ ਆਹ ਜਿਹੜਾ ਕਿਤਾਬਾਂ ਦਾ ਲੱਦਾ ਸਿਰ ਉੱਤੇ ਚੁੱਕੀ ਫਿਰਦੋ ਹੋ...ਏਹਦੇ ਵਿਚੋਂ ਵੀ ਕੁੱਛ ਕੱਢਣ ਪਾਉਣ ਨੂੰ ਨਿਕਲਦਾ ਹੈ ਕਿ ਬਸ...।"

"ਵਾਹ ਮੌਮ ਡੈਡ ਕਿਆ ਕਮਾਲ ਦੀ ਜੁਮਲੇਬਾਜ਼ੀ ਹੈ। ਕਿੰਨੇ ਡੂੰਘੇ ਅਰਥਾਂ ਵਾਲੇ ਡਾਇਲਾਗ

ਹਨ ਤੁਹਾਡੇ, ਤੁਸੀਂ ਕਿਉਂ...ਮੈਂ ਤੁਹਾਡੇ ਦੋਹਾਂ ਦੇ ਸਦਕੇ ਜਾਂਦਾ ਹਾਂ...ਜੇ ਮੇਰਾ ਵਿਚਾਰ ਜ਼ਰਾ ਧਿਆਨ ਨਾਲ ਸੁਣੋ ਤਾਂ...।"

ਦੋਹਾਂ ਜੀਆਂ ਦੀਆਂ ਅੱਖਾਂ, ਕੰਨ ਤੇ ਸੁਰਤ ਸਿਮਰ ਉੱਤੇ ਟਿਕ ਗਏ।

"ਦੇਖੋ ਜੀ...ਬੈਚੁਲਰ ਮੇਰੀ ਪੂਰੀ ਹੋਈ ਸਮਝੋ...ਅੱਗੇ ਮਾਸਟਰਜ਼ ਪੀ.ਈ.ਸੀ. ਦੀ ਐਡਮਿਸ਼ਨ 'ਤੇ ਡਿਪੈਂਡ ਕਰੂਗੀ। ਜੌਬ...ਕੋਈ ਚੰਗੀ ਤਾਂ ਇੰਨੀ ਜਲਦੀ ਮਿਲਣ ਦੀ ਉਮੀਦ ਕੋਈ ਨਹੀਂ...ਮੈਂ ਤੇ ਮੇਰਾ ਦੋਸਤ ਵਿਧੁਤ ਵੋਹਰਾ...ਓਹੀ ਜਿਹੜਾ ਤੁਹਾਨੂੰ ਪਿਛਲੀ ਵਾਰੀ ਮਿਲਾਇਆ ਸੀ...ਅੱਗੋਂ ਅਸੀਂ ਰਲ਼ ਕੇ ਕੰਸਟਰੱਕਸ਼ਨ ਦਾ ਕੰਮ ਸ਼ੁਰੂ ਕਰਨ ਬਾਰੇ ਸੋਚ ਰਹੇ ਹਾਂ...ਚੰਡੀਗੜ੍ਹ ਦੇ ਆਸੇ ਪਾਸੇ ਬਹੁਤ ਜ਼ਿਆਦਾ ਫਲੈਟਸ, ਕੋਠੀਆਂ, ਕਲੱਬਾਂ ਤੇ ਸੁਸਾਇਟੀਆਂ ਦਾ ਕੰਮ ਚੱਲ ਰਿਹਾ ਹੈ। ਅਸੀਂ ਛੋਟੇ ਲੈਵਲ ਤੋਂ ਘਰ ਬਣਾਉਣ ਦਾ ਕੰਮ ਸ਼ੁਰੂ ਕਰਾਂਗੇ...ਵਿਧੁਤ ਦੇ ਪਾਪਾ ਨੇ ਕੁਛ ਪਲਾਟਾਂ ਵਾਸਤੇ ਅਪਲਾਈ ਕੀਤਾ ਸੀ ਜੋ ਨਿਕਲ ਆਏ ਹਨ... ਓਥੋਂ ਕੰਮ ਚਲਾ ਕੇ ਵੇਖਣ ਦੀ ਸੋਚ ਰਹੇ ਹਾਂ... ਗਾਈਡੈਂਸ... ਵੋਹਰਾ ਅੰਕਲ ਦੀ ਹੋਵੇਗੀ...ਉਹ ਚੀਫ਼ ਇੰਜੀਨੀਅਰ ਟਾਊਨ ਪਲੈਨਿੰਗ ਤੋਂ ਰਿਟਾਇਰ ਹੋਏ ਹਨ...ਅਗਾਂਹ ਫੇਰ ਕਿਸੇ ਵੱਡੀ ਸਾਈਟ 'ਤੇ ਫਲੈਟਸ ਵਗੈਰਾ ਬਣਾਉਣ ਬਾਰੇ ਸੋਚਾਂਗੇ। ਏਸੇ ਬਾਰੇ ਮੈਂ ਭੂਆ ਜੀ ਤੇ ਹਰਮਨ ਨਾਲ ਗੱਲਬਾਤ ਕਰਨ ਲਈ ਬਾਹਰ ਗਿਆ ਸਾਂ।

"ਲੈ ਕਰ ਲਓ ਘਿਉ ਨੂੰ ਭਾਂਡਾ...ਨਾ ਨੌਕਰੀ ਨਾ ਪੜ੍ਹਾਈ, ਨਾ ਆਵਦੀ ਵਾਹੀ ਖੇਤੀ...ਅਖੇ ਮੈਂ ਬਣੂੰ ਰਾਜ ਮਿਸਤਰੀ...ਪਟਾਊਂ ਨੀਹਾਂ ਤੇ ਚਿਣਾਊਂ ਕੰਧਾਂ...ਏਹ ਪੁੱਤ ਤੂੰ ਕਿੱਧਰ ਨੂੰ ਤੀਰ ਚਲਾ ਦਿੱਤਾ?" ਜਸਵਿੰਦਰ ਹੱਕੀ-ਬੱਕੀ ਰਹਿ ਗਈ।

"ਵੇਖ ਕਾਕਾ, ਜੇ ਆਵਦਾ ਹੀ ਕਾਰੋਬਾਰ ਕਰਨਾ ਹੈ ਤਾਂ ਏਥੇ ਆਪਣੇ ਕਿਹੜਾ ਘਾਟਾ ਐ...ਬਾਜ਼ਾਰ ਵਿਚ ਆਪਣੀਆਂ ਦੁਕਾਨਾਂ ਦੇ ਉੱਤੇ ਦਫ਼ਤਰ ਬਣਾ ਲਵੀਂ...ਆਰਕੀਟੈਕਟ ਰੱਖੀਂ, ਨਕਸ਼ੇ ਬਣਵਾਈਂ...ਏਥੇ ਕਿਹੜਾ ਕੋਠੀਆਂ ਦਾ ਕੰਮ ਘੱਟ ਹੈ...ਬਥੇਰਾ ਕੁਛ ਬਣਦਾ ਹੈ। ਨਾਲੇ ਸਾਡੇ ਕੋਲ਼ ਰਹੇਂਗਾ।" ਜਸਕਰਨ ਨੇ ਆਵਦੇ ਇਕ ਵਿਚਾਰ ਦਾ ਭਾਰ ਲਾਹ ਕੇ ਤਜਵੀਜ਼ ਰੱਖੀ ਤੇ ਜਸਵਿੰਦਰ ਵੱਲ ਵੇਖਿਆ, ਬਈ ਕਿਵੇਂ ਲੱਗਿਆ ਮੇਰਾ...।

"ਨਾਲੇ ਪੁੱਤ...ਰਿਸ਼ਤੇਦਾਰਾਂ ਨੂੰ ਕਿਉਂ ਵਿਚ ਫਸਾਉਂਦਾ ਹੈਂ...ਅਗਲਿਆਂ ਦਾ ਪੈਸਾ-ਧੇਲਾ ਡੁੱਬ ਜਾਏ...ਆਪਾਂ ਕੀ ਮੂੰਹ ਵਖਾਵਾਂਗੇ...ਸਾਕ-ਸਰੀਕੀ ਹੋਰ ਟੁੱਟੂ... ਛੱਡ ਪਰ੍ਹੇ ਵੋਹਰਿਆਂ ਵੂਹਰਿਆਂ ਦਾ ਖਿਆਲ...ਪਹਿਲਾਂ ਹੋਰ ਸਬਜ਼ ਬਾਗ਼ ਵਿਖਾਉਂਦੇ ਐ...ਫੇਰ ਰੋਹੀ ਦੀ ਕਿੱਕਰ ਵਾਂਗ 'ਕੱਲੇ ਨੂੰ ਛੱਡ ਦਿੰਦੇ ਐ।"

ਸੁਗੰਧਾ ਅੰਦਰ ਆ ਕੇ ਫਰਿਜ ਵਿਚੋਂ ਕੁਝ ਸਮਾਨ ਕੱਢ ਕੇ ਡਾਈਨਿੰਗ ਟੇਬਲ ਉੱਤੇ ਰੱਖਣ ਲੱਗ ਪਈ, ਨਾਲੇ ਉਨ੍ਹਾਂ ਦੀਆਂ ਗੱਲਾਂ ਸੁਣਨ ਵਿਚ ਮਗਨ ਹੋ ਗਈ।

"ਵਾਹ ਓ ਮੰਮਾ! ਹੁਣ ਸਾਰੀ ਜ਼ਿੰਦਗੀ ਏਸ ਲੰਬੀ ਵਿਚ ਲੰਮੀਆਂ ਤਾਣ ਕੇ ਪਏ ਰਹਿਣਾ...ਦੁਆਬੇ ਮਾਝੇ ਵਾਲੇ ਤਾਂ ਕਦੋਂ ਦੇ ਸੱਤ ਸਮੁੰਦਰ ਪਾਰ ਟੱਪ ਕੇ ਵਸ ਗਏ...ਨਾਲ ਲਗਦਾ ਮਾਲਵਾ ਵੀ ਨਿਕਲ ਗਿਆ...ਇਕ ਆਪਣੇ ਇਲਾਕੇ ਦੀ ਪੂਛ ਫਸੀ ਹੈ ਏਥੇ...ਕਨੇਡਾ...ਅਮਰੀਕਾ ਦੀ ਗੱਲ ਤਾਂ ਛੱਡੋ...ਤੁਸੀਂ ਤਾਂ ਮੈਨੂੰ ਚੰਡੀਗੜ੍ਹ ਸੈਟਲ ਨਹੀਂ ਹੋਣ ਦਿੰਦੇ...ਅਖੇ ਵਿਆਹ ਕਰਵਾ ਲੈ...ਵਿਆਹ ਪਿੱਛੋਂ ਬਾਲ ਬੱਚੇ ਵੀ ਹੋਣਗੇ...ਉਨ੍ਹਾਂ ਦੀ ਪੜ੍ਹਾਈ ਲਿਖਾਈ ਹੁਣ ਆਪਣੇ ਵਾਂਗ ਹੋਸਟਲਾਂ ਵਿਚ ਛੱਡ ਕੇ ਨਹੀਂ ਹੋਣੀ...ਹੁਣ ਕੋਲ਼ ਰਹਿ ਕੇ ਪੜ੍ਹਾਉਣੇ ਪੈਂਦੇ ਐ...ਸੁਰਤ ਸੰਭਾਲਦਿਆਂ ਦੀਆਂ ਟਿਊਸ਼ਨਾਂ ਲੱਗ ਜਾਂਦੀਆਂ...ਨਾਲੇ ਕੋਈ ਸਪੋਰਟਸ ਐਕਟਿਵਿਟੀ ਵੀ ਚਲਾਉਣੀ ਪੈਂਦੀ ਹੈ ਤਾਂ ਜੁ ਅਗਾਂਹ ਨੂੰ ਐਡਮਿਸ਼ਨਾਂ ਮਿਲਣ ਵਿਚ ਸਪੋਰਟਸ ਕੋਟੇ ਦੇ ਨੰਬਰ ਮਿਲਦੇ ਰਹਿਣ...ਹੁਣ ਵੱਡੇ ਸ਼ਹਿਰਾਂ ਬਿਨਾਂ ਪੜ੍ਹਾਈ ਦਾ ਗੁਜ਼ਾਰਾ ਨਹੀਂ। ਐਜੂਕੇਸ਼ਨ ਹੱਬ ਖਾਸ-ਖਾਸ ਥਾਵਾਂ ਉੱਤੇ ਹੀ ਕਾਮਯਾਬ ਹੋਏ ਹਨ। ਅੱਧਾ ਲੰਬੀ ਹਲਕਾ ਤਾਂ ਰਾਜਸਥਾਨ ਦੇ ਕੋਟੇ ਸ਼ਹਿਰ ਜਾ ਬੈਠਾ ਹੈ। ਥੋਡੇ ਵੇਲ਼ੇ ਤਾਂ...ਖ਼ਾਲਸਾ ਕਾਲਿਜ ਅੰਬਰਸਰ ਜਾਂ ਵੱਧ ਤੋਂ ਵੱਧ ਪਟਿਆਲੇ ਤਕ ਦੀ ਛਾਲ਼ ਹੀ ਵੱਡੀ ਸਮਝੀ ਜਾਂਦੀ ਸੀ।...ਤੇ ਮੰਮਾ, ਤੁਹਾਡੇ ਵਾਲੇ ਬਨੱਸਥਲੀ ਵਿੱਦਿਆਪੀਠ ਵਿਚ ਵੀ ਹੁਣ ਕੁੜੀਆਂ ਨੂੰ ਹਵਾਈ ਜਹਾਜ਼ ਤਕ ਚਲਾਉਣੇ

ਸਿਖਾਏ ਜਾਂਦੇ ਐ...ਤੇ ਤੁਸੀਂ ਜਦੋਂ ਛੁੱਟੀਆਂ ਵਿਚ ਘਰ ਆਉਂਦੇ ਸੀ ਤਾਂ ਨਾਨੀ ਮਾਂ ਤੁਹਾਡੇ ਸਿਰ ਵਿਚੋਂ ਜੂੰਆਂ ਕੱਢਦੀ ਥੱਕ ਜਾਂਦੀ ਸੀ। ਹੁਣ ਇਹ ਤਖ਼ਤ ਹਜ਼ਾਰੇ ਛੱਡ ਕੇ ਹੀ ਅਗਲੀ ਪੀੜ੍ਹੀ ਵਾਸਤੇ ਕੁਝ ਹੋ ਸਕਦੈ...ਨਹੀਂ ਤਾਂ ਫੇਰ...ਪੌਂ-ਬਾਰਾਂ ਤੇ ਤਿੰਨ ਕਾਣੇ ਵਾਲੀ ਕਥਾ।"

ਇਕ ਵਾਰੀ ਤਾਂ ਲੌਬੀ ਵਿਚ ਹਾਜ਼ਰ ਜੀਆਂ ਨੂੰ ਸੱਪ ਸੁੰਘ ਗਿਆ...ਫੇਰ ਜਸਕਰਨ ਨੇ ਚਿਹਰੇ ਉੱਤੇ ਸ਼ਾਂਤ ਭਾਵ ਲਿਆ ਕੇ ਮੂੰਹ ਖੋਲ੍ਹਿਆ, "ਕਾਕਾ ਜੀ, ਤੁਸੀਂ ਰੀਅਲ ਅਸਟੇਟ ਦਾ ਸੁਫ਼ਨਾ ਤਾਂ ਵੇਖ ਲਿਆ...ਪਰ ਮਾਇਆ ਰਾਣੀ ਬਾਰੇ ਫੇਰ ਤੁਸੀਂ ਕੀ ਸੋਚਿਆ ਬਈ ਕਿੱਥੋਂ ਕੱਢ ਕੇ ਲਿਆਵੇਂਗਾ...ਬੱਚਾ ਜੀ, ਲੱਖਾਂ ਦਾ ਹੀ ਨਹੀਂ...ਏਥੇ ਤਾਂ ਏਕੇ ਨੂੰ ਛੇ ਬਿੰਦੀਆਂ ਲੱਗ ਕੇ ਵੀ ਨਹੀਂ ਸਰਨਾ।"

"ਏਡੀ ਵੀ ਕਿਹੜੀ ਗੱਲ ਐ...ਅਸੀਂ ਕਿਹੜਾ ਪੂਰਾ ਸੈਕਟਰ ਡਿਵੈਲਪ ਕਰਨਾ ਹੈ...ਤੁਹਾਨੂੰ ਦੱਸਿਆ ਤਾਂ ਹੈ, ਬਈ ਸ਼ੁਰੂਆਤ ਛੋਟੀ ਹੋਵੇਗੀ...ਬਸ ਆਪਣੀਆਂ ਬਾਜ਼ਾਰ ਵਾਲੀਆਂ ਕੁਝ ਦੁਕਾਨਾਂ ਵੇਚ ਕੇ ਕੰਮ ਚੱਲ ਜਾਊਗਾ...ਥੋਡੀ ਗੱਲ ਮੰਨਦੇ ਹੋਏ ਮੈਂ ਸੋਚ ਲਿਆ ਹੈ ਕਿ ਭੂਆ ਜੀ ਤੇ ਦੀਦੀ ਦੇ ਇਨਵੈਸਟਮੈਂਟ ਬਾਰੇ ਵੀ ਬਾਅਦ ਵਿਚ ਹੀ ਵੇਖਾਂਗਾ।"

"ਲੈ ਛੇੜ ਲਓ ਕੱਲ੍ਹੇ ਕਸਾਈ ਨੂੰ...ਬੱਕਰੇ ਦੀ ਧੌਣ ਤੋਂ ਪਹਿਲਾਂ ਛੁਰੀ ਆਪਣੇ ਵੱਲ ਹੀ ਸਿੱਧੀ ਕਰੀ ਬੈਠਾ ਐ।" ਜਸਵਿੰਦਰ ਨੇ ਜਸਕਰਨ ਵੱਲ ਵੇਖ ਕੇ ਕਿਹਾ।

"ਉਹ ਸਾਹਪੀਣੀ ਮੈਡਮ ਜੀ, ਤੁਸੀਂ ਪਹਿਲਾਂ ਹੀ ਅੱਗਾ ਨਾ ਵਲ਼ ਲਿਆ ਕਰੋ...ਸਿਮਰ ਦੀ ਪੂਰੀ ਪਰਪੋਜ਼ਲ ਤਾਂ ਸੁਣ ਲੈਣ ਦਿਓ...ਤੇ ਭਾਈ ਕਾਕਾ, ਉੱਥੇ ਤਹਾਨੂੰ ਦਫ਼ਤਰ ਬਣਾਉਣਾ ਪਊ... ਰਹਿਣ ਲਈ ਕੋਈ ਘਰ ਕਿਰਾਏ 'ਤੇ ਲੈਣਾ ਪਊ...ਸਾਡੇ ਵਿਚੋਂ ਕੋਈ ਜਣਾ ਤੇਰੇ ਕੋਲ਼ ਰਹਿਣ ਲਈ ਆ ਜਾਇਆ ਕਰੂ...ਪਰ ਕਾਕਾ, ਜਿੰਨਾ ਚਿਰ ਤੇਰਾ ਆਵਦਾ ਘਰ ਨਹੀਂ ਵਸਦਾ...ਓਨਾ ਚਿਰ ਮੁਸ਼ਕਲ ਬਹੁਤ ਹੋਊ। ਜਦੋਂ ਸਿਰ ਉੱਤੇ ਪੈਂਦੀ ਐ...ਫੇਰ ਪਤਾ ਚਲਦੈ, ਵੀ ਕੀ ਭਾਅ ਵਿਕਦੀ ਐ ਬੱਚੂ।"

"ਓਨਾ ਚਿਰ ਹੈ ਨਾ ਆਹ ਸੁਗੰਧਾ...ਨਾਲੇ ਘਰ ਦਾ ਕੰਮ ਸੰਭਾਲ ਲਊ, ਨਾਲੇ ਦਫ਼ਤਰ ਵਿਚ ਮੇਰੇ ਕੰਪਿਊਟਰ ਵਗੈਰਾ ਦਾ ਕੰਮ ਵੇਖ ਲਿਆ ਕਰੂ...ਕਿਉਂ ਸੁਗੰਧਾ ਬਣੇਂਗੀ ਮੇਰੀ ਸੈਕਰੇਟਰੀ?" ਸਿਮਰ ਸੁਗੰਧਾ ਵੱਲ ਵੇਖ ਕੇ ਹੱਸਣ ਲੱਗ ਪਿਆ।

ਜਸਵਿੰਦਰ ਮੂੰਹ ਵਿਚ ਬੁੜਬੁੜਾਈ, "ਸਾਰੇ ਕਲੇਸ਼ ਦੀ ਇਕੋ ਜੜ੍ਹ ਸੁਗੰਧਾ...।"

"ਹਾਂ-ਹਾਂ ਭਈਆ ਜੀ, ਹਮ ਤੋਂ ਏਕਦਮ ਤਿਆਰ ਹੈ...ਬਸ ਆਂਟੀ ਆਪ ਕੇ ਸਾਥ ਹਮੇਂ ਲੇ ਭੀ ਤੋ ਚਲੇਂ। ਫੇਰ ਦੇਖਣਾ ਕੈਸੇ ਘਰ ਔਰ ਦਫ਼ਤਰ ਕਾ ਕਾਮ ਯੂੰ-ਅ-ਅ.. ਚਲਾ ਦੂੰਗੀ।"

"ਬੱਸ ਕਰ ਨੀਂ ਅੰਮਾ ਜੀ ਬਸ ਕਰ, ਹਰ ਗੱਲ ਘੁੰ-ਘੁੰ ਕਰ ਕੇ ਨਬੇੜ ਦਿੰਦੀ ਐ...ਤੂੰ ਤਾਂ ਸੁੱਖ ਨਾਲ ਪਹਿਲਾਂ ਹੀ ਮਾਣ ਨ੍ਹੀਂ ਸੀ...ਤੂੰ ਬਣ ਜੇਂ ਚੰਡੀਗੜ੍ਹ ਜਾ ਕੇ ਸੈਕਟਰਣੀ...ਤੇ ਏਥੇ ਘਰ ਦਾ ਕੰਮ ਕੌਣ ਕਰੂ...ਰੋਟੀਆਂ ਤੇਰਾ ਕੁਛ ਲੱਗਦਾ ਕਿਹੜਾ ਥੱਪੂ?...ਹਰ ਕੰਮ ਵਿਚ ਪਹਿਲਾਂ ਹੀ ਜੋੜੇ ਲਾਹ ਕੇ ਮੂਹਰੇ ਖੜ੍ਹ ਜਾਂਦੀ ਐ।"

ਸੁਗੰਧਾ ਨੇ ਮਸੋਸਿਆ ਜਿਹਾ ਮੂੰਹ ਬਣਾ ਲਿਆ, ਫੇਰ ਵੀ ਰਿਹਾ ਨਾ ਗਿਆ, "ਅਰੇ ਆਂਟੀ ਜੀ, ਇਸ ਘਰ ਮੇਂ ਕਾਮ ਕਰਨੇ ਕੇ ਲੀਏ ਮੇਰੀ ਬਹਨ ਵਸੁੰਧਾ ਆ ਜਾਏਗੀ, ਅਬ ਵੁਹ ਛੋਟੀ ਥੋਹੜਾ ਹੈ...ਨਾਈਨਥ ਮੇਂ ਪੜ੍ਹਤੀ ਹੈ।"

"ਬੱਲੇ ਨ੍ਹੀ ਤੇਰੇ...ਪਹਿਲਾਂ ਤੈਨੂੰ ਸਿਖਾਉਂਦੀ ਨੂੰ ਮਰ ਗਈ, ਹੁਣ ਗਾਂਹ ਤੇਰੀ ਵਸੁੰਧਾ ਨਾਲ ਮੱਥਾ ਮਾਰਾਂ।"

"ਓਹ ਹੋ...ਅਰੇ ਆਂਟੀ...ਆਪ ਭਈਆ ਜੀ ਕੋ...ਅੰਕਲ ਕੋ...ਹਮੇਂ ਕੁਛ ਕਰਨੇ ਤੋ ਦੋ...ਮੈਂ ਭੀ ਤੋ ਅਕਸਰ ਆਪ ਕੇ ਘਰ ਕਾ ਹਿੱਸਾ ਬਣ ਗਈ ਹੂੰ...ਅਗਰ ਫਿਰ ਭੀ ਆਪ ਕੋ ਗਲਤ ਲਗਾ ਤੋ ਫਿਰ ਜਿਤਨੀ ਆਪ ਕੇ ਮਨ ਮੇਂ ਆਏ, ਡਾਂਟ ਲਗਾ ਲੈਣਾ।"

"ਤੂੰ ਬੇਟਾ ਸੁਗੰਧਾ, ਬਿਲਕੁਲ ਦਰੁਸਤ ਫਰਮਾਇਆ ਹੈ...ਪਰ ਚਲੋ ਹੁਣ ਲੰਚ ਕਰੀਏ...

ਬਾਕੀ ਫੇਰ ਵਿਚਾਰਾਂਗੇ।" ਜਸਕਰਨ ਨੇ ਇਕ ਵਾਰੀ ਬਹਿਸ ਨੂੰ ਵਿਰਾਮ ਦੇ ਦਿੱਤਾ।

ਸ਼ਾਮ ਨੂੰ ਸਿਮਰ ਆਵਦੇ ਦੂਸਰੇ ਘਰਾਂ ਵਿਚ ਮਿਲਣ ਚਲਾ ਗਿਆ। ਪੈਟਰੋਲ ਪੰਪ ਅਤੇ ਬਾਜ਼ਾਰ ਵਿਚ ਗੇੜਾ ਮਾਰਨ ਚਲਾ ਗਿਆ। ਘਰ ਦੇ ਦੋਵੇਂ ਜੀਅ ਵਰਾਂਡੇ ਵਿਚ ਪੱਖੇ ਥੱਲੇ ਬੈਠੇ ਕੋਠੀ ਦੇ ਲਾਅਨ, ਫੁੱਲ-ਬੂਟਿਆਂ ਵੱਲ ਵੇਖਦੇ ਹੋਏ ਘਰ ਵਿਚ ਨਵੀਂ ਪੈਦਾ ਹੋ ਰਹੀ ਆਫ਼ਤ ਬਾਰੇ ਸੋਚਦੇ ਹੋਏ ਆਪਣੇ ਖਿਆਲ ਵਿਚ ਗ਼ਮਗੀਨ ਸਨ।

"ਆਹ ਜਿਹੜਾ ਨਵਾਂ ਚੰਦ ਚੜ੍ਹਨ ਲੱਗਿਐ, ਕਿਤੇ ਇਹ ਗ੍ਰਹਣਿਆ ਤਾਂ ਨਾ ਜਾਊ...ਮੈਨੂੰ ਮੁੰਡਾ ਹੱਥੋਂ ਨਿਕਲਦਾ ਜਾਂਦਾ ਲਗਦਾ...ਇਕ ਆਹ ਚੁੜੇਲ ਜੀ ਓਹਦੀ ਹਰ ਗੱਲ ਵਿਚ ਕਿਰਲੀ ਵਾਂਗ ਪੂਛ ਚੱਕ ਕੇ ਵੜ ਜਾਂਦੀ ਐ।"

"ਮੈਂ ਤੁਹਾਨੂੰ ਜਸਵਿੰਦਰ ਜੀ ਕਿੰਨੀ ਵਾਰੀ ਕਿਹਾ, ਹੌਸਲਾ ਰੱਖਿਆ ਕਰੋ...ਹੋਣਾ ਓਹ ਹੈ ਜੋ ਰੱਬ ਨੂੰ ਮਨਜ਼ੂਰ ਹੈ...ਜੇ ਰਜ਼ਾ ਵਿਚ ਰਹੇਂਗੀ, ਸੌਖੀ ਰਹੇਂਗੀ...ਘਬਰਾ ਨਾ...ਖੇਡਣ ਦੇ ਪੱਠੇ ਨੂੰ ਖੁੱਲ੍ਹਾ...ਜੇ ਖੇਡੂਗਾ, ਫੇਰ ਹੀ ਜਿੱਤ ਹਾਰ ਦਾ ਪਤਾ ਚੱਲੂਗਾ...ਘਰੇ ਬੈਠੇ ਨੂੰ ਤਾਂ ਅਕਾਸ਼ਵਾਣੀ ਹੋਣੀ ਨਹੀਂ।...ਕੋਈ ਪਿੰਡੋਂ ਨਿਕਲ ਕੇ ਨਿਆਈਂ ਵਿਚ ਕੋਠੀ ਪਾਉਂਦਾ ਹੈ, ਕੋਈ ਨਵੀਂ ਸੋਚ ਵਾਲਾ ਕੋਠੀ ਛੱਡ ਕੇ ਸ਼ਹਿਰ ਦੇ ਕਿਸੇ ਫਲੈਟ ਦੇ ਘੁਰਨੇ ਵਿਚ ਵੜਨ ਨੂੰ ਵਸਣ ਨੂੰ ਬਹੁਤ ਵੱਡੀ ਗੱਲ ਸਮਝਦਾ ਹੈ...ਨਾਲੇ ਏਡੀ ਛੇਤੀ ਆਫ਼ਤ ਡਿਗਣ ਵਾਲੀ ਨਹੀਂ...ਇਹ ਹੌਲ਼ੀ-ਹੌਲ਼ੀ ਉਤਰੂਗੀ...ਤੇ ਜਦੋਂ ਏਹਨੇ ਆਵਦਾ ਅਸਲੀ ਰੂਪ ਵਿਖਾਇਆ, ਫੇਰ ਕੋਈ ਨਾ ਕੋਈ ਹੱਲ ਲੱਭ ਜਾਊਗਾ। ਅੱਜ ਕੱਲ ਦੀ ਅਲਾਦ ਏਡੀ ਬੇ-ਸਮਝ ਏਡੀ ਕਮਲ਼ੀ ਨਹੀਂ...ਜਿੰਨਾ ਤੂੰ ਸਮਝਦੀ ਹੈਂ। ਚੱਲ ਅੰਦਰ ਚੱਲੀਏ...ਘੁੱਟ ਲਾਈਏ...ਚਿੰਤਾ ਮੁਕਤ ਹੋਈਏ...ਸਿਮਰ ਦੇ ਟੂਰ ਦੀ ਬਚਦੀ ਵੀਡੀਓ ਵੇਖੀਏ... ਓਹ ਵੀ ਆਉਂਦਾ ਹੀ ਹੋਣਾ।"

"ਵੇਖ ਲੈ ਸਿਮਰ ਦੇ ਪਾਪਾ...ਮੈਂ ਤਾਂ ਡਰਦੀ ਸੋਚਦੀ ਸੀ, ਕਿਤੇ ਐਵੇਂ ਹੀ ਨਾ ਜਾਹ ਜਾਂਦੀ ਹੋ ਜਾਵੇ।"

ਸਿਮਰ ਨੂੰ ਡਿਨਰ ਲਈ ਉਡੀਕਦੇ ਹੋਏ ਸੁਗੰਧਾ ਤੇ ਆਂਟੀ ਵੀਡੀਓ ਵੇਖਣ ਲੱਗ ਪਈਆਂ। ਜਸਕਰਨ ਆਵਦੀ ਕਿਤਾਬਾਂ ਵਾਲੀ ਸ਼ੈਲਫ਼ ਵਿਚੋਂ ਡਾਇਰੀ ਕੱਢ ਕੇ ਫਰੋਲਣ ਲੱਗ ਪਿਆ। ਫੇਰ ਉਹਨੂੰ ਉੱਥੇ ਹੀ ਰੱਖ ਕੇ...ਆ ਕੇ ਟੀ.ਵੀ. ਵੇਖਣ ਲੱਗ ਪਿਆ।

ਸਿਮਰ ਲੌਬੀ ਵਿਚ ਦਾਖ਼ਲ ਹੋਇਆ ਤਾਂ ਸੁਗੰਧਾ ਨੇ ਵੀਡੀਓ ਤੋਂ ਜ਼ਰਾ ਕੁ ਨਜ਼ਰ ਹਟਾ ਕੇ ਕਿਲਕਾਰੀ ਮਾਰੀ, "ਅਰੇ ਭਈਆ ਦੇਖੋ...ਆਪ ਭੀ ਕਾਲਾ ਚਸ਼ਮਾ ਲਗਾ ਕਰ ਕਿਆ ਹੀਰੋ ਲਗਤੇ ਹੋ...ਔਰ ਵੋਹ ਤੀਨ ਲੜਕੀਆਂ ਕੌਨ ਹੈਂ ਜੋ ਆਪ ਕੇ ਸਾਥ ਘੂੰਮਤੇ ਹੂਏ ਅਠਖੇਲੀਆਂ ਕਰ ਰਹੀ ਹੈਂ?"

"ਅਰੇ ਵੋਹ ਹਮਾਰੇ ਗਰੁੱਪ ਮੇਂ ਥੀਂ...ਤੀਨੋਂ ਪੀਐੱਚ.ਡੀ. ਕੀ ਰਿਸਰਚ ਸਕਾਲਰ ਹੈ...ਕਿਆ ਨੌਲਜ ਹੈ ਉਨ ਕੋ ਡੈਡ, ਬਸ ਇਨਸਾਈਕਲੋਪੀਡੀਆ ਹੀ ਸਮਝੋ।"

"ਪੁੱਤ ਸਿਮਰ ਕੋਈ ਪਸੰਦ ਵੀ ਆਈ?"

"ਓਹ ਮੰਮਾ ਪਲੀਜ਼, ਤੁਸੀਂ ਵੀ ਨਾ ਬਸ...ਜੇ ਕੋਈ ਕਿਸੇ ਨਾਲ ਹਾਸਾ-ਮਖੌਲ ਸ਼ਿਅਰ ਕਰ ਲਵੇ...ਤੁਹਾਨੂੰ ਤਾਂ ਲੱਗਣ ਲੱਗ ਪੈਂਦਾ...ਬਈ ਬਣ'ਗੀ ਮੇਰੀ ਨੂੰਹ ਰਾਣੀ...ਸਾਡੀ ਬਹੂ।"

"ਸਾਹਪੀਣੀ ਮੈਡਮ!" ਜਸਕਰਨ ਨਾਲੇ ਕੌੜ ਕੇ ਝਾਕਿਆ।

ਸਾਰੇ ਚੁੱਪ ਪਸਰ ਗਈ ਤੇ ਫੇਰ ਡਿਨਰ ਖਾਧਾ ਗਿਆ।

---

ਸਿਮਰ ਦੀ ਦਸ ਦਿਨ ਦੀ ਛੁੱਟੀ 'ਚੋਂ ਅੱਠ ਦਿਨ ਖੰਭ ਲਾ ਕੇ ਉੱਡ ਗਏ। ਏਸ ਦੌਰਾਨ ਜਸਕਰਨ ਤੇ ਜਸਵਿੰਦਰ ਉਹਦੇ ਸੁਫ਼ਨਿਆਂ ਬਾਰੇ ਸੋਚਦੇ ਰਹੇ। ਕਦੇ ਹਾਂ, ਕਦੇ ਨਾਂਹ। ਕਦੇ ਦਲੇਰੀ, ਕਦੇ ਫਿਕਰਮੰਦੀ। ਜੇ ਜਸਕਰਨ ਹੌਸਲੇ ਵਿਚ ਹੁੰਦਾ ਤਾਂ ਜਸਵਿੰਦਰ ਚਿੰਤਾ ਵਿਚ ਡੁਬ ਜਾਂਦੀ; ਤੇ ਜੇ ਜਸਕਰਨ ਆਵਦੀ ਬਣਾਈ ਜੈਦਾਤ ਦੇ ਵੇਚਣ-ਵੱਟਣ ਦਾ ਝੋਰਾ ਕਰਦਾ ਤਾਂ ਜਸਵਿੰਦਰ ਠੁੰਮਣਾ

ਦਿੰਦੀ, "ਹੋਰ ਆਪਾਂ ਕਿਹੜਾ ਇਹਨੂੰ ਨਾਲ ਲੈ ਜਾਣਾ...ਇਹ ਸਾਰਾ ਕੁਛ ਏਸੇ ਦਾ ਹੀ ਹੈ। ਜਿਵੇਂ ਏਹਨੂੰ ਠੀਕ ਲਗਦਾ, ਕਰਨ ਦਿਓ। ਕਿਉਂ ਫਿਕਰ ਕਰਦੇ ਹੋ...ਬਸ ਕੰਨ ਦੀ ਪੇਪੜੀ ਮਾੜੀ ਜੀ ਚੂੰਢੀ 'ਚ ਫੜ ਕੇ ਰੱਖਿਓ...ਐਵੇਂ ਜਜ਼ਬਾਤ ਦੇ ਵਹਿਣ ਵਿਚ ਰੁੜ੍ਹ ਕੇ ਕਿਤੇ ਜਾਹ ਜਾਂਦੀ ਨਾ ਕਰਾ ਬੈਠੇ। ਨਾਲ ਆਪਣਾ ਇੱਜ਼ਤ ਮਾਣ ਕਮਾਇਆ ਵੀ ਰੁੜ੍ਹ ਜਾਵੇ।"

"ਭਲੀਏ ਲੋਕੇ ਕੁਛ ਨ੍ਹੀਂ ਰੁੜ੍ਹਦਾ। ਜੇ ਤੂੰ ਮੈਂ ਨ੍ਹੀਂ ਰੋੜ੍ਹਿਆ, ਇਹ ਕਿਵੇਂ ਗੁਆ ਦੇਊ।"

"ਪਰ ਜਸਕਰਨ, ਆਂਹਦੇ ਹੁੰਦੇ ਐ ਬਈ ਜੱਟ ਦੀ ਤੀਜੀ ਪੀੜ੍ਹੀ...।" ਜਸਕਰਨ ਨੇ ਫੱਟ ਦੇਣੇ ਜਸਵਿੰਦਰ ਦੇ ਬੁੱਲ੍ਹਾਂ 'ਤੇ ਉਂਗਲ ਰੱਖ ਦਿੱਤੀ, ਮੁਹਾਵਰਾ ਪੂਰਾ ਨਾ ਹੋਣ ਦਿੱਤਾ।

"ਖਿਆਲ ਤਾਂ ਨਹੀਂ ਸਾਹਪੀਣੀਏ ਪਰ ਫੇਰ ਜੋ ਕੁਦਰਤ ਨੂੰ ਮਨਜ਼ੂਰ।"

---

ਅਗਲੀ ਸੰਧਿਆ ਵੇਲੇ ਕੁਦਰਤ ਮਿਹਰਬਾਨ ਹੁੰਦੀ ਜਾਪਦੀ ਸੀ। ਪੱਛੋਂ ਵੱਲੋਂ ਘਟਾ ਚੜ੍ਹੀ ਆਉਂਦੀ ਸੀ। ਕਹਿਰ ਦਾ ਹੁੰਮਸ ਸੀ ਪਰ ਜੱਟ ਜ਼ਿਮੀਂਦਾਰ ਠੇਕੇ ਉੱਤੇ ਲੈਣ ਵਾਲੇ ਵਾਹੀਵਾਨਾਂ... ਝੋਨੇ ਬਾਸਮਤੀ ਦੀ ਲਵਾਈ ਵਾਲੇ ਮਜ਼ਦੂਰਾਂ-ਮਸਕੀਨਾਂ ਦੀ ਉਤਾਂਹ ਰੱਬ ਵੱਲ ਨਿਗ੍ਹਾ ਸੀ...ਦਾਤੇ ਤੋਂ ਮੀਂਹ ਦੀ ਆਸ ਵਿਚ ਪਪੀਹੇ ਵਾਂਗ ਮੂੰਹ ਅੱਡੀ...ਹੱਥ ਜੋੜੇ...ਆਸਵੰਦ ਸਨ ਕਿ ਕੁਦਰਤ ਭਿਖਿਆ ਪਾਵੇਗੀ।

ਹੁੰਮਸ ਕਰ ਕੇ ਦੋਵੇਂ ਜੀਅ ਲੌਬੀ ਵਿਚ ਏ.ਸੀ. ਚਲਾ ਕੇ ਬੈਠੇ ਸਨ। ਸਿਮਰ ਵਰਾਂਡੇ ਦੇ ਪਰਲੇ ਪਾਸੇ ਖੜ੍ਹਾ ਬਿਜਲੀ ਦੇ ਚਮਕਣ, ਬੱਦਲਾਂ ਦੇ ਗਰਜਣ ਤੇ ਘਟਾ ਦੇ ਉਭਰ ਰਹੇ ਵਰੋਲਿਆਂ ਦੀ ਵੀਡੀਓ ਬਣਾ ਰਿਹਾ ਸੀ। ਸੁਗੰਧਾ ਵਰਾਂਡੇ ਦੇ ਦੂਜੇ ਪਾਸੇ ਰਸੋਈ ਦੇ ਬਾਹਰ ਦਰਵਾਜ਼ੇ ਖਿੜਕੀਆਂ ਉੱਤੇ ਬਣੇ ਛਾਇਆਵਾਨ ਥੱਲੇ ਖੜ੍ਹੀ ਠੰਢੀ ਹਵਾ ਤੇ ਸ਼ੁਰੂ ਹੋਈ ਫੁਹਾਰ ਦਾ ਆਨੰਦ ਮਾਣ ਰਹੀ ਸੀ। ਉਹ ਕਣੀਆਂ ਦੀ ਵਾਛੜ ਵਿਚ ਭਿੱਜ ਰਹੀ ਸੀ। ਖਿੜਕੀ ਦੀ ਚੁਗਾਠ 'ਤੇ ਪਿਆ ਓਹਦਾ ਫੋਨ ਵੱਜ ਰਿਹਾ ਸੀ:

*ਯੇਹ ਜੋ ਹਲਕਾ-ਹਲਕਾ ਸਰੂਰ ਹੈ...*<br>
*ਤੇਰੀ ਨਜ਼ਰ ਕਾ ਕਸੂਰ ਹੈ...*

ਓਹਦੇ ਵਾਲ਼ਾਂ ਦੀਆਂ ਲਿਟਾਂ ਚਿਹਰੇ ਦੇ ਦੋਵੇਂ ਪਾਸੇ ਆ, ਲਮਕ ਕੇ ਲਹਿਰਾ ਰਹੀਆਂ ਸਨ। ਉਸ ਦਾ ਗਲ਼ਾ, ਛਾਤੀ, ਸਰੀਰ ਦਾ ਅਗਲਾ ਹਿੱਸਾ ਭਿੱਜ ਚੁੱਕਿਆ ਸੀ।

ਸਿਮਰ ਆਵਦੀ ਵੀਡੀਓ ਬਣਾਉਣ ਵਿਚ ਮਸਰੂਫ਼ ਸੀ।

ਅਚਾਨਕ ਸੁਗੰਧਾ ਨੇ ਛਾਇਆਵਾਨ ਹੇਠੋਂ ਨਿਕਲ ਕੇ ਪਾਸਾ ਘੁੰਮਾਇਆ ਤੇ ਵਿੰਹਦੇ-ਵਿੰਹਦੇ ਉਹਦੇ ਸਰੀਰ ਦਾ ਪਿਛਵਾੜਾ, ਉਹਦੀ ਗਰਦਨ, ਮਜ਼ਬੂਤ ਮੋਢੇ, ਲੱਕ ਦਾ ਵਲ਼, ਨਿਤੰਬਾਂ ਦੀਆਂ ਗੋਲ਼ਾਈਆਂ, ਓਹਦੇ ਕੱਪੜੇ ਸਰੀਰ ਨਾਲ ਚਿਪਕ ਗਏ।

ਵੀਡੀਓ ਬਣ ਰਹੀ ਸੀ, ਬਿਜਲੀ ਕੜਕ ਰਹੀ ਸੀ, ਲਿਸ਼ਕਾਰੇ ਅੱਖਾਂ ਚੁੰਧਿਆ ਰਹੇ ਸਨ।

ਜਸਵਿੰਦਰ ਨੇ ਲੌਬੀ ਵਿਚੋਂ ਪਰਦਾ ਹਟਾ ਕੇ ਬਾਹਰ ਜਦੋਂ ਇਹ ਕੌਤਕ ਵੇਖਿਆ ਤਾਂ ਉਹਦਾ ਦਿਲ ਅੰਤਾਂ ਦੀ ਕੜਕਦੀ ਬਿਜਲੀ ਦੇ ਲਿਸ਼ਕਾਰੇ ਵਿਚ ਵੀ ਬੁਝ ਜਿਹਾ ਗਿਆ। ਉਹਨੇ ਇਸ਼ਾਰੇ ਨਾਲ ਜਸਕਰਨ ਨੂੰ ਕੋਲ਼ ਸੱਦਿਆ ਤੇ ਬਾਹਰ ਦਾ ਨਜ਼ਾਰਾ ਵਿਖਾਇਆ, "ਕਿਉਂ ਮੀਆਂ, ਵੇਖ ਲਿਆ ਨਾ ਅੱਖੀਂ...ਹੋਣ ਵਾਲੀ ਐ ਨਾ ਜਾਹ ਜਾਂਦੀ।"

ਜਸਕਰਨ ਏਨੇ ਜ਼ੋਰ ਦੀ ਹੱਸਿਆ ਕਿ ਬਾਹਰ ਵਾਲਿਆਂ ਨੇ ਵੀ ਸੁਣ ਲਿਆ। ਉਹ ਆਪਣੀ ਡ੍ਰਿੰਕ ਬਾਰ ਕੋਲ਼ ਗਿਆ, ਫੇਰ ਜਸਵਿੰਦਰ ਕੋਲ਼ ਆ ਕੇ ਉਸ ਨੂੰ ਬਾਂਹ ਫੜ ਕੇ ਹਲਕੇ ਨਸ਼ੇ ਦੇ ਸਰੂਰ ਵਿਚ, ਕਿਤਾਬਾਂ ਵਾਲੇ ਸੈਲਫ਼ ਕੋਲ਼ ਲੈ ਗਿਆ।

...ਤੇ ਕੱਲ੍ਹ ਵਾਲੀ ਡਾਇਰੀ ਕੱਢ ਕੇ ਕਿਹਾ, "ਵੇਖੋ ਸਾਹਪੀਣੀ ਮੈਡਮ ਜੀ, ਮੇਰੀ ਜਾਨ ਤੋਂ ਪਿਆਰੀ ਰਾਜ ਦੁਲਾਰੀ...ਜੱਸੀ...ਇਸ ਡਾਇਰੀ ਵਿਚ ਜਦੋਂ ਮੈਂ ਐੱਮ.ਏ. ਕਰ ਕੇ ਪਿੰਡ ਵਿਚ ਆਪਣੇ ਅੰਦਰਲੇ ਘਰੇ ਆਇਆ ਸੀ ਤਾਂ ਇਕ ਕਹਾਣੀ ਲਿਖਣੀ ਪੈ ਗਈ ਸੀ ਜੋ ਅੱਜ ਤਕ ਮੈਂ

ਤੈਥੋਂ ਛੁਪਾ ਕੇ ਰੱਖੀ...ਪਰ ਸ਼ਾਇਦ ਅੱਜ ਏਹ ਤੇਰੇ ਇਕ ਖਾਸ ਕਿਸਮ ਦੇ ਫਿਕਰ-ਫਾਕੇ ਨੂੰ ਜੇ ਦੂਰ ਕਰ ਸਕੇ ਤਾਂ ਮੈਂ ਸਮਝਾਂਗਾ ਕਿ ਮੇਰੇ ਸਿਰ ਉੱਤੇ ਜੋ ਤੂੰ ਕਿਤਾਬਾਂ ਦੇ ਗੱਡੇ ਦਾ ਭਾਰ ਲੱਦਿਆ ਵੇਖਦੀ ਹੈਂ, ਉਹ ਤੇਰੀ ਸਮਝ ਵਿਚ ਆ ਜਾਵੇ ਤੇ ਤੂੰ ਰਾਤ ਨੂੰ ਬੇਫਿਕਰੀ ਦੀ ਨੀਂਦ ਸੌਂ ਸਕੇਂ...। ਜੇ ਕਹੇ ਤਾਂ ਮੈਂ ਪੜ੍ਹ ਦਿੰਦਾ ਹਾਂ ਪਰ ਜੇ ਤੂੰ ਆਪ ਪੜ੍ਹਨਾ ਚਾਹੇਂ ਤਾਂ ਵਧੀਆ ਰਹੂਗਾ, ਮੈਨੂੰ ਨਜ਼ਰ ਨਾ ਝੁਕਾਉਣੀ ਪਊ।"

"ਨਹੀਂ ਏਡੀ ਵੀ ਬੇ-ਇਤਬਾਰੀ ਨਹੀਂ... ਬਈ ਤੁਹਾਨੂੰ ਨੀਵੀਂ ਪਾਉਣੀ ਪਵੇ... ਆਪ ਹੀ ਭਾਵੇਂ ਪੜ੍ਹ ਕੇ ਸੁਣਾਓ ਤੇ ਭਾਵੇਂ ਮੂੰਹ ਜ਼ੁਬਾਨੀ ਕਹੋ...। ਮੈਂ ਤੁਹਾਨੂੰ ਇਹ ਡਾਇਰੀ ਫਰੋਲਦੇ ਹੋਏ ਕਲ੍ਹ ਵੀ ਦੇਖ ਲਿਆ ਸੀ...। ਤੇ ਜੇ ਹੁਣ ਏਨੇ ਵਰ੍ਹਿਆਂ ਤੋਂ ਤੁਸੀਂ ਆਪ ਹੀ ਇਹ ਬਾਹਰ ਕੱਢ ਲਈ ਹੈ...ਫੇਰ ਡਰਨ ਸ਼ਰਮਾਉਣ ਦੀ ਕੀ ਲੋੜ?"

ਜਸਕਰਨ ਨੂੰ ਕੁੱਝ ਦਾਰੂ ਨੇ ਹੌਸਲਾ ਦਿੱਤਾ ਤੇ ਕੁੱਝ ਜਸਵਿੰਦਰ ਦੀ ਹੱਲਾਸ਼ੇਰੀ ਨੇ ਉਸ ਦੇ ਪੈਰ ਲਾ ਦਿੱਤੇ।

"ਯਾਦ ਕਰ ਤੇਰੇ ਏਥੇ ਵਿਆਹ ਕੇ ਆਉਣ ਤੋਂ ਬਾਅਦ, ਇਕ ਉੱਚੀ ਲੰਮ-ਸਲੰਮੀ ਭਰਵੇਂ ਸਰੀਰ ਵਾਲੀ ਔਰਤ ਆਪਣੇ ਲੱਸੀ ਲੈਣ ਆਉਂਦੀ ਹੁੰਦੀ ਸੀ...ਨਰਮਾ ਵੀ ਚੁਗਵਾਉਂਦੀ ਸੀ ਤੇ ਬੇਜੀ ਕੋਲ ਬੈਠੀ ਗੱਲਾਂ ਮਾਰਦੀ ਹੋਈ ਕੋਈ ਨਿੱਕਾ-ਮੋਟਾ ਕੰਮ ਵੀ ਕਰਵਾਉਂਦੀ ਰਹਿੰਦੀ ਸੀ... ਆਈ ਯਾਦ?"

"ਹਾਂ-ਹਾਅ ਦੁਰਗਾ ਪੰਡਤਾਣੀ ਦੀ ਗੱਲ ਹੋ ਰਹੀ ਹੈ...ਮੈਨੂੰ ਪੱਕਾ ਯਾਦ ਹੈ...ਏਸ ਗਰੀਬੜੀ ਨੇ ਬਹੁਤ ਸਾਲ ਆਪਣੇ ਘਰ ਕੰਮ ਕਰਕੇ ਆਵਦਾ ਟੱਬਰ ਪਾਲ਼ਿਆ ਸੀ।"

"ਹਾਂ ਜਸਵਿੰਦਰ ਓਹੀ...ਤੇਰੀ ਯਾਦ ਦਾ ਨਿਸ਼ਾਨਾ ਠੀਕ ਲੱਗਿਐ...। ਬਿਲਕੁਲ ਓਹੀ ਦੁਰਗਾ...।"

"ਨਿਸ਼ਾਨਾ ਤਾਂ ਤੁਹਾਡਾ ਲੱਗਿਆ ਹੋਣਾ...ਪਰ ਚਲੋ ਫੇਰ...?"

"ਮੈਂ ਪਟਿਆਲੇ ਤੋਂ ਨਵਾਂ-ਨਵਾਂ ਪਿੰਡ ਆਇਆ ਸਾਂ...ਯੂਨੀਵਰਸਿਟੀ ਤੇ ਸ਼ਹਿਰ ਦਾ ਖ਼ੁਮਾਰ ਅਜੇ ਉਤਰਿਆ ਨਹੀਂ ਸੀ। ਪਿੰਡ ਵਿਚ ਬਾਹਰ ਤੁਰਨ ਫਿਰਨ ਜਾਣ ਤੋਂ ਸੰਕੋਚ ਕਰਦਾ ਸਾਂ। ਘਰੇ ਛੱਤ ਉੱਤੇ ਚੁਬਾਰੇ 'ਚੋਂ ਕੁਰਸੀ ਕੱਢ ਕੇ ਬੈਠਾ ਕੁਝ ਨਾ ਕੁਝ ਪੜ੍ਹਦਾ ਰਹਿੰਦਾ ਸਾਂ। ਇਕ ਦਿਨ ਮੈਂ ਇੰਗਲਿਸ਼ ਦਾ ਇਕ ਬੈੱਸਟ-ਸੈਲਰ...ਸ਼ਾਇਦ ਜੇਮਜ਼ ਹੈਡਲੀ ਦਾ ਸੀ...ਪੜ੍ਹ ਰਿਹਾ ਸਾਂ...ਨਾਵਲ ਦੀ ਨਾਇਕਾ ਕੁੜੀ ਮਜਬੂਰੀ ਵੱਸ ਕਾਲ ਗਰਲ ਬਣ ਗਈ ਸੀ...ਉਹ ਹਮੇਸ਼ਾ ਮਰਦ ਪਾਤਰਾਂ ਨਾਲ ਸੁਹਿਰਦ ਨੈਤਿਕ ਸੰਬੰਧ ਬਣਾਉਣਾ ਚਾਹੁੰਦੀ...ਪਰ ਮਰਦ ਪਾਤਰਾਂ ਦੇ ਅਨੈਤਿਕ ਸੰਬੰਧਾਂ ਵਿਚ ਫਸ ਜਾਂਦੀ ਜਿਹੜੇ ਉਹਦੀ ਜਿਸਮ ਫਰੋਸ਼ੀ ਕਰਦੇ...ਨਾਵਲਕਾਰ ਨੇ ਉਸ ਦੀ ਕਹਾਣੀ ਬੜੀ ਰੁਮਾਂਟਿਕ ਤੇ ਸਵਾਦਲੀਆਂ ਘਟਨਾਵਾਂ ਵਿਚ ਪੇਸ਼ ਕੀਤੀ ਸੀ ਤੇ ਮੇਰੀ ਉਮਰ ਤੇ ਮਾਹੌਲ ਦੇ ਹਿਸਾਬ ਮੈਨੂੰ ਹੋਰ ਵੀ ਚੰਗੀ ਲੱਗੀ...ਜਿਵੇਂ ਮੈਂ ਉਸ ਵਿਚ ਕੋਈ ਪਾਤਰ ਬਣਨ ਦੀ ਖਾਹਸ਼ ਰੱਖਦਾ ਹੋਵਾਂ...। ਮੇਰੇ ਅੰਦਰ ਨਾਵਲ ਪੜ੍ਹਦੇ ਹੋਏ...ਤੂਫ਼ਾਨ ਉਠਣ ਲੱਗਿਆ ਤੇ ਮੈਨੂੰ ਨਾਇਕਾ ਵਰਗੀ ਕਿਸੇ ਔਰਤ ਦੀ ਤੀਬਰਤਾ ਨਾਲ ਲੋੜ ਮਹਿਸੂਸ ਹੋਣ ਲੱਗੀ। ਨਾਵਲ ਦੀਆਂ ਕਾਮੁਕ ਘਟਨਾਵਾਂ ਦਾ ਮੇਰੇ ਉੱਤੇ ਜਾਦੂਈ ਅਸਰ ਹੋਣ ਲੱਗਾ...।

ਜਸਕਰਨ ਨੇ ਗਲਾਸ ਵਿਚੋਂ ਡਰਿੰਕ ਦਾ ਵੱਡਾ ਘੁੱਟ ਭਰਿਆ ਤੇ ਫੇਰ ਸੰਬੋਧਨ ਹੋਇਆ...

"ਜੱਸੀ ਡੀਅਰ, ਮੇਰੀਆਂ ਅੱਖਾਂ ਸਾਹਮਣੇ ਅੱਜ ਵੀ ਓਹੀ ਦ੍ਰਿਸ਼ ਇੰਨ ਬਿੰਨ ਸਾਕਾਰ ਹੋ ਰਿਹਾ ਹੈ...ਅਸਮਾਨ ਵਿਚ ਕੋਈ-ਕੋਈ ਕਾਲ਼ਾ ਬੱਦਲ ਤੁਰ ਰਿਹਾ ਸੀ...ਸਿਆਲ਼ ਦੀ ਕੋਸੀ-ਕੋਸੀ ਧੁੱਪ ਵਿਚ ਹਲਕੀ ਹਵਾ ਚੰਗੀ ਲੱਗ ਰਹੀ ਸੀ। ਮੈਨੂੰ ਕੁਰਸੀ 'ਤੇ ਬੈਠੇ ਹੋਏ ਨੂੰ ਬਨੇਰੇ ਦੀ ਪੜਦੀ ਦੀਆਂ ਖੁੱਲ੍ਹੀਆਂ ਮੋਰੀਆਂ ਵਿਚੋਂ ਥੱਲੇ ਵਿਹੜੇ ਵਿਚ ਦੁਰਗਾ ਵਿਹੜਾ ਸੁੰਭਰਦੀ ਦਿਸ ਰਹੀ ਸੀ। ਘੱਗਰੀ ਉਸ ਨੇ ਥੋੜ੍ਹੀ ਉਤਾਂਹ ਕਰ ਕੇ ਨੇਫੇ ਵਿਚ ਅੜੰਗੀ ਹੋਈ ਸੀ...ਗੋਡਿਆਂ ਤਕ ਉਸ ਦੀਆਂ ਨੰਗੀਆਂ ਪਿੰਡਲੀਆਂ ਲਿਸ਼ਕ ਰਹੀਆਂ ਸਨ...ਗੋਲ਼ ਚਿਹਰਾ ਕਾਲ਼ੀਆਂ ਮੋਟੀਆਂ ਅੱਖਾਂ...ਨੱਕ ਵਿਚ

ਚਾਂਦੀ ਦਾ ਛੋਟਾ ਜਿਹਾ ਲੌਂਗ ਤੇ ਖ਼ੂਬਸੂਰਤ ਠੋਡੀ ਉੱਤੇ ਖੁਣਵਾਇਆ ਕਾਲ਼ਾ ਤਿਲ਼...ਲੰਮਾ-ਲੰਵਾ ਗੱਠਿਆ ਸਰੀਰ...ਮੈਨੂੰ ਦੁਰਗਾ ਦਾ ਮੁਹਾਂਦਰਾ ਨਾਵਲ ਦੀ ਨਾਇਕਾ ਨਾਲ ਮਿਲਦਾ ਜਾਪਿਆ... ਜਦੋਂ ਉਹ ਝੁਕ ਕੇ ਬਹੁਕਰ ਮਾਰ ਰਹੀ ਸੀ ਤਾਂ ਉਸ ਦੀ ਚੋਲ਼ੀ ਦੇ ਗਲ਼ਮੇ ਵਿਚੋਂ ਮੈਨੂੰ ਉਸ ਦੀਆਂ ਭਰਵੀਆਂ ਛਾਤੀਆਂ ਦਾ ਕੁਝ ਹਿੱਸਾ ਦਿਸਦਾ ਸੀ।

ਬਨੇਰੇ ਦੀ ਪੜਦੀ ਕੋਲ਼ ਖੜ੍ਹ ਕੇ ਨਾਵਲ ਦੇ ਅਸ਼ਲੀਲ ਜਿਹੇ ਟਾਈਟਲ ਵਾਲਾ ਪਾਸਾ ਦੁਰਗਾ ਵੱਲ ਕਰਦੇ ਮੈਂ ਆਵਾਜ਼ ਦਿੱਤੀ... "ਦੁਰਗਾ, ਆਹ ਛੱਤ ਤੇ ਚੁਬਾਰੇ ਦੀ ਵੀ ਸੰਭਰਾ-ਸੰਭਰਾਈ ਤੇ ਸਾਫ਼-ਸਫ਼ਾਈ ਕਰ ਜਾਵੀਂ।" ਦੁਰਗਾ ਨੇ ਮੁਸਕਰਾ ਕੇ ਮੇਰੇ ਵੱਲ ਵੇਖਿਆ ਤੇ ਬੋਲੀ...'ਠੀਕ ਐ ਕਾਕਾ...ਮੈਂ ਹੁਣੇ ਕਰ ਜਾਂਦੀ ਹਾਂ...ਬੀਬੀ ਜੀ ਕਿੱਥੇ ਹਨ...ਅੱਜ ਦਿਖੇ ਨਹੀਂ?'

"ਉਹ ਸ਼ਾਇਦ ਸਾਹਮਣੇ ਬਸੰਤ ਕੇ ਘਰੇ ਗਏ ਹੋਣਗੇ...ਪਤਾ ਨਹੀਂ ਕਦੋਂ ਆਉਣ।" ਨਾਲ ਹੀ ਮੈਨੂੰ ਬਸੰਤ ਦੇ ਕੰਮ ਵਾਲੀਆਂ ਦੇ ਸੁਣਾਏ ਕਿੱਸੇ ਯਾਦ ਆਏ।

ਠਿੱਪ-ਠੱਪ ਦੀ ਆਵਾਜ਼ ਪੌੜੀਆਂ 'ਚੋਂ ਆ ਰਹੀ ਸੀ ਤੇ ਏਧਰ ਮੇਰੇ ਦਿਲ ਦਾ ਧੁੜਕੂ ਠੱਪ-ਠੱਪ ਵੱਜਣ ਲੱਗ ਪਿਆ। ਮੇਰੀ ਜ਼ੁਬਾਨ ਠਾਕੀ ਗਈ। ਸਾਹ ਫੁੱਲਣ ਲੱਗ ਪਿਆ।

"ਵਾਹ ਓਏ ਮੀਆਂ ਏਨੇ ਕਮਜ਼ੋਰ ਦਿਲ ਵਾਲਾ ਬੰਦਾ ਸੈਂ...?"

"ਪਲੀਜ਼ ਜੱਸੀ...ਨਹੀਂ, ਹੁਣ ਟੋਕ ਨਾ...।"

"ਮੇਰੇ ਹੱਥ ਵਿਚ ਕਿਤਾਬ ਵੇਖ ਕੇ ਦੁਰਗਾ ਬੋਲੀ...'ਕਾਕਾ ਪੜ੍ਹਾਈ ਕਰ ਰਿਹੈਂ? ਪੜ੍ਹਨਾ ਵੀ ਭਾਈ ਤੁਹਾਡਾ ਹੀ ਹੈ...ਆਰਾਮ ਨਾਲ ਖੁੱਲ੍ਹੀ ਛੱਤ 'ਤੇ ਬੈਠ ਕੇ ਪੜ੍ਹੋ ਤੇ ਭਾਵੇਂ ਅੰਦਰ ਚੁਬਾਰੇ ਵਿਚ ਬੈਠ ਕੇ ਪੜ੍ਹੋ...। ਹੁਣ ਸਾਡਾ ਮੁੰਡਾ ਤਾਂ ਵਿਚਾਰਾ ਤੜਕੇ ਪਹਿਲਾਂ ਘਰ ਦਾ ਪਾਣੀ ਭਰਦਾ, ਫੇਰ ਸਕੂਲ ਜਾਂਦਾ ਐ ਤੇ ਸਕੂਲੋਂ ਆ ਕੇ ਖੇਤੋਂ ਭੈਂਸ ਖਾਤਰ ਘਾਹ-ਪੱਠਾ ਖੋਤ ਕੇ ਲਿਆਉਂਦਾ ਐ...ਪਰ ਹਰ ਵਾਰੀ ਪਾਸ ਤਾਂ ਹੋ ਜਾਂਦਾ ਐ...ਐਤਕੀਂ ਜੇਠ ਵਿਚ ਦਸਵੀਂ ਪਾਸ ਹੋ ਜਾਊਗੀ...ਤੇ ਕਾਕਾ ਤੁਸੀਂ ਏਡੇ ਬੜੇ ਸ਼ਹਿਰ ਵਿਚੋਂ ਪੜ੍ਹ ਪੜ੍ਹਾ ਕੇ ਆਏ ਹੋ, ਜੇ ਕਿਤੇ ਸਾਡੇ ਮੁੰਡੇ ਨੂੰ ਨੌਕਰੀ ਉੱਤੇ ਲਵਾ ਦੇਵੋ ਤਾਂ ਸਾਡਾ ਹੱਥ ਸੁਖਾਲ਼ਾ ਹੋ ਜਾਏ...ਉਹ ਤਾਂ ਅੱਗੇ ਪੜ੍ਹਨ ਦੀ ਜਿੱਦ ਕਰੀ ਬੈਠਾ ਐ...ਪਰ ਸਾਡੇ ਵਿਚ ਗੁੰਜਾਇਸ਼ ਨਹੀਂ...ਛੋਟੇ ਜਵਾਕਾਂ ਦੀ ਪੜ੍ਹਾਈ ਵਰਦੀ ਦਾ ਖਰਚਾ ਵੀ ਹੁੰਦਾ ਹੈ...ਪੰਡਤ ਦੀ ਦਿਹਾੜੀ ਤੇ ਮੇਰੇ ਕੰਮ ਨਾਲ ਮਸਾਂ ਢਿੱਡ ਪੇਟ ਤੁਰਦੈ...।'

ਮੈਨੂੰ ਬਸੰਤ ਦੀ ਦੱਸੀ ਹੋਈ ਗੱਲ ਯਾਦ ਆਈ ਤੇ ਮਨ ਵਿਚ ਆਇਆ ਕਿ ਦੁਰਗਾ ਨੂੰ ਕਹਿ ਦੇਵਾਂ...ਘੱਗਰੀ ਵਿਚ ਗਹਿਣਾ...ਭੁੱਖੇ ਕਿਉਂ ਰਹਿਣਾ...।

ਪਰ ਦੁਰਗਾ ਛੱਤ ਸੰਭਰ ਕੇ ਚੁਬਾਰੇ ਅੰਦਰ ਸਫ਼ਾਈ ਕਰਨ ਲੱਗ ਪਈ। ਕੁਰਸੀਆਂ ਮੇਜ਼ ਤੇ ਕਿਤਾਬਾਂ ਵਗੈਰਾ ਦੀ ਸਾਫ਼-ਸਫ਼ਾਈ ਕਰ ਕੇ ਜਦੋਂ ਉਸ ਨੇ ਮੇਰੇ ਪਲੰਘ ਦਾ ਬੈੱਡ-ਕਵਰ ਝਾੜਿਆ ਤਾਂ ਹਵਾ ਨਾਲ ਬੈੱਡ-ਕਵਰ ਥੱਲੇ ਪਈਆਂ ਕਿੰਨੀਆਂ ਹੀ ਫਿਲਮੀ ਰਸਾਲਿਆਂ ਦੀਆਂ ਕੱਟੀਆਂ ਹੋਈਆਂ ਅੱਧ-ਨੰਗੀਆਂ ਤਸਵੀਰਾਂ ਹਵਾ ਵਿਚ ਉੱਡ ਗਈਆਂ...ਮੈਨੂੰ ਨਮੋਸ਼ੀ ਜਿਹੀ ਦਾ ਅਹਿਸਾਸ ਹੋਇਆ...ਪਰ ਦੁਰਗਾ ਨੇ ਸਭ ਕੁਝ ਸਹਿਜ ਨਾਲ 'ਕੱਠਾ ਕਰ ਕੇ ਸਿਰਹਾਣੇ ਥੱਲੇ ਰੱਖ ਦਿੱਤਾ।

ਆਪਣੀ ਆਖਰੀ ਵਾਹ ਲਾਉਂਦੀ ਮੈਂ ਪੁੱਛ ਬੈਠਾ... 'ਦੁਰਗਾ ਤੂੰ ਬਸੰਤ ਕਾ ਕੰਮ ਕਿਉਂ ਛੱਡ ਦਿੱਤਾ...ਉਨ੍ਹਾਂ ਦੇ ਮਾਲ ਡੰਗਰ ਦਾ ਕੰਮ ਵੀ ਜ਼ਿਆਦਾ ਐ...ਪੈਸੇ ਵੀ ਵਾਧੂ ਦਿੰਦੇ ਹੋਣਗੇ...?'

ਦੁਰਗਾ ਦਾ ਮੱਥਾ ਤਣ ਕੇ ਵੱਟੋ-ਵੱਟ ਹੋ ਗਿਆ।...ਦੱਸਦੀ ਹਾਂ...ਪਹਿਲਾਂ ਆਹ ਬੈੱਡ-ਕਵਰ ਫੜੋ ਪਲੰਘ 'ਤੇ ਵਿਛਾ ਦੇਈਏ।...ਫੇਰ ਇਕ ਹੱਥ ਢਾਕ 'ਤੇ ਰੱਖ ਕੇ ਦੂਜਾ ਮੇਰੇ ਵੱਲ ਹਵਾ ਵਿਚ ਲਹਿਰਾ ਕੇ ਆਖਣ ਲ'ਗੀ... 'ਮੈਂ ਤਾਂ ਨਹੀਂ ਛੱਡਿਆ ਸੀ... ਉਨ੍ਹਾਂ ਆਪ ਹੀ ਹਟਾ ਦਿ'ਤਾ... ਭਲਾ ਸਾਡੀ ਨੀ ਇ'ਜਤ ਹੁੰਦੀ... ਦ'ਸ ਖਾਂ ਕਾਕਾ...ਐਨੇ ਪਸ਼ੂਆਂ ਦਾ ਗੋਹਾ ਢੋਵਾਂ...ਕੁੱਤਿਆਂ ਦਾ ਗੰਦ ਤਕ ਚੱਕਾਂ...ਐਡਾ ਵੱਡਾ ਵਿਹੜਾ ਸੰਭਰੀਏ.. ਪੈਸੇ-ਦਾਣੇ ਵੀ ਥੋੜੇ ਜਿੰਨੇ...ਤੇ ਫੇਰ ਵੀ ਬਸੰਤਾ ਮਾੜੀ ਨੀਤ ਨਾਲ ਬਾਂਹ ਫੜ ਕੇ ਖਿੱਚਣ ਨੂੰ ਪਵੇ...ਤੇ ਇਲਜ਼ਾਮ ਵੀ ਸਾਡੇ ਉੱਤੇ ਲੱਗੇ...ਫੇਰ ਗਰੀਬ ਨੂੰ ਹਟਣ ਵਿਚ ਹੀ ਫਾਇਦਾ ਹੁੰਦਾ ਐ...ਕਿਉਂ?...ਗਰੀਬ ਦੀ ਪਰ੍ਹੇ-ਪੰਚੈਤ 'ਚ ਕੌਣ ਸੁਣਦਾ ਐ...

ਜੇ ਚੁੱਪ ਕਰ ਜਾਂਦੀ...ਓਦੋਂ ਬਸੰਤਾ ਬਾਂਹ ਫੜਨ ਨੂੰ ਫਿਰਦਾ ਸੀ, ਭਲ਼ਕ ਕੋਈ ਹੋਰ ਫੜ ਲੈਂਦਾ... ਸੋ ਮੈਂ ਤਾਂ ਕੰਮ ਹੀ ਛੱਡ ਦਿੱਤਾ...।

'ਅੱਜ ਕੋਈ ਹੋਰ ਫੜ ਲੈਂਦਾ...ਇਹ ਗੱਲ ਤਾਂ ਜਸਵਿੰਦਰ ਡੀਅਰ ਦੁਰਗਾ ਸੁਭਾਵਕ ਹੀ ਆਖ ਗਈ...ਪਰ ਮੈਨੂੰ ਲੱਗਿਆ ਜਿਵੇਂ ਉਹਨੇ ਮੇਰੀ ਬਾਂਹ ਝਟਕਾ ਕੇ ਪਾਸੇ ਵਗਾਹ ਮਾਰੀ ਹੋਵੇ...ਦੁਰਗਾ ਨੇ ਬੈੱਡ-ਕਵਰ ਨਾਲ ਸਭ ਕੁਝ ਢਕ ਦਿੱਤਾ ਹੋਵੇ...।

ਦੁਰਗਾ ਨੇ ਪੁੱਛਿਆ...'ਕਿਉਂ ਕਾਕਾ...ਠੀਕ ਕਿ ਗਲਤ...?' ਜਵਾਬ ਵਿਚ ਮੈਂ ਚੁੱਪ ਸਾਂ... ਦੁਰਗਾ ਥੱਲੇ ਉਤਰ ਗਈ ਸੀ...

---

ਬਾਹਰ ਅਸਮਾਨ ਸਾਫ਼ ਨਿੱਤਰ ਗਿਆ ਸੀ।

"ਸੋ ਮੈਡਮ ਸਾਹਪੀਣੀ ਜੀ, ਹਰ ਬੰਦਾ ਆਵਦੀ ਸੋਚ ਨਿਸ਼ਾਨੇ ਮੁਤਾਬਕ ਆਵਦੀ ਵਿਉਂਤ ਵਿਚ ਉਲਝਿਆ ਰਹਿੰਦਾ ਹੈ। ਪਰ ਬੰਦੇ ਦੀ ਆਵਦੀ ਸੋਚ ਵਿਉਂਤ ਮੁਤਾਬਕ ਘਟਨਾਵਾਂ ਕਦੇ ਵੀ ਇੰਨ ਬਿੰਨ ਨਹੀਂ ਵਾਪਰਦੀਆਂ...ਸੋ ਤੂੰ ਚਿੰਤਾਮੁਕਤ ਹੋ ਕੇ ਰਹਿ...।"

"ਹੂੰਅ... ਵਾਹ ਬਈ ਤੂੰ ਤਾਂ ਦਾਸਤਾਂਗੋਈ ਵੀ ਬਹੁਤ ਵਧੀਆ ਕਰ ਲੈਂਦਾ ਹੈਂ। ਸਦਕੇ ਜਾਵਾਂ ਤੇਰੇ...ਮੇਰੇ ਮੀਆਂ...ਤੁਸੀਂ ਵੀ ਛੁਪੇ ਰੁਸਤਮ ਨਿਕਲੇ...ਤੁਸੀਂ ਵੀ ਕੈਸੀਆਂ ਮੁਫਲਸੀਆਂ ਕਰਦੇ ਰਹੇ ਹੋ...ਪਿਤਾ ਪਰ ਪੂਤ ਬਾਪ ਪਰ ਘੋੜਾ, ਬਹੁਤਾ ਨਹੀਂ ਤਾਂ ਥੋੜ੍ਹਾ ਥੋੜ੍ਹਾ...ਫੇਰ ਤਾਂ ਬਈ ਜਾਹ ਜਾਂਦੀ ਹੋ ਕੇ ਰਹੂ...।"

"ਊਂਅ...ਹੂੰਅ ਨਾ-ਨਾ ਸਾਹਪੀਣੀ ਮੈਡਮ ਜੀ, ਏਸ ਮੁਹਾਵਰੇ ਨੂੰ ਉਲਟਾ ਕਰ ਕੇ ਵੇਖੋ...।"

"ਉਹ ਕਿਵੇਂ?"

"ਓਹ ਏਵੇਂ, ਜੇ ਮੈਂ ਪਿਉ ਬਚ ਸਕਦਾ ਹਾਂ, ਫੇਰ ਤੇਰੇ ਪੁੱਤ ਨੂੰ ਵੀ ਸੁਗੰਧਾ ਤੋਂ ਕੋਈ ਖਤਰਾ ਨਹੀਂ ਹੋਣਾ ਚਾਹੀਦਾ।"

---

ਜਸਵਿੰਦਰ ਹੱਕੀ-ਬੱਕੀ ਰਹਿ ਗਈ, ਉੱਠ ਕੇ ਜਾਣ ਲੱਗੀ ਤਾਂ ਜਸਕਰਨ ਨੇ ਬਾਂਹ ਫੜ ਕੇ ਬਿਠਾ ਲਿਆ ਤੇ ਲੋਰ ਵਿਚ ਆ ਕੇ ਗੁਣਗਣਾਉਣ ਲੱਗ ਪਿਆ:

*ਆਜ ਜਾਨੇ ਕੀ ਜ਼ਿਦ ਨਾ ਕਰੋ*
*ਯੂੰ ਹੀ ਪਹਿਲੂ ਮੇਂ ਬੈਠੇ ਰਹੋ...*
*ਹਮ ਤੋ ਮਰ ਜਾਏਂਗੇ... ਹਾਏ ਲੁਟ ਜਾਏਂਗੇ*
*ਐਸੀ ਬਾਤੇਂ ਕੀਆ ਨਾ ਕਰੋ...* 000

***(169, ਸੈਕਟਰ 16 ਏ, ਚੰਡੀਗੜ੍ਹ- 160 016***
***ਫ਼ੋਨ: +91-95308-07786)***

# ਕੁਦੇਸਣ ! : ਕਹਾਣੀ: ਕਮਲ ਸੇਖੋਂ

ਛੱਬੀ ਸਾਲ ਅਮਰੀਕਾ ਵਿਚ ਮਸ਼ੀਨ ਬਣ ਕੇ ਕੰਮ ਕੀਤਾ। ਵਿਆਹ ਕਰਾ ਕੇ ਕੀ ਆਈ, ਬਸ ਇੱਥੋਂ ਦੀ ਹੀ ਹੋ ਕੇ ਰਹਿ ਗਈ। ਬੱਚੇ ਹੋ ਗਏ ਤੇ ਫਿਰ ਉਨ੍ਹਾਂ ਦੀਆਂ ਪੜ੍ਹਾਈਆਂ ਲਿਖਾਈਆਂ। ਸੋਚਿਆ ਸੀ ਕਿ ਸਾਲ ਵਿਚ ਇਕ ਚੱਕਰ ਇੰਡੀਆ ਦਾ ਜ਼ਰੂਰ ਲਾਇਆ ਕਰੂੰ ਪਰ ਉਸ ਮਿੱਠੀ ਜੇਲ੍ਹ ਵਿਚੋਂ ਨਿਕਲ ਨਾ ਹੋਇਆ। ਰੋਮਾ ਛੋਟੀ ਹੋਣ ਕਰਕੇ ਵੀਰੇ ਦੇ ਵਿਆਹ 'ਤੇ ਵੀ ਨਾ ਜਾ ਹੋਇਆ। ਵਧ ਰਹੀਆਂ ਜ਼ੁੰਮੇਵਾਰੀਆਂ ਨੇ ਪੈਰਾਂ ਨੂੰ ਇੱਥੇ ਹੀ ਜਕੜ ਕੇ ਰੱਖ ਲਿਆ। ਮਾਂ-ਪਾਪਾ ਤੇ ਵੀਰੇ ਹੁਰਾਂ ਨੂੰ ਇੱਥੇ ਬੁਲਾ ਕੇ ਮੈਂ ਆਪਣੇ ਇੰਡੀਆ ਜਾਣ ਵਾਲੇ ਰਸਤੇ ਹੀ ਬੰਦ ਕਰ ਲਏ। ਹੋਰ ਤਾਂ ਹੋਰ ਮਾਂ-ਪਾਪਾ ਨੂੰ ਵੀ ਮੈਂ ਇੱਥੇ ਹੀ ਬੰਨ੍ਹ ਲਿਆ। ਪਾਪਾ ਨੇ ਤਾਂ ਸਾਰੀ ਜ਼ਿੰਦਗੀ ਘਰ ਤੋਂ ਬਾਹਰ ਕੱਢੀ। ਪਹਿਲਾਂ ਫ਼ੌਜ ਵਿਚ ਤੇ ਫਿਰ ਅਮਰੀਕਾ। ਉਨ੍ਹਾਂ ਦਾ ਪਿੰਡ ਨਾਲ ਬਹੁਤਾ ਮੋਹ ਨਹੀਂ ਸੀ ਪਰ ਮਾਂ ਦੀਆਂ ਤਾਂ ਪਿੰਡ ਨਾਲ ਜੜ੍ਹਾਂ ਜੁੜੀਆਂ ਸੀ। ਉਹ ਵਿਚਾਰੀ ਤਾਂ ਪਹਿਲਾਂ ਮੇਰੇ ਤੇ ਫਿਰ ਵੀਰੇ ਦੇ ਨਿਆਣਿਆਂ ਨੂੰ ਸਾਂਭਦੀ ਪਿੰਡ ਨੂੰ ਤਰਸਦੀ ਤੁਰ ਗਈ। ਜਦੋਂ ਬੀਮਾਰ ਸੀ ਤਾਂ ਮੈਨੂੰ ਕੋਲ਼ ਬਿਠਾ ਕੇ ਕਹਿੰਦੀ, "ਮਨੀ, ਮੇਰੀ ਮਾਂ ਨੇ ਮੈਨੂੰ ਤੋਰਨ ਵੇਲ਼ੇ ਕਿਹਾ ਸੀ ਕਿ ਜਿਸ ਘਰ ਵਿਚ ਤੇਰੀ ਡੋਲ਼ੀ ਚਲੀ ਏ, ਇਸੇ 'ਚੋਂ ਅਰਥੀ ਨਿਕਲੇ, ਪਰ ਮੈਂ ਬਦਨਸੀਬ ਨੇ ਜਿਉਂਦੇ ਜੀਅ ਤਾਂ ਜਾ ਨ੍ਹੀ ਸਕਣਾ ਤੂੰ ਮੇਰੇ ਫੁੱਲ ਉਸ ਘਰ ਵਿਚ ਜ਼ਰੂਰ ਲੈ ਕੇ ਜਾਈਂ।" ਇਸ ਲਈ ਮੈਂ ਤੇ ਪਾਪਾ ਇਕ ਮਹੀਨੇ ਲਈ ਇੰਡੀਆ ਆਏ ਹਾਂ। ਵੀਰਾ ਤਾਂ ਦੋ ਮਹੀਨੇ ਪਹਿਲਾਂ ਹੀ ਇੰਡੀਆ ਤੋਂ ਗਿਆ ਹੈ। ਇਸ ਲਈ ਉਹ ਸਾਡੇ ਨਾਲ ਨਹੀਂ ਆਇਆ। ਉਹ ਤਾਂ ਸਾਲ ਵਿਚ ਇਕ ਦੋ ਚੱਕਰ ਲਾ ਹੀ ਜਾਂਦਾ ਹੈ। ਘਰ ਦੀ ਢਾਹ ਭੰਨ ਕਰਦਾ ਰਹਿੰਦਾ ਹੈ। ਖਾਲੀ ਘਰ ਵੀ ਖੰਡਰ ਬਣ ਜਾਂਦੇ ਹਨ, ਇਸ ਲਈ ਖਾਲੀ ਛੱਡਣ ਨਾਲੋਂ ਵੀਰੇ ਨੇ ਘਰ ਮਾਸੀ ਹੁਰਾਂ ਨੂੰ ਦਿੱਤਾ ਹੋਇਆ ਹੈ।

ਦਿੱਲੀ ਤੋਂ ਚਾਰ ਘੰਟੇ ਹੋ ਗਏ ਚੱਲਿਆਂ ਨੂੰ, ਤਿੰਨ ਹਾਲੇ ਹੋਰ ਲੱਗਣਗੇ। "ਬਾਪੂ ਜੀ ਚਾਹ ਪੀ ਲਈਏ?" ਟੈਕਸੀ ਵਾਲੇ ਨੇ ਪਾਪਾ ਨੂੰ ਪੁੱਛਿਆ।

"ਪੀ ਲੈਨੇ ਆਂ ਪੁੱਤਰਾ।"

ਉਹਨੇ ਟੈਕਸੀ ਇਕ ਰੈਸਟੋਰੈਂਟ 'ਤੇ ਰੋਕ ਲਈ। ਮੈਂ ਵੇਟਰ ਨੂੰ ਚਾਹ ਤੇ ਸਨੈਕਸ ਦਾ ਆਰਡਰ ਦਿੱਤਾ। ਆਪਣੀ ਚਾਹ 'ਇਕ ਕੱਪ ਵਿਦਆਊਟ ਸ਼ੂਗਰ' ਕਹਿੰਦਿਆਂ ਚੀਨੀ ਨਾਲ ਜੁੜੀ ਗੱਲ ਮੈਨੂੰ ਅਤੀਤ ਵਿਚ ਲੈ ਗਈ।

"ਹਾਏ ਰੱਬਾ! ਅੱਜ ਫਿਰ ਚਾਹ 'ਚ ਚੀਨੀ ਨਹੀਂ ਪਾਈ।" ਚਾਹ ਦੀ ਘੁੱਟ ਭਰਦਿਆਂ ਪਤਾ ਲੱਗਾ। ਫਟਾ ਫਟ ਰਸੋਈ ਵੱਲ ਭੱਜਦੀ ਹਾਂ। ਡੱਬੇ ਵਿਚੋਂ ਚੀਨੀ ਦਾ ਚਮਚਾ ਭਰ ਮਾਂ ਦੀ ਚਾਹ ਵਿਚ ਪਾਉਣ ਜਾਂਦੀ ਹਾਂ।

"ਧਿਆਨ ਕਿੱਥੇ ਰਹਿੰਦਾ ਤੇਰਾ?" ਮਾਂ ਰੋਜ਼ ਵਾਂਗ ਗ਼ੁੱਸੇ ਨਾਲ ਅੱਖਾਂ ਕੱਢ ਮੈਨੂੰ ਝਿੜਕਦੀ ਹੈ। ਪਰ ਮੈਨੂੰ ਉਹਦੀ ਝਿੜਕ 'ਤੇ ਗ਼ੁੱਸਾ ਨਹੀਂ ਆਉਂਦਾ। ਅੱਜ-ਕੱਲ੍ਹ ਮੈਂ ਆਪ ਹੀ ਬਹੁਤ ਗ਼ਲਤੀਆਂ ਕਰਦੀ ਹਾਂ। ਇਕ ਦਿਨ ਤਾਂ ਹੱਦ ਹੀ ਕਰਤੀ। ਰੋਟੀਆਂ ਬਣਾ ਰੋਟੀਆਂ ਵਾਲਾ ਡੱਬਾ ਫ਼ਰਿੱਜ ਵਿਚ ਲਾ ਤਾ ਤੇ ਗੁੰਨ੍ਹਿਆ ਹੋਇਆ ਆਟਾ ਬਾਹਰ ਰੱਖ ਤਾ। ਉਸ ਦਿਨ ਬਸ ਮਾਂ ਨੇ ਸਿਰਫ ਚਪੇੜਾਂ ਹੀ ਨਹੀਂ ਮਾਰੀਆਂ, ਬਾਕੀ ਝਿੜਕਾਂ ਵਾਲੀ ਕੋਈ ਕਸਰ ਨਾ ਛੱਡੀ।

ਪਹਿਲਾਂ ਫਿਲਮਾਂ ਵਿਚ ਜਾਂ ਗੀਤਾਂ ਵਿਚ ਸੁਣਿਆ ਸੀ ਕਿ ਪਿਆਰ ਸੁੱਧ ਬੁੱਧ ਗੁਆ ਦਿੰਦਾ ਏ, ਹੁਣ ਆਪ ਨੂੰ ਹੋਇਆ ਏ ਤਾਂ ਪਤਾ ਲੱਗਦਾ ਹੈ।

"ਇਹ ਉਮਰ ਸਭ 'ਤੇ ਆਉਂਦੀ ਹੈ, ਜਿਸ ਨੇ ਇਸ ਉਮਰ ਵਿਚ ਆਪਣੇ ਆਪ ਨੂੰ ਸਾਂਭ ਲਿਆ ਉਹ ਵਧੀਆ ਰਹਿੰਦਾ ਏ।" ਜਦੋਂ ਸਕੂਲ ਵਿਚ ਨੀਰੂ ਤੇ ਬੇਅੰਤ ਦੀ ਗੱਲ ਉੱਡੀ ਤਾਂ ਤਾਏ ਦੀ ਕੁੜੀ ਗੋਗੀ ਨੇ ਇਹ ਆਖ ਸਮਝਾਇਆ ਸੀ।

"ਮੈਂ ਤਾਂ ਸੰਭਲ਼ ਕੇ ਰਹੂੰ।" ਮੈਂ ਉਹਨੂੰ ਹਿੱਕ ਤਾਣ ਕੇ ਕਿਹਾ। ਉਦੋਂ ਇਹ ਕੀ ਪਤਾ ਸੀ ਜਦੋਂ ਮੇਰੇ 'ਤੇ ਇਹ ਉਮਰ ਆਉਣੀ ਏ, ਮੈਂ ਤਾਂ ਮੂਧੇ ਮੂੰਹ ਡਿੱਗਣਾ ਏ।

ਸਤਿੰਦਰ... ਏਨੇ ਸਾਲਾਂ ਬਾਅਦ ਸਤਿੰਦਰ ਨੂੰ ਯਾਦ ਕਰਦਿਆਂ ਮਨ ਵਿਚੋਂ ਇਕ ਹੂਕ ਜਿਹੀ ਨਿਕਲੀ। ਪਹਿਲਾਂ ਪਹਿਲ ਤਾਂ ਉਹ ਆਨੀ ਬਹਾਨੀ ਯਾਦ ਆਉਂਦਾ ਰਹਿੰਦਾ ਸੀ ਪਰ ਪ੍ਰਤੀਕ ਦੇ ਪਿਆਰ ਨੇ ਉਹਦੀ ਥਾਂ ਮੱਲ ਲਈ। ਅੱਜ ਟੈਕਸੀ ਵਿਚ ਬਹਿੰਦਿਆਂ ਉਹਦੀ ਯਾਦ ਵੀ ਨਾਲ ਆ ਕੇ ਬਹਿ ਗਈ।

ਸਤਿੰਦਰ ਦੇ ਪਿੰਡ ਮੇਰੀ ਭੂਆ ਵਿਆਹੀ ਸੀ। ਨਿੱਕੀ ਹੁੰਦੀ ਜਦੋਂ ਦਾਦੀ ਨਾਲ ਮੈਂ ਭੂਆ ਨੂੰ ਮਿਲਣ ਜਾਂਦੀ ਤਾਂ ਉਹਦੇ ਨਾਲ ਹੀ ਖੇਡਦੀ। ਉਹ ਭੂਆ ਦੇ ਗੁਆਂਢੀਆਂ ਦਾ ਮੁੰਡਾ ਸੀ। ਮੇਰੇ ਤੋਂ ਤਿੰਨ ਚਾਰ ਸਾਲ ਵੱਡਾ ਹੋਣਾ ਏ। ਮੇਰੀ ਉਸ ਨਾਲ ਬਹੁਤ ਬਣਦੀ। ਵਕਤ ਦੇ ਨਾਲ ਨਾਲ ਸਾਂਝ ਵੀ ਗੂੜ੍ਹੀ ਹੋਈ ਗਈ। ਵੱਡੇ ਹੋਏ ਤਾਂ ਖੇਡਾਂ ਵੀ ਬਦਲ ਗਈਆਂ। ਲੁਕਣ ਮੀਟੀ ਤੋਂ ਤਾਸ਼ 'ਤੇ ਆ ਗਏ। ਮੈਂ, ਵੀਰਾ, ਹੈਪੀ ਤੇ ਉਹ ਅਸੀਂ ਸੀਪ ਖੇਡਦੇ। ਜੋੜੀ ਬਣਾਉਣ ਵੇਲ਼ੇ ਉਹ ਹੈਪੀ ਨੂੰ ਕਹਿੰਦਾ ਕਿ ਮੈਂ ਤਾਂ ਇਹ ਲੈਣੀ ਆ ਤਾਂ ਉਹ ਮੈਨੂੰ ਬਹੁਤ ਚੰਗਾ ਲੱਗਦਾ। ਪਤਾ ਨਹੀਂ ਕਿਹੜੇ ਵੇਲ਼ੇ ਉਹਨੇ ਮੇਰੇ ਦਿਲ ਵਿਚ ਘਰ ਪਾ ਲਿਆ। ਮੈਂ ਦੋ ਤਿੰਨ ਛੁੱਟੀਆਂ ਵਿਚ ਦਾਦੀ ਨੂੰ ਲੈ ਕੇ ਭੂਆ ਕੋਲ਼ ਪਹੁੰਚ ਜਾਂਦੀ। ਦਾਦੀ ਕਹਿੰਦੀ ਕਿ "ਡੁੱਬੜੀ, ਭੂਆ ਦਾ ਬਾਹਲ਼ਾ ਮੋਹ ਕਰਦੀ ਆ।" ਪਰ ਦਾਦੀ ਵਿਚਾਰੀ ਨੂੰ ਕੀ ਪਤਾ ਕਿ ਕਿਸ ਦਾ ਮੋਹ ਮੈਨੂੰ ਭੂਆ ਦੇ ਪਿੰਡ ਖਿੱਚ ਲਿਆਉਂਦਾ। ਮੈਂ ਭੂਆ ਕੋਲ਼ ਜਾਂਦੀ ਤਾਂ ਸਤਿੰਦਰ ਵੀ ਭੂਆ ਕੇ ਘਰੋਂ ਨਿਕਲਦਾ ਨਾ। ਭੂਆ ਦੇ ਮੁੰਡੇ ਹੈਪੀ ਨਾਲ ਦੋਸਤੀ ਕਾਰਨ ਉਸ ਨੂੰ ਭੂਆ ਕੇ ਘਰ ਆਉਣ ਜਾਣ ਤੋਂ ਕੋਈ ਰੋਕ ਟੋਕ ਵੀ ਨਹੀਂ ਸੀ। ਮੈਂ ਜਵਾਨੀ ਦੀ ਦਹਿਲੀਜ਼ 'ਤੇ ਪੈਰ ਰੱਖਿਆ ਸੀ। ਉਮਰ ਦੇ ਇਸ ਪੜਾਅ ਵਿਚ ਦਿਲ ਵਿਚ ਮੁਹੱਬਤ ਦੀਆਂ ਤਰੰਗਾਂ ਫੁੱਟਦੀਆਂ ਹਨ। ਦਿਲ ਹਾਣੀਆਂ ਵਿਚੋਂ ਸਾਥੀ ਦੀ ਤਲਾਸ਼ ਕਰਦਾ ਹੈ। ਮੇਰੀ ਤਲਾਸ਼ ਸਤਿੰਦਰ 'ਤੇ ਆ ਕੇ ਮੁੱਕ ਗਈ। ਸਤਿੰਦਰ ਮੈਨੂੰ ਮੇਰੇ ਸੁਫ਼ਨਿਆਂ ਦਾ ਰਾਜਕੁਮਾਰ ਵਰਗਾ ਹੀ ਲੱਗਦਾ। ਸ਼ਹਿਰ ਦੇ ਕਾਲਿਜ ਵਿਚ ਪੜ੍ਹਦਾ ਹੋਣ ਕਰਕੇ ਟੌਹਰ ਵੀ ਪੂਰੀ ਕੱਢਦਾ ਸੀ।

"ਭੈਣ ਜੀ ਚੱਲੀਏ?"

"ਹਾਂ ਜੀ ਵੀਰੇ।"

ਵਾਸ਼ਰੂਮ ਜਾ ਕੇ ਮੈਂ ਤੇ ਪਾਪਾ ਨੇ ਟੈਕਸੀ ਵਿਚ ਆਪਣੀ ਆਪਣੀ ਸੀਟ ਮੱਲ ਲਈ। ਯਾਦਾਂ ਦੀ ਲੜੀ ਫਿਰ ਉੱਥੋਂ ਹੀ ਜੁੜ ਗਈ।

ਸਾਡੀ ਮੁਹੱਬਤ ਦੀ ਸ਼ੁਰੂਆਤ ਓਦੋਂ ਹੋਈ ਜਦੋਂ 'ਕੱਲੀ ਵੇਖ ਸਤਿੰਦਰ ਮੱਲਕ ਦੇਣੇ ਮੇਰੇ ਹੱਥ ਵਿਚ ਕਾਗ਼ਜ਼ ਦਾ ਟੁਕੜਾ ਫੜਾ ਗਿਆ। ਮੈਂ ਮੁੱਠੀ ਵਿਚ ਘੁੱਟ ਵਾਸ਼ਰੂਮ ਵਿਚ ਜਾ ਕੇ ਪੜ੍ਹਨ ਲੱਗੀ। ਏਦਾਂ ਲੱਗੇ ਜਿਵੇਂ ਦਿਲ ਸੀਨੇ ਵਿਚੋਂ ਨਿਕਲ ਕੇ ਬਾਹਰ ਧੜਕ ਰਿਹਾ ਹੋਵੇ। ਕੰਬਦੇ ਜਿਹੇ ਹੱਥਾਂ ਨਾਲ ਕਾਗ਼ਜ਼ ਖੋਲ੍ਹਿਆ। ਸਤਿੰਦਰ ਨੇ ਆਪਣੇ ਦਿਲ ਦਾ ਹਾਲ ਬਿਆਨ ਕੀਤਾ ਸੀ। ਮੇਰੀਆਂ ਅੱਖਾਂ ਨੂੰ ਝੀਲ ਵਰਗੀਆਂ ਕਿਹਾ। ਦਿਲ ਜਿਹਾ ਬਣਾ ਕੇ ਉਸ ਵਿਚੋਂ ਤੀਰ ਕੱਢਿਆ। ਅਖੀਰ ਵਿਚ ਲਿਖੇ 'ਤੇਰਾ ਸਤਿੰਦਰ' ਨੂੰ ਮੈਂ ਚੁੰਮ ਕੇ ਸੀਨੇ ਨਾਲ ਲਾ ਲਿਆ ਸੀ। ਰਾਤ ਨੂੰ ਪੜ੍ਹਨ ਬਹਾਨੇ ਮੈਂ ਵੀ ਚਾਰ ਲਾਈਨਾਂ ਦਾ ਖ਼ਤ ਲਿਖ ਦੂਜੇ ਦਿਨ ਆਸਾ ਪਾਸਾ ਦੇਖ ਸਤਿੰਦਰ ਨੂੰ ਫੜਾ ਦਿੱਤਾ। ਫਿਰ ਇਹ ਚੋਰੀ ਚੋਰੀ ਖ਼ਤਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ।

ਧੀ ਦੀ ਮਾਂ ਧੀ 'ਚ ਆਉਂਦੇ ਬਦਲਾਅ ਨੂੰ ਝੱਟ ਸਮਝ ਜਾਂਦੀ ਹੈ। ਮੇਰੀ ਮਾਂ ਵੀ ਮੇਰੇ ਅੰਦਰ

ਉੱਠਦੀਆਂ ਤਰੰਗਾਂ ਨੂੰ ਬੁੱਝ ਗਈ। ਉਹ ਗੱਲ ਗੱਲ 'ਤੇ ਮੈਨੂੰ ਸਮਝਾਉਣ ਲੱਗੀ। ਬਾਪ ਦੀ ਪੱਗ ਦਾ ਵਾਸਤਾ ਦਿੰਦੀ। ਰੋਜ਼ ਹੀ ਮਾਂ ਨਵੀਂ ਮੱਤ ਲੈ ਕੇ ਮੇਰੇ ਦੁਆਲ਼ੇ ਹੋ ਜਾਂਦੀ। ਮੈਨੂੰ ਚੰਗਾ ਨਾ ਲੱਗਦਾ... ਗ਼ੁੱਸਾ ਚੜ੍ਹਦਾ, ਫਿਰ ਵੀ ਮਾਂ ਨੂੰ ਚੁੱਪ ਚਾਪ ਸੁਣਨਾ ਮੇਰੀ ਮਜਬੂਰੀ ਸੀ।

ਮੈਂ ਕਲਾਸ ਦੀ ਟਾਪਰ ਸੀ। ਹੁਣ ਕੀ ਕਰਦੀ, ਪੜ੍ਹਾਈ ਵਿਚ ਉੱਕਾ ਮਨ ਨਾ ਲੱਗਦਾ। 'ਕੱਲੀ ਬੈਠੀ ਰੇਡੀਓ 'ਤੇ ਗਾਣੇ ਸੁਣਦੀ ਜਾਂ ਸਤਿੰਦਰ ਦੀਆਂ ਯਾਦਾਂ ਵਿਚ ਖੋਈ ਰਹਿੰਦੀ। ਮੇਰੇ ਹਾਫ ਯੀਅਰਲੀ ਨੰਬਰ ਦੇਖ ਟੀਚਰ ਵੀ ਦੰਗ ਰਹਿ ਗਏ। ਮਾਂ ਨੂੰ ਨੰਬਰਾਂ ਦਾ ਪਤਾ ਲੱਗ ਗਿਆ।

"ਪੜ੍ਹ ਲਾ, ਬੋਰਡ ਦੀ ਕਲਾਸ ਆ ਤੇਰੀ।" ਉਹਦੀਆਂ ਝਿੜਕਾਂ ਮੈਂ ਨੀਵੀ ਪਾ ਕੇ ਸੁਣੀ ਗਈ। ਹੌਲ਼ੀ ਹੌਲ਼ੀ ਗੱਲ ਗੱਲ 'ਤੇ ਗ਼ਲਤੀਆਂ ਕਰ ਕੇ ਝਿੜਕਾਂ ਖਾਣੀਆਂ ਮੇਰੀ ਆਦਤ ਬਣ ਗਈ।

ਪਲੱਸ ਟੂ ਦੇ ਪੇਪਰਾਂ ਬਾਅਦ ਛੁੱਟੀਆਂ ਹੋਣੀਆਂ ਸੀ। ਮੈਨੂੰ ਪੇਪਰਾਂ ਦਾ ਕੋਈ ਫ਼ਿਕਰ ਨਹੀਂ ਸੀ, ਬੱਸ ਛੁੱਟੀਆਂ ਵਿਚ ਭੂਆ ਦੇ ਪਿੰਡ ਜਾਣ ਦਾ ਚਾਅ ਸੀ। ਸਤਿੰਦਰ ਨੂੰ ਮਿਲਣ ਦਾ ਚਾਅ ਸੀ। ਮੈਂ ਪਹਿਲਾਂ ਹੀ ਬੈਗ ਵਿਚ ਸੂਟ ਪੈਕ ਕਰ ਕੇ ਰੱਖ ਲਏ। ਲਾਸਟ ਪੇਪਰ ਦੇ ਕੇ ਫ਼ਟਾਫ਼ਟ ਦਾਦੀ ਨੂੰ ਲੈ ਕੇ ਭੂਆ ਕੇ ਪਿੰਡ ਵਾਲੀ ਬੱਸ ਫੜ ਲਈ।

ਘੰਟੇ ਕੁ ਦਾ ਸਫ਼ਰ ਮੈਨੂੰ ਸਦੀਆਂ ਦਾ ਲੱਗੀ ਜਾਵੇ। ਘਰ ਪਹੁੰਚ ਕੇ ਮੈਂ ਚਾਹ ਪੀਂਦਿਆਂ ਵਾਰ ਵਾਰ ਬਾਹਰਲੇ ਦਰਵਾਜ਼ੇ ਵੱਲ ਵੇਖੀ ਜਾਵਾਂ। ਸਤਿੰਦਰ ਨਾ ਦਿਸਿਆ। ਮਨ ਉਦਾਸ ਜਿਹਾ ਹੋ ਗਿਆ। ਮੈਂ ਬਹਾਨੇ ਨਾਲ ਕੋਠੇ ਚੜ੍ਹ ਕੇ ਉਹਨਾਂ ਦੇ ਘਰ ਵੱਲ ਦੇਖਿਆ, ਉਹ ਤਾਂ ਵੀ ਨਜ਼ਰ ਨਾ ਆਇਆ। ਮਨ ਮਸੋਸ ਕੇ ਹੇਠਾਂ ਉੱਤਰ ਆਈ। ਉਹ ਰਾਤ ਮੈਂ ਪਾਸੇ ਮਾਰ ਮਾਰ ਲੰਘਾਈ।

ਦੂਜੇ ਦਿਨ ਵੀ ਸਤਿੰਦਰ ਦੁਪਹਿਰ ਨੂੰ ਆਇਆ। ਮੇਰਾ ਬੁਝਿਆ ਮਨ ਉਹਨੂੰ ਦੇਖ ਕੇ ਖਿੜ ਗਿਆ। ਭੂਆ ਰਸੋਈ ਵਿਚ ਸੇਵੀਆਂ ਬਣਾ ਰਹੀ ਸੀ। ਦਾਦੀ, ਭੂਆ ਦੀ ਸੱਸ ਨਾਲ ਬਾਹਰਲੇ ਕਮਰੇ ਵਿਚ ਬੈਠੀ ਗੱਲਾਂ ਕਰ ਰਹੀ ਸੀ। ਹੈਪੀ ਨਹਾ ਰਿਹਾ ਸੀ।

"ਚਾਚੀ, ਹੈਪੀ?" ਉਹਨੇ ਭੂਆ ਨੂੰ ਪੁੱਛਿਆ ਤੇ ਮੈਨੂੰ ਦੇਖ ਕਮਰੇ ਵਿਚ ਮੇਰੇ ਕੋਲ਼ ਆ ਗਿਆ। ਭੂਆ ਦਾ ਜਵਾਬ ਪਤਾ ਨਹੀ ਉਹਨੇ ਸੁਣਿਆ ਜਾਂ ਨਹੀਂ।

"ਕੱਲ੍ਹ ਦੀ ਉਡੀਕੀ ਜਾਨੀ ਆਂ, ਕਿੱਥੇ ਸੀ?"

ਮੈਂ ਨਕਲੀ ਜਿਹੇ ਗ਼ੁੱਸੇ ਨਾਲ ਕਿਹਾ।

"ਨਾਨਕੇ ਗਿਆ ਸੀ, ਹੁਣੇ ਆਇਆ ਆਂ।"

"ਪੇਪਰ ਹੋ ਗੇ?" ਮੈਨੂੰ ਕਰਨ ਲਈ ਹੋਰ ਕੋਈ ਗੱਲ ਹੀ ਨਾ ਸੁੱਝੀ।

"ਕਾਲ਼ੇ ਸੂਟ ਵਿਚ ਪਰੀ ਲੱਗਦੀ ਏਂ।" ਉਹਨੇ ਮੇਰੀ ਗੱਲ ਦਾ ਜੁਆਬ ਦਿੱਤੇ ਬਿਨਾਂ ਮੇਰੇ ਕੰਨ ਕੋਲ਼ ਆ ਕੇ ਹੌਲ਼ੀ ਜਿਹੇ ਕਿਹਾ। ਕਿਹਾ ਤਾਂ ਉਹਨੇ ਹੌਲ਼ੀ ਜਿਹੇ ਹੀ ਸੀ ਪਰ ਭੂਆ ਨੂੰ ਪਤਾ ਨਹੀਂ ਕਿਵੇਂ ਸੁਣ ਗਿਆ। ਭੂਆ ਨੂੰ ਕੋਲ਼ ਵੇਖ ਅਸੀਂ ਦੋਵੇਂ ਹੀ ਕੰਬ ਗਏ।

"ਤੂੰ ਜਾਹ ਮੁੰਡਿਆ ਏਥੋਂ।" ਭੂਆ ਨੇ ਗ਼ੁੱਸੇ ਨਾਲ ਕਿਹਾ ਤਾਂ ਸਤਿੰਦਰ ਉਹਨੀਂ ਪੈਰੀ ਭੱਜ ਗਿਆ।

"ਤੇ ਤੂੰ..." ਆਖ ਭੂਆ ਨੇ ਸਾਰਾ ਗ਼ੁੱਸਾ ਅੰਦਰੇ ਹੀ ਪੀ ਲਿਆ। ਸ਼ਾਇਦ ਉਹ ਆਪਣੀ ਸੱਸ ਸਾਹਮਣੇ ਆਪਣੇ ਭਰਾ ਦੀ ਇੱਜ਼ਤ ਉਛਾਲਣਾ ਨਹੀਂ ਚਾਹੁੰਦੀ ਸੀ। ਭੂਆ ਨੇ ਕਮਰਾ ਬੰਦ ਕਰ ਕੇ ਮੈਨੂੰ ਸਮਝਾਇਆ। ਉਸ ਤੋਂ ਬਾਅਦ ਉਹਦੀਆਂ ਨਜ਼ਰਾਂ ਮੇਰੇ 'ਤੇ ਰਹੀਆਂ।

ਭੂਆ ਦੀ ਸੱਸ ਦਾ ਭਤੀਜਾ ਅਮਰੀਕਾ ਤੋਂ ਆਪਣੇ ਮੁੰਡੇ ਲਈ ਰਿਸ਼ਤਾ ਲੱਭਦਾ ਸੀ। ਭੂਆ ਨੇ ਆਪਣੀ ਸੱਸ ਨਾਲ ਗੱਲ ਕੀਤੀ। ਦੂਜੇ ਦਿਨ ਹੀ ਭੂਆ ਦੀ ਸੱਸ ਨੇ ਉਹਨਾਂ ਨੂੰ ਸਨੇਹਾ ਘੱਲ ਤਾ। ਮੈਂ ਅੰਦਰ ਵੜ ਕੇ ਬੜਾ ਰੋਈ। ਤੀਜੇ ਦਿਨ ਮਾਂ, ਪਾਪਾ ਤੇ ਤਾਈ ਵੀ ਆ ਗਏ। ਚੌਥੇ ਦਿਨ

ਮੁੰਡੇ ਵਾਲੇ ਮੈਨੂੰ ਦੇਖਣ ਆਏ, ਪਸੰਦ ਕਰ ਕੇ ਸ਼ਗਨ ਪਾ ਗਏ। ਮੈਂ ਰੋਂਦੀ ਮਾਂ ਹੁਰਾਂ ਨਾਲ ਹੀ ਪਿੰਡ ਮੁੜ ਆਈ। ਬੱਸ ਉਸ ਦਿਨ ਤੋਂ ਬਾਅਦ ਮੈਂ ਸਤਿੰਦਰ ਨੂੰ ਕਦੇ ਨਾ ਦੇਖਿਆ।

ਵਿਆਹ ਤੋਂ ਸੱਤ ਮਹੀਨਿਆਂ ਬਾਅਦ ਮੈਂ ਅਮਰੀਕਾ ਚਲੀ ਗਈ। ਪ੍ਰਤੀਕ ਬਹੁਤ ਪਿਆਰਾ ਇਨਸਾਨ ਹੈ, ਬੱਸ ਉਹਦੇ ਪਿਆਰ ਨੇ ਪਿੱਛੇ ਮੁੜ ਕੇ ਦੇਖਣ ਹੀ ਨਾ ਦਿੱਤਾ।

ਅੱਗੇ ਮੱਝ ਆਉਣ 'ਤੇ ਡਰਾਇਵਰ ਨੇ ਬਰੇਕ ਮਾਰੀ ਤਾਂ ਮੈਂ ਯਾਦਾਂ ਵਿਚੋਂ ਨਿਕਲ ਕੇ ਵਰਤਮਾਨ ਵਿਚ ਆ ਗਈ। ਟਾਈਮ ਦੇਖਿਆ ਤਾਂ ਲੱਗਾ ਹੁਣ ਤੀਕ ਤਾਂ ਪਿੰਡ ਪਹੁੰਚ ਜਾਣਾ ਚਾਹੀਂਦਾ ਸੀ। ਸ਼ੇਡਜ਼ ਲਾਹ ਕੇ ਬਾਹਰ ਦੇਖਿਆ ਤਾਂ ਕੁਝ ਪਤਾ ਜਿਹਾ ਨਾ ਲੱਗਾ ਕਿ ਕਿੱਥੇ ਹਾਂ। ਸਾਰੇ ਪਾਸੇ ਪਰਵਾਸੀ ਭਈਏ ਨਜ਼ਰ ਆਈ ਜਾਣ, ਜਿਵੇਂ ਅਸੀਂ ਯੂ. ਪੀ., ਬਿਹਾਰ ਵਿਚ ਹੋਈਏ। ਦੂਰੋਂ ਦਿਸਦੀਆਂ ਕੋਠੀਆਂ ਤਾਂ ਬਹੁਤ ਸੋਹਣੀਆਂ ਨਜ਼ਰ ਆ ਰਹੀਆਂ ਸਨ ਪਰ ...।

"ਵੀਰੇ, ਕਿੱਥੇ ਆ ਗਏ ਆਪਾਂ?" ਮੈਂ ਟੈਕਸੀ ਵਾਲੇ ਨੂੰ ਪੁੱਛਿਆ।

"ਨਹਿਰਾਂ ਆਉਣ ਵਾਲੀਆਂ ਨੇ ਭੈਣ ਜੀ।"

ਹਾਏ ਰੱਬਾ ਪਿੰਡ ਆਉਣ ਵਾਲਾ ਹੈ। ਮੇਰੇ ਅੰਦਰ ਖੁਸ਼ੀ ਦੀ ਲਹਿਰ ਦੋੜ ਗਈ। ਮੈਂ ਬਾਹਰ ਦੇਖ ਕੇ ਥਾਂਵਾਂ ਸਿਆਣਨ ਦੀ ਕੋਸ਼ਿਸ਼ ਕਰਨ ਲੱਗੀ। ਪਿੰਡ ਦਾ ਬੱਸ ਅੱਡਾ ਮੇਨ ਰੋਡ 'ਤੇ ਹੈ ਤੇ ਪਿੰਡ ਕਿਲੋਮੀਟਰ ਕੁ ਅੰਦਰ ਜਾ ਕੇ ਹੈ। ਪਿੰਡ ਦੇ ਬਾਹਰਲਾ ਗੇਟ ਦੂਰੋਂ ਹੀ ਦਿਸ ਗਿਆ। ਸੰਗਮਰਮਰ ਦਾ ਵੱਡਾ ਸਾਰਾ ਗੇਟ ਤੇ ਗੇਟ 'ਤੇ ਸਭ ਤੋਂ ਉੱਪਰ ਹਿੰਦੀ ਨਾਲ ਫਿਰ ਅੰਗਰੇਜ਼ੀ ਵਿਚ ਤੇ ਅਖੀਰ ਵਿਚ ਪੰਜਾਬੀ ਵਿਚ ਪਿੰਡ ਦਾ ਨਾਂ ਲਿਖਿਆ ਸੀ। ਗੇਟ ਦੇ ਦੋਵਾਂ ਥੰਮਾਂ 'ਤੇ ਥੁੱਕੇ ਹੋਏ ਪਾਨ ਦੀਆਂ ਘਰਾਲ਼ਾਂ ਵਗੀਆ ਪਈਆਂ ਸਨ। ਮੈਨੂੰ ਚੰਗਾ ਨਾ ਲੱਗਾ। ਬੱਸ ਅੱਡਾ ਵੀ ਪਹਿਚਾਣ ਵਿਚ ਨਹੀਂ ਆਇਆ। ਅੱਗੇ ਤਾਂ ਤਿੰਨ ਕੰਧਾਂ 'ਤੇ ਛੱਤ ਜਿਹੀ ਸੀ ਤੇ ਵਿਚ ਸੀਮਿੰਟ ਦੀਆਂ ਬੈਠਣ ਲਈ ਥੜ੍ਹੀਆਂ ਜਿਹੀਆਂ ਬਣੀਆਂ ਸਨ ਪਰ ਹੁਣ ਤਾਂ ਸੋਹਣਾ ਬਣਾ ਦਿੱਤਾ। ਪੱਖੇ, ਕੁਰਸੀਆਂ ਤੇ ਕਈ ਦੁਕਾਨਾਂ ਹਨ ਜੋ ਸ਼ਹਿਰ ਦਾ ਭੁਲੇਖਾ ਪਾਉਂਦੀਆਂ ਹਨ। ਸੱਜੇ ਹੱਥ ਸੋਹਣ ਦੀ ਪਕੌੜਿਆਂ ਦੀ ਦੁਕਾਨ ਸੀ। ਭੂਆ ਹੁਰਾਂ ਦੇ ਆਉਣ 'ਤੇ ਸੋਹਣ ਕੋਲੋਂ ਪਕੌੜੇ ਲੈ ਕੇ ਜਾਂਦੇ ਸਾਂ। ਉਹ ਹੁਣ ਹੈ ਨਹੀਂ। ਪਿੱਛੇ ਜਿਹੇ ਪਤਾ ਲੱਗਾ ਸੀ ਕਿ ਸੋਹਣ ਵਿਚਾਰਾ ਤਾਂ 'ਤੁਰ' ਗਿਆ। ਸੋਹਣ ਲਈ ਅੰਦਰੋਂ ਹਉਂਕਾ ਜਿਹਾ ਨਿਕਲਿਆ। ਉੱਥੇ ਨਾਲ ਹੀ ਨਾਈ ਇਕ ਕੁਰਸੀ ਅਤੇ ਦਰਖ਼ਤ 'ਤੇ ਸ਼ੀਸ਼ਾ ਟੰਗ ਕੇ ਹਜਾਮਤ ਕਰਿਆ ਕਰਦਾ ਸੀ। ਬੈਂਕ, ਪੋਸਟ ਆਫ਼ਿਸ ਸਭ ਉਦੋਂ ਪਿੰਡ ਦੇ ਅੰਦਰ ਸੀ, ਹੁਣ ਉਹ ਵੀ ਬਾਹਰ ਅੱਡੇ ਕੋਲ਼ ਬਣਾ ਦਿੱਤੇ। ਖੱਬੇ ਹੱਥ ਬਿਜਲੀ ਘਰ ਦੀ ਬਿਲਡਿੰਗ ਵੀ ਬਦਲ ਦਿੱਤੀ ਗਈ। ਕੋਲ਼ ਹੀ ਵੱਡੀ ਤੇ ਸੁੰਦਰ ਜਿਹੀ ਬਿਲਡਿੰਗ ਹੈ ਜਿਸ 'ਤੇ ਕਾਲਿਜ ਲਿਖਿਆ ਹੈ। ਸਾਰੀ ਨੁਹਾਰ ਬਦਲੀ ਪਈ ਹੈ।

"ਪਿੰਡ ਨੇ ਬੜੀ ਤਰੱਕੀ ਕਰ ਲਈ।" ਅੱਡਾ ਦੇਖ ਕੇ ਮੈਂ ਡਰਾਇਵਰ ਨੂੰ ਕਿਹਾ।

"ਸਭ ਐੱਨ. ਆਰ. ਆਈਆਂ ਦੀ ਮਿਹਰਬਾਨੀ ਹੈ... 'ਬਾਹਰੋਂ' ਪੈਸਾ ਭੇਜੀ ਜਾਂਦੇ ਨੇ... ਇਸ ਪਿੰਡ ਵਿਚ ਤਾਂ ਵੀਹ ਕੁ ਪਰਿਵਾਰ ਹੀ ਪੰਜਾਬੀਆਂ ਦੇ ਨੇ। ਉਹ ਵੀ ਸਾਰੇ ਬਜ਼ੁਰਗ ਨੇ ... ਨਵੀਂ ਪਨੀਰੀ ਤਾਂ ਸਾਰੀ ਕਨੇਡਾ ਅਮਰੀਕਾ ਉਡਾਰੀ ਮਾਰ ਗਈ ...।" ਆਖ ਕੇ ਉਹ ਚੁੱਪ ਕਰ ਗਿਆ।

ਚਿਹਰਿਆਂ ਵੱਲ ਵੇਖ ਕੇ ਮੈਂ ਤ੍ਰਭਕ ਗਈ। ਇਹ ਤਾਂ ਸਾਰੇ ਪਰਵਾਸੀ ਭਈਏ ਲੱਗਦੇ ਨੇ। ਪਿੰਡ ਦਾ ਤਾਂ ਕੋਈ ਨਜ਼ਰ ਨਹੀਂ ਆਇਆ।

ਭਾਊ ਦੀ ਦੁਕਾਨ ਉੱਥੇ ਦੀ ਉੱਥੇ ਹੀ ਹੈ। ਉਦੋਂ ਇਹ ਇਕ ਕਮਰੇ ਜਿਹੇ ਵਿਚ ਸੀ, ਹੁਣ ਤਾਂ ਮਾਡਰਨ ਸਟੋਰ ਵਾਂਗੂੰ ਬਣਾ ਲਈ। ਮੈਂ ਡਰਾਇਵਰ ਨੂੰ ਕਾਰ ਰੋਕਣ ਲਈ ਕਿਹਾ। ਉੱਥੇ ਇਕ ਬਜ਼ੁਰਗ ਜੋੜਾ ਬੈਠਾ ਹੈ। ਧਿਆਨ ਨਾਲ ਵੇਖਣ 'ਤੇ ਪਤਾ ਲੱਗ ਗਿਆ ਕਿ ਇਹ ਭਾਊ ਤੇ ਉਸਦੀ

ਘਰ ਵਾਲੀ ਹੈ। ਮੈਂ ਸਤਿ ਸ੍ਰੀ ਅਕਾਲ ਬੁਲਾਈ। ਭਾਊ ਦੀ ਘਰ ਵਾਲੀ ਨੇ ਮੇਰਾ ਸਿਰ ਪਲੋਸ ਦਿੱਤਾ। ਉਹਨੇ ਪਹਿਚਾਨਿਆ ਨਾ। ਜਦੋਂ ਮੈਂ ਆਪਣੇ ਬਾਰੇ ਦੱਸਿਆ ਤਾਂ ਉਹਨੇ ਮੇਰਾ ਦੂਹਰੀ ਵਾਰ ਸਿਰ ਪਲੋਸ ਕੇ ਪਿਆਰ ਦਿੱਤਾ ਤੇ ਮਾਂ ਦਾ ਅਫਸੋਸ ਕਰਨ ਲੱਗੀ। ਭਾਊ ਪਾਪਾ ਨਾਲ ਗੱਲਾਂ ਕਰਨ ਲੱਗ ਪਿਆ। ਭਾਊ ਦੇ ਦੋਵੇਂ ਮੁੰਡੇ ਕਨੇਡਾ ਹਨ। ਭਾਊ ਹੁਰੀਂ ਵੀ ਗਏ ਸੀ ਪਰ ਦਮੇ ਦੀ ਬਿਮਾਰੀ ਕਰ ਕੇ ਮੁੜ ਆਏ।ਉਹ ਚਾਹ ਪਾਣੀ ਲਈ ਜ਼ੋਰ ਲਾਉਣ ਲੱਗੇ ਪਰ ਮੈਨੂੰ ਘਰ ਜਾਣ ਦੀ ਕਾਹਲ਼ ਸੀ। "ਫਿਰ ਆਵਾਂਗੀ" ਆਖ ਅਸੀਂ ਉੱਥੋਂ ਨਿਕਲ ਕਾਰ ਵਿਚ ਬਹਿ ਗਏ।

ਕਾਰ ਵੱਡੀ ਗਲ਼ੀ ਵਿਚੋਂ ਲੰਘਦੀ ਚੌਗਾਨ ਵਿਚ ਰੁਕ ਗਈ। ਘਰ ਤੀਕ ਕਾਰ ਜਾਣੀ ਵੀ ਨਹੀਂ ਸੀ। ਪਿੰਡ ਦੀਆਂ ਕੁਝ ਗਲ਼ੀਆਂ ਭੀੜੀਆਂ ਨੇ। ਸਾਡੇ ਵਾਲੀ ਗਲ਼ੀ ਵੀ ਭੀੜੀ ਹੈ, ਸਕੂਟਰ ਮੋਟਰ ਸਾਈਕਲ ਹੀ ਜਾਂਦੇ। ਅਸੀਂ ਉੱਥੇ ਹੀ ਉੱਤਰ ਗਏ। ਨਿੱਕੇ ਨਿਆਣੇ ਸਾਡੇ ਦੁਆਲ਼ੇ ਫਿਰਨ ਲੱਗੇ, ਜਿਵੇਂ ਅਸੀਂ ਕੋਈ ਤਮਾਸ਼ਾ ਦਿਖਾਉਣ ਵਾਲੇ ਹੋਈਏ। ਅਸੀਂ ਸਾਰੇ ਉਦੋਂ ਹੀ ਏਦਾਂ ਇੱਕਠੇ ਹੋਇਆ ਕਰਦੇ ਸੀ ਜਦੋਂ ਮਦਾਰੀ ਤਮਾਸ਼ਾ ਦਿਖਾਉਣ ਆਇਆ ਕਰਦਾ ਸੀ। ਮੈਨੂੰ ਨਿਆਣਿਆਂ ਨੂੰ ਦੇਖ ਹਾਸਾ ਆ ਗਿਆ। ਸਾੜ੍ਹੀਆਂ ਵਾਲੀਆਂ ਔਰਤਾਂ ਦਰਵਾਜ਼ਿਆਂ ਵਿਚ ਖੜ੍ਹ ਸਾਨੂੰ ਵੇਖਣ ਲੱਗੀਆਂ। ਕੋਈ ਹੋਰ ਚਿਹਰਾ ਪਹਿਚਾਣ ਵਾਲਾ ਨਾ ਮਿਲਿਆ। ਕਿੰਨੇ ਹੀ ਘਰ ਸਨ ਚੌਗਾਨ ਵਿਚ...ਤੋਤੇ ਕਾ, ਭਾਗ ਕਾ, ਨਿਰਮਲ ਕਾ, ਮੁਖਤਿਆਰੇ ਕਾ, ਪੱਪੂ ਕਾ ਤੇ ਬਾਬੇ ਮੰਗਲ ਕਾ। ਬਾਬੇ ਮੰਗਲ ਦੀ ਯਾਦ ਆਉਂਦਿਆਂ ਹੀ ਬੁੱਲ੍ਹਾਂ 'ਤੇ ਫਿਰ ਮੁਸਕਰਾਹਟ ਆ ਗਈ। ਸਰਦੀ ਹੋਵੇ ਜਾਂ ਗਰਮੀ ਉਹ ਆਪਣੇ ਘਰ ਅੱਗੇ ਮੰਜੀ ਡਾਹ ਕੇ ਬੈਠਾ ਰਹਿੰਦਾ। ਮੈਂ ਬਾਬੇ ਮੰਗਲ ਦੀ ਮੰਜੀ ਵਾਲੀ ਥਾਂ ਵੱਲ ਵੇਖ ਰਹੀ ਸੀ ਕਿ ਏਨੇ ਨੂੰ ਮਾਸੀ ਦਾ ਬੇਟਾ ਜਗਤਾਰ ਆ ਗਿਆ। ਸਾਨੂੰ ਮਿਲ ਕੇ ਉਹ ਡਰਾਇਵਰ ਨਾਲ ਸਮਾਨ ਉਤਰਵਾਉਣ ਲੱਗ ਪਿਆ। ਜਗਤਾਰ ਵੀਰੇ ਨੇ ਸਾਡੇ ਕਰਕੇ ਛੁੱਟੀਆਂ ਲਈਆਂ ਹੋਈਆਂ ਹਨ। ਮਾਂ ਦੇ ਫੁੱਲ ਚੁੱਕ ਮੈਂ ਅੱਗੇ ਅੱਗੇ ਤੁਰ ਪਈ।

ਗਲ਼ੀ ਵਿਚ ਵੜਦਿਆਂ ਤਾਏ ਕਾ ਘਰ ਪਹਿਲਾਂ ਆਉਂਦਾ। ਸਭ ਤੋ ਸੋਹਣਾ ਘਰ ਉਦੋਂ ਤਾਏ ਕਾ ਹੁੰਦਾ ਸੀ। ਬਾਹਰਲੇ ਦਰਵਾਜ਼ੇ 'ਤੇ ਗੁਲਾਨਾਰੀ ਫੁੱਲਾਂ ਦੀ ਵੇਲ ਚੜ੍ਹਾਈ ਹੁੰਦੀ ਸੀ। ਹੁਣ ਦਰਵਾਜ਼ਾ ਟੁੱਟਿਆ ਪਿਆ ਹੈ ਤੇ ਅੰਦਰਲੀ ਇਮਾਰਤ ਖੰਡਰ ਹੋਈ ਪਈ ਹੈ। ਤਾਏ ਹੁਰੀਂ ਸਾਰੇ ਨਿਊਜੀਲੈਂਡ ਚਲੇ ਗਏ, ਪਿੱਛੋਂ ਘਰ ਦੀ ਕਿਸੇ ਨੇ ਸਾਰ ਨਾ ਲਈ। ਉਹਨਾਂ ਦੇ ਘਰ ਦੀ ਹਾਲਤ ਨੇ ਮਨ ਉਦਾਸ ਕਰ ਦਿੱਤਾ।

ਸਾਡਾ ਘਰ ਵੀ ਪਹਿਚਾਣ ਵਿਚ ਨਹੀਂ ਆਉਂਦਾ। ਘਰ ਦੇ ਬਾਹਰ ਨੇਮ ਪਲੇਟ 'ਤੇ ਸੁਨਹਿਰੀ ਅੱਖਰਾਂ ਨਾਲ ਸਰਦਾਰ ਗੁਰਦਿੱਤ ਸਿੰਘ ਲਿਖਿਆ ਹੈ। ਉੱਥੇ ਹੀ ਮਾਸੀ ਤੇ ਮਾਸੀ ਦੀ ਨੂੰਹ ਖੜ੍ਹੀਆਂ ਹਨ। ਮਾਸੀ ਮਾਂ ਦੇ ਫੁੱਲਾਂ ਨੂੰ ਛੂਹ ਕੇ ਰੋ ਪਈ। ਸਮਾਂ ਭਾਵੁਕ ਜਿਹਾ ਹੋ ਗਿਆ।

ਅੰਦਰ ਵੜਦਿਆਂ ਹੀ ਮੈਂ ਚਾਰੇ ਪਾਸੇ ਦੇਖਿਆ ਘਰ ਦੀ ਨੁਹਾਰ ਵੀ ਬਦਲੀ ਪਈ ਹੈ। ਸਾਰੇ ਪਾਸੇ ਪੱਥਰ ਹੀ ਪੱਥਰ ਹੈ, ਇੱਟ ਜਾਂ ਕੱਚੀ ਥਾਂ ਕਿਧਰੇ ਨਜ਼ਰ ਨਹੀਂ ਆ ਰਹੀ। ਘਰ ਵੀ ਮੈਨੂੰ ਓਪਰਾ ਜਿਹਾ ਲੱਗਾ। ਮਾਂ ਦੇ ਫੁੱਲ ਤਾਂ ਉਹਦੇ ਕਮਰੇ ਵਿਚ ਰੱਖਣੇ ਸੀ ਪਰ ਮਾਂ ਦੇ ਕਮਰੇ ਦੀ ਥਾਂ ਸਟੋਰ ਬਣਾ ਦਿੱਤਾ।

"ਲੈ ਮਾਂ, ਆ ਗਈ ਤੂੰ ਘਰ।" ਮੈਂ ਫੁੱਲਾਂ ਨੂੰ ਘਰ ਦੇ ਅੰਦਰ ਬਾਹਰ ਲੈ ਜਾ ਕੇ ਕਿਹਾ ਜਿਵੇਂ ਮਾਂ ਨੂੰ ਸੁਣਾ ਰਹੀ ਹੋਵਾਂ। ਆਪ ਮੁਹਾਰੇ ਅੱਖਾਂ ਵਿਚੋਂ ਅੱਥਰੂ ਵਗਣ ਲੱਗੇ। ਸਭ ਤੋਂ ਚੋਰੀ ਮੈਂ ਅੱਥਰੂ ਸਾਫ ਕਰ ਫੁੱਲ ਬੈਗ ਵਿਚ ਪਾ ਲਏ।

ਅਸੀਂ ਫਰੈਸ਼ ਹੋ ਕੇ ਗੱਲਾਂ ਬਾਤਾਂ ਕਰਨ ਲੱਗੇ।

"ਵੀਰੇ, ਪੰਜਾਬ ਬਹੁਤ ਬਦਲ ਗਿਆ। ਮੈਨੂੰ ਇਹ ਪੰਜਾਬ ਘੱਟ ਤੇ ਯੂ.ਪੀ., ਬਿਹਾਰ ਜ਼ਿਆਦਾ ਲੱਗ ਰਿਹਾ ਏ।" ਮੈਂ ਅੰਦਰੋਂ ਦੁਖੀ ਮਨ ਨਾਲ ਕਿਹਾ।

"ਹੋਰ ਕੀ ਭੈਣੇ ... ਕਨੈਡਾ, ਅਮਰੀਕਾ ਹੂੰਝ ਕੇ ਲੈ ਗਏ ਸਾਰਾ ਕੁਝ। ਜਿਹੜੇ ਕਦੇ ਸਾਡੇ ਖੇਤਾਂ ਵਿਚ ਕੰਮ ਕਰਦੇ ਸੀ ਹੁਣ ਸਾਲ਼ਾ ਅਸੀਂ ਉਹਨਾਂ ਦੇ ਥੱਲੇ ਕੰਮ ਕਰਦੇ ਹਾਂ। ਹੁਣ ਤਾਂ ਏਥੇ ਰਹਿਣ ਨੂੰ ਜਵਾਂ ਜੀਅ ਨ੍ਹੀ ਕਰਦਾ। ਅਸੀਂ ਵੀ ਵੀਜ਼ਾ ਉਡੀਕਦੇ ਹਾਂ ਬਸ।" ਵੀਰਾ ਵੀ ਚਿੰਤਾ ਵਿਚ ਸੀ।

ਜਗਤਾਰ ਵੀਰੇ ਦਾ ਬੇਟਾ ਸਟੱਡੀ ਵੀਜ਼ੇ 'ਤੇ ਕਨੇਡਾ ਗਿਆ ਹੈ। ਇਹਨਾਂ ਨੇ ਵੀ ਬੱਸ ਚਲੇ ਹੀ ਜਾਣਾ ਹੈ।

ਮਾਸੀ ਮਾਂ ਦੀਆਂ ਗੱਲਾਂ ਕਰ ਕੇ ਭਾਵੁਕ ਹੋਈ ਜਾਂਦੀ ਹੈ। ਉਹ ਮੈਨੂੰ ਜਵਾਂ ਮਾਂ ਵਰਗੀ ਲੱਗੀ ਜਾਂਦੀ ਹੈ। ਉਹੋ ਜਿਹਾ ਗੋਲ਼ ਚਿਹਰਾ, ਉੱਦਾਂ ਦਾ ਹਾਸਾ, ਉੱਦਾਂ ਦੀ ਆਵਾਜ਼ ... ਮੈਨੂੰ ਮਾਸੀ 'ਤੇ ਪਿਆਰ ਆਈ ਜਾਂਦਾ। ਮਾਸੀ ਨਾਲ ਗੱਲਾਂ ਕਰਦੀ ਨੂੰ ਆਏਂ ਹੀ ਲੱਗੀ ਜਾਵੇ ਜਿਵੇਂ ਮਾਂ ਨਾਲ ਗੱਲਾਂ ਕਰਦੀ ਹਾਂ। ਇਧਰ ਉਧਰ ਦੀਆਂ ਗੱਲਾਂ ਕਰਦਿਆਂ ਟਾਈਮ ਦਾ ਪਤਾ ਹੀ ਨਾ ਲੱਗਿਆ। ਗਿਆਰਾਂ ਵਜੇ ਸਭ ਆਪੋ ਆਪਣੇ ਕਮਰਿਆਂ ਵਿਚ ਵੜ ਗਏ। ਮੈਂ ਮਾਸੀ ਕੋਲ਼ ਪੈ ਗਈ।

ਮੈਂ ਇਕੱਲੀ ਬੈਠੀ ਹਾਂ।ਪਤਾ ਨਹੀਂ ਕਿਧਰੋਂ ਰੰਗ ਬਰੰਗੀਆਂ ਸਾੜ੍ਹੀਆਂ ਵਾਲੀਆਂ ਜਿੰਨ੍ਹਾਂ ਦੇ ਚੀਰ ਵਿਚ ਸੰਤਰੀ ਰੰਗ ਦਾ ਸੰਧੂਰ, ਬੁੱਲ੍ਹਾਂ 'ਤੇ ਲਾਲ, ਗੁਲਾਬੀ ਲਿਪਸਟਿਕਾਂ ਤੇ ਰੰਗ ਬਰੰਗੀਆਂ ਵੱਡੀਆਂ ਵੱਡੀਆਂ ਬਿੰਦੀਆਂ ਲੱਗੀਆਂ ਹਨ, ਉਹ ਮੇਰੇ ਕੋਲ਼ ਆਈਆਂ ਤੇ ਉੱਚੀ ਉੱਚੀ ਆਵਾਜ਼ ਵਿਚ "ਕੁਦੇਸਣ - ਕੁਦੇਸਣ..." ਆਖ ਮੇਰੇ ਦੁਆਲ਼ੇ ਘੁੰਮਣ ਲੱਗ ਪਈਆਂ। ਮੈਂ ਉਹਨਾਂ ਦੇ ਬੋਲ ਨਹੀਂ ਸੁਣਨਾ ਚਾਹੁੰਦੀ ਹਾਂ। ਮੈਂ ਕੰਨਾਂ 'ਤੇ ਘੁੱਟ ਕੇ ਹੱਥ ਧਰ ਕੰਨਾਂ ਨੂੰ ਬੰਦ ਕਰ ਲੈਂਦੀ ਹਾਂ। ਆਵਾਜ਼ਾਂ ਹੋਰ ਉੱਚੀਆਂ ਹੋਈ ਜਾਂਦੀਆਂ ਹਨ ਤੇ ਮੈਂ ਕੰਨਾਂ 'ਤੇ ਹੱਥ ਧਰ ਚੀਕਾਂ ਮਾਰਨ ਲੱਗ ਪੈਂਦੀ ਹਾਂ। ਤ੍ਰਭਕ ਕੇ ਉੱਠਦੀ ਹਾਂ। ਪਸੀਨੋ ਪਸੀਨੀ ਹੋਈ ਪਈ ਹਾਂ। ਕੋਲ਼ ਪਏ ਜੱਗ ਵਿਚੋਂ ਪਾਣੀ ਦਾ ਗਲਾਸ ਭਰ ਆਪਣੇ ਸੁੱਕ ਚੁੱਕੇ ਗਲ਼ੇ ਨੂੰ ਤਰ ਕਰਦੀ ਹਾਂ। ਮਾਸੀ ਕੋਲ਼ ਘੂਕ ਸੁੱਤੀ ਪਈ ਹੈ ਪਰ ਮੈਂ ਫਿਰ ਸੌਂ ਨਹੀ ਪਾਉਂਦੀ।

"ਪ੍ਰਤੀਕ, ਹਫਤੇ ਬਾਅਦ ਦੀ ਟਿਕਟ ਕਰਾ ਦਿਓ।" ਮੈਂ ਪ੍ਰਤੀਕ ਨੂੰ ਟਿਕਟ ਛੇਤੀ ਕਰਾਉਣ ਲਈ ਫੋਨ ਕਰਦੀ ਹਾਂ।

"ਤੁਸੀਂ ਤਾਂ ਮਹੀਨਾ ਰਹਿਣਾ ਸੀ?"

"ਨਹੀਂ...ਪਾਪਾ ਰਹਿ ਪੈਣਗੇ, ਮੈਂ ਕੀਰਤਪੁਰ ਸਾਹਿਬ ਤੇ ਦਰਬਾਰ ਸਾਹਿਬ ਜਾ ਕੇ ਆ ਜਾਣਾ ਬੱਸ।"

ਪ੍ਰਤੀਕ ਦਾ ਫੋਨ ਕੱਟ ਕੇ ਮੈਂ ਕੀਰਤਪੁਰ ਸਾਹਿਬ ਜਾਣ ਦੀ ਤਿਆਰੀ ਕਰਨ ਲੱਗੀ। 000

***(#307 ਬਾਜਵਾ ਕਲੋਨੀ, ਨੇੜੇ DMW ਗੁਰਦੁਆਰਾ, ਪਟਿਆਲਾ- 147 001***
***Email: kamal_sekhon@yahoo.com)***

# ਲੈ ਫੇਰ ਸੁਣ: ਕਹਾਣੀ: ਚਰਨਜੀਤ ਮਿਨਹਾਸ

*"ਸ਼ਾਂਤ ਵਿਅਕਤੀ ਤੋਂ ਸਾਵਧਾਨ। ਜਦ ਹੋਰ ਬੋਲਦੇ ਨੇ, ਇਹ ਤਾੜਦਾ। ਜਦੋਂ ਬਾਕੀ ਕੰਮ ਕਰਦੇ ਨੇ, ਇਹ ਸਕੀਮ ਘੜਦਾ। ਅਖ਼ੀਰ ਨੂੰ ਜਦ ਸਾਰੇ ਅਰਾਮ ਫ਼ਰਮਾਉਂਦੇ ਨੇ...ਇਹ ਵਾਰ ਕਰਦਾ।" -ਅਗਿਆਤ*

ਲੈ ਫਿਰ ਸੁਣ ਅੱਜ...ਮੈਨੂੰ ਪਤਾ ਇਕ ਮੁੱਦਤ ਤੋਂ ਉਡੀਕ 'ਚ ਏਂ ਤੂੰ ਇਸ ਸੁਣਾਈ ਦੇ!

ਪਹਿਲਾਂ ਹਾਲ ਹੀ ਦੇ ਹਾਦਸੇ ਦਾ ਬੋਝ ਮਨ ਤੋਂ ਹਲਕਾ ਕਰਦਾਂ...ਹੈਂ!...ਨਿਕਲੇ ਹਫਤੇ ਆਪਣਾ ਵੈਂਕੀ ਨੀ ਵੈਂਕਟੇਸ਼ ਆਇਰ-- ਤੂੰ ਹੀ ਮਿਲਾਇਆ ਤੀ ਮੈਨੂੰ, ਇੰਦਰਾਨਗਰ ਉਹਦੇ ਘਰ ਦਾਵਤ ਤੀ, ਵੀਭਾ ਦਾ ਛੋਟਾ ਭਰਾ ਜਿਹੜਾ ਸਾਡੇ ਵਿਆਹ ਵੇਲੇ ਚੱਪਲਾਂ ਦੀ ਰੇਹੜੀ ਲਾਇਆ ਕਰਦਾ ਤੀ --ਆਪਣੇ ਲਾਣੇ ਗੈਲ਼ ਸਾਡੇ ਕੋਲ਼ ਐਥੇ ਬੰਗਲੂਰੂ ਪਹੁੰਚਿਆ ਹੋਇਆ। ਪਾਰਟੀ 'ਤੇ ਜਾਣ ਲੱਗਿਆਂ ਵੀਭਾ, ਜਿਹੜੀ ਕਹਿਣ ਨੂੰ ਰਿਸ਼ਤੇ ਮਾ ਮੇਰੀ ਵਾਈਫ ਆ, ਦੇ ਨਾਲ ਉਹ ਪੰਜੋ ਮੇਰੇ ਤੋਂ ਵੀ ਮੋਹਰੇ।

ਬੰਗਲੇ ਦੀ ਛੱਤ 'ਤੇ ਅਸੀਂ ਔਸਤਨ 70-80 ਜਣੇ ਦੋ ਕੁ ਘੰਟੇ ਦੇ ਖਾ-ਪੀ ਰਹੇ ਤੀ...ਹੈਂ...ਬੰਦੇ, ਤੀਮੀਆਂ ਅਤੇ ਬੱਚੇ। ਭਖੀ ਹੋਈ ਮਹਿਫਲ ਵਿਚਮਾ ਤੇ ਵੀਭਾ ਮੈਨੂੰ ਲਵੇ ਸੱਦਕੇ ਕਹਿੰਦੀ, "ਬੱਚੋਂ ਕੋ ਨੀਂਦ ਆ ਰਹੀ ਹੈ, ਈਹਨੇ ਉਠਾਕੇ ਮੇਰੇ ਪਿੱਛੇ ਆ।"

ਮੈਂ ਨਜ਼ਰ ਦੌੜਾਈ ਤਾਂ ਦੇਖਿਆ ਸਾਲ਼ਾ ਸਾਲ਼ੇਹਾਰ ਬੇਪਰਵਾਹ ਚਾਟ ਪਾਪੜੀ ਅਤੇ ਚਿਕਨ 65 ਦੁਆਲੇ ਹੋਏ ਲੁਤਫ਼ ਲੁੱਟ ਰਹੇ ਸਨ।

ਮੈਂ ਉਹਨਾਂ ਦੇ ਤਿੰਨੋਂ ਜੁਆਕਾਂ ਨੂੰ ਕੁੱਛੜ ਚੱਕ ਵਾਰੀ ਵਾਰੀ ਥੱਲੇ ਲੈ ਗਿਆ। ਡਰੈਵਰ ਤੇ ਵੀਭਾ ਪਹਿਲਾਂ ਹੀ ਗੱਡੀ ਵਿਚ ਤੀ। ਉਹਨੇ ਆਪਣੇ ਭਰਾ ਭਰਜਾਈ ਨੂੰ ਫੋਨ ਲਾਇਆ। ਤੁਰਨ ਲੱਗੇ ਤਾਂ ਵੀਭਾ ਨੂੰ ਖਿਆਲ ਆਇਆ ਉਹਨੇ ਵੈਂਕਟ ਦੀ ਵਾਈਫ ਨੂੰ ਬਾਏ ਨਹੀ ਕਹੀ। ਕਹਿੰਦੀ ਦਵਾਸੱਟ, "ਉਸ ਕੋ ਮੇਰੀ ਔਰ ਸੇ ਬਾਏ ਬੋਲ ਕੇ ਆ।"

ਤਾਹਾਂ ਗਏ ਨੂੰ ਵੈਂਕਟ ਸਾਡੀ ਸਾਂਝੀ ਖਰੀਦੀ ਜ਼ਮੀਨ ਦੇ ਕਾਗ਼ਜ਼ਾਂ ਦੀ ਕਾਪੀ ਫੜਾਉਂਦਾ ਉਹਨਾਂ ਬਾਰੇ ਦੱਸਣ ਲੱਗ ਪਿਆ। ਮਸੀਂ ਪੰਜ ਮਿੰਟ ਹੋਏ ਹੋਣੇ ਕਿ ਵੀਭਾ ਆਪ ਉੱਪਰ ਆ ਧਮਕੀ। ਆਉਂਦੇ ਸਾਰ ਆਵ ਦੇਖਿਆ ਨਾ ਤਾਵ...ਹੈਂ!...ਵੱਟ-ਵੱਟ ਕੇ ਪੰਜ ਚਪੇੜਾਂ ਮੇਰੇ ਮੂੰਹ ਉੱਤੇ ਜੜ ਦਿੱਤੀਆਂ। ਉਹ ਵੀ ਇਕੋ ਪਾਸੇ ਖੱਬੀ ਗਲ੍ਹ ਉੱਤੇ!

ਕਾਰ ਦੇ ਪਿਸਟਨ ਦੀ ਰਫਤਾਰ 'ਤੇ ਚਲਦੀ ਨਵੀਂ ਨਿਛੋਹ ਕਰਦ-ਨੁਮਾ ਤਿੱਖੀ ਜ਼ਬਾਨ ਨੇ ਇਕ-ਥੱਪੜ-ਪੰਜਾਹ-ਗਾਲ਼ਾਂ-ਫਰੀ ਸਕੀਮ ਵਾਂਗ ਜਿਹੜੀ ਮੇਰੀ ਧੌੜੀ ਲਾਹੀ, ਉਹ ਅੱਡ।

"ਸਾਲ਼ੇ ਨਾ ਤੋ ਤੂੰ ਮੁਝੇ ਕੋਈ ਬੇਟਾ ਦੇ ਸਕਾ, ਨਾ ਕੋਈ ਔਰ ਸੁੱਖ, ਕਿਉਂਕਿ ਵੋਹ ਸਭ ਤੇਰੇ ਮਾਦਰ.. ਨਪੁੰਸਕ ਕੇ ਬਸ ਹੈ ਨਹੀਂ। ਕਹਾ ਹੂਆ ਕਰਣਾ ਤੋ ਬੱਸ ਕਾ ਹੈ ਨਾ?...ਤੋ ਹਰਾਮ ਕੇ ਪਿੱਲੇ ਵੋਹ ਕਿਉਂ ਨਹੀ ਕਰਤਾ?...ਹਿਲ ਅਬ ਜਹਾਂ ਸੇ, ਨਹੀਂ ਤੋ ਜੂਤੀ ਉਤਾਰ ਕੇ ਮਾਰਨਾ ਚਾਲੂ ਕਰੂੰਗੀ...ਫਿਰ ਸੁਬਹ ਮੇਰੇ ਪਾਉਂ ਪਕੜੇ ਰੱਖੇਗਾ, 'ਵੀਭਾ ਜੀ ਕਮ ਸੇ ਕਮ ਬਾਹਰ ਸਭ ਕੇ ਸਾਹਮਣੇ ਜੁੱਤੀ ਸੇ ਤੋ ਮਤ ਮਾਰਾ ਕਰੋ'।"

ਹੁਣ ਭਲਾ ਮੈਂ ਕੀ ਕਹਿੰਦਾ ਇਸ ਅੱਜੋਕੀ ਫੂਲਨ ਦੇਵੀ ਨੂੰ?...ਹੈਂ!...ਜਾਂ, ਤਮਾਸ਼ੇ ਦੇਖਣ ਵਾਲਿਆਂ ਨੂੰ ਕੀ ਇਕਸਪਲੇਨ ਕਰਦਾ, ਜਿਹੜੇ ਅੱਖਾਂ ਅੱਡੀ ਤੇ ਮੂੰਹ ਟੱਡੀ ਸਾਡੇ ਅੱਲ ਬਿਟਰ ਬਿਟਰ ਝਾਕਣ ਲੱਗੇ ਹੋਏ ਤੀ! ਨਾ ਹੀ ਕੁੱਛ ਕਰ ਸਕਦਾ ਸੀ...ਮੇਰੀ ਲਾਚਾਰੀ ਦਾ ਸਿਰਾ ਚਿਤਰ...ਚੰਡੀਓ ਗਲ੍ਹ ਸਹਿਲਾਉਣੀ ਵੀ ਮੇਰੇ ਲਈ ਮੁਮਕਿਨ ਨਹੀਂ ਤੀ।

ਦਰਅਸਲ ਮੇਰੀ ਚੁੱਪੀ, ਮੇਰੀ ਸ਼ਾਂਤੀ (ਹਉਕਾ ਭਰਦਿਆਂ, ਖੱਬੇ-ਸੱਜੇ ਸਿਰ ਹਿਲਾਉਂਦਾ

ਹੋਇਆ) ਦੀ ਵਜ੍ਹਾ ਨਾਲ...ਹੈਂ!...ਮੈਂ ਇਕ ਉਹ ਗੁੰਗਾ ਦਰਖ਼ਤ ਹਾਂ ਜਿਹਦੀ ਛਾਂ ਹੇਠਾਂ ਬੈਠ ਕੇ ਬੁੱਲੇ ਲੁੱਟਣ ਆਲੇ ਹੀ ਉਹਦੇ ਉੱਤੇ ਮੂਤਦੇ ਨੇ।

ਦੁੱਖ ਦੁਖੀ ਸੱਚੇ ਮਿੱਤ ਹੁੰਦੇ ਨੇ, ਸਦੈਵ ਗੈਲ ਮਿਲਣਗੇ, ਜਿੱਦਾਂ ਪੀੜ ਮੇਰੀ ਮਹਿਰਮ ਹੈ ਮੁੱਦਤ ਤੋਂ। ਪਰ ਹੁਣ ਇੰਤਹਾ ਹੋ ਗਈ, ਸਮਝ ਲੈ ਖੱਲ ਲਾਹ ਕੇ ਲੂਣ ਦੀ ਖਾਣ ਵਿਚੋਂ ਲੰਘ ਰਿਹਾਂ...ਹੈਂ...ਤੇ ਤੂੰ ਪਹਿਲਾ ਤੇ ਆਖਰੀ ਸ਼ਖਸ ਹੋਵੇਂਗਾ ਜਿਹਦੇ ਲਵੇ ਸੀਅ ਵੀ ਕੱਢੀ ਹੋਊ।

ਅੱਜ ਬੈਠਾ ਤੈਨੂੰ ਸੁਣਾ ਰਿਹਾਂ, ਨਹੀਂ ਤਾਂ ਸੁਣਦਾ ਹੀ ਰਿਹਾਂ। ਪਹਿਲੇ 27 ਸਾਲ ਬਾਪੂ ਦੇ ਪਰਬਚਨ ਸੁਣੇ, ਹੁਣ 27 ਸਾਲ ਤੋਂ ਘਰਵਾਲੀ ਦੇ ਬੋਲ ਪੁਗਾ ਰਿਹਾਂ।

ਚਿੱਤੜਾਂ ਵਾਂਗੂੰ ਸਾਰੇ ਚਿੱਕੜ ਵੀ ਇਕ ਸਾਰ ਦੇ ਨੀ ਹੁੰਦੇ।

ਬਾਪ ਮੇਰਾ ਤੀਗਾ ਤਾਂ ਛਟਿਆ ਹੋਇਆ ਕੰਜਰ...ਹੈਂ!...ਕਿਸੇ ਵੇਲੇ ਚਾਰੇ ਭੂਆਂ ਦੀ ਸਹੇਲੀਆਂ ਨੇ ਕਹਿਣਾ. ਨੀ ਭਰਾ ਤੁਹਾਡਾ ਤਾਂ ਬਹੁਤ ਹੀ ਬਦਨਜ਼ਰ ਹੈ...ਮਗਰ ਉਹ ਥਾਂ ਕੁਥਾਂ, ਬੰਦਾ ਕੁਬੰਦਾ, ਵੇਲਾ ਕੁਵੇਲਾ ਵਹਿ ਲੈਂਦਾ ਤੀ; ਮੂੰਹ ਆਵਾਗੌਣ ਨਹੀਂ ਚਲਾਉਂਦਾ ਤੀ। ਪਰ ਇਹ ਚੁੜੇਲ!...ਇਹ ਮੇਰਾ ਸਿਰ ਲੱਗੇ ਮੇਲੇ ਵਿਚ ਮੁੰਨ ਕੇ ਹੀ ਤੀਰਥ ਨਹਾਉਂਦੀ ਹੈ।

ਅੱਛਾ ਬਾਈ!...ਸਾਡੀ ਇਸ ਗੁਪਤ-ਗੂ ਨੂੰ ਅਮੈਰੀਕਾ ਦੇ ਜਾਪਾਨ ਉੱਤੇ ਪਰਮਾਣੂ ਹਮਲੇ ਤੋਂ ਉੱਪਰ ਗੁਪਤ ਯਾਨੀਂ, ਨਾਲੇ ਖਾਸ; ਵਨਸ ਇਨ ਲਾਈਫਟੈਮ ਵਾਲਾ ਅਹਿਮ। ਮਤਲਬ ਇੰਝ ਗੌਰ ਨਾਲ ਸੁਣੀਂ ਜਿਕਣ ਧਨੀ ਮਰਹੂਮ ਬਾਪ ਦੀ ਔਲਾਦ ਵਕੀਲ ਤੋਂ ਉਹਦੀ ਵਸੀਅਤ ਸੁਣਦੀ ਹੋਵੇ। ਟੋਕੀਂ ਭੁੱਲ ਕੇ ਵੀ ਨਾ! ਤੂੰ ਬਚਪਨ ਤੋਂ ਜਾਣਦਾ ਜੇ ਮੇਰਾ ਕੇਰਾਂ ਪੌਜ਼ ਲੱਗ ਗਿਆ ਤਾਂ ਦੋਹਾਂ ਨੂੰ ਰੀਸਟਾਰਟ ਬਟਨ ਨਹੀ ਥਿਆਉਣਾ।

(ਖਾਮੋਸ਼। ਦੋਨੋਂ ਸ਼ਾਂਤ। ਚੁਫੇਰੇ ਚੁੱਪ) ਮੂੰਹ 'ਤੇ ਹੱਥ ਰੱਖਣ ਨੂੰ ਕਿਹਾ ਤੀ...ਹੈਂ...ਹੱਥ ਤੇ ਹੱਥ ਨੀ...ਉਹ ਸਾਹਮਣੇ ਪਈ ਸਿੰਗਲ ਮਾਲਟ ਵਿਚੋਂ ਇਕ ਹੈਲਦੀ ਜਿਹਾ ਪੈੱਗ ਬਣਾ ਕੇ ਦੇ...ਥੋੜ੍ਹੇ ਥੋੜ੍ਹੇ ਫਾਸਲੇ ਬਾਅਦ ਹੈਲਥ ਚੈੱਕਅਪ ਕਰਦਾ ਰਹੇਂਗਾ ਤਾਂ ਮਿੱਤਰਾਂ ਦਾ ਟਰੱਕ ਜੀਟੀ ਰੋਡ 'ਤੇ ਦੁਹਾਈਆਂ ਪਾਈ ਜਾਊ!...ਹਾਂ ਨਾਲੇ ਉੱਠਿਆਂ ਹੋਇਆਂ ਦੁਬਾਰਾ ਚੈੱਕ ਕਰੀਂ ਸਾਰੇ ਬੂਹੇ ਬਾਰੀਆਂ ਬੰਦ ਨੇ ਨਾ!

ਦੇਖ ਜਦ ਜਦ ਤੂੰ ਅਮੈਰੀਕੋਂ ਆਉਣਾ...ਹੈਂ...ਪਿੰਡ ਫੇਰੀ ਪਾ ਕੇ ਉਰੇ ਡੇਰੇ ਲਾ ਲੈਣਾ...ਤੇਰਾ ਇਹ ਅਲੀਸ਼ਾਨ ਆਸ਼ੀਆਨਾ...ਯਾਦ ਕਰ, ਮੇਰੀ ਕੰਪਨੀ ਬਣਾਇਆ ਤੀ ਤੇਰਾ ਏਹ ਪੈਂਟ ਹਾਊਸ...ਏਹੀ ਕਾਹਨੂੰ ਸਾਰਾ "ਐਕਮੇ ਬੈਲੇ" ਪਰੋਜੈਕਟ ਹੀ ਮੇਰਾ ਖੜ੍ਹਾ ਕੀਤਾ ਹੋਇਆ। ਇਸ ਤੋਂ ਪਹਿਲਾਂ ਇਕ ਜਮਾਨੇ ਤੀਕਰ "ਐਕਮੇ ਗੁਪਤਾ" ਠੇਕੇਦਾਰ ਤੀ। ਪਹਿਲਾਂ ਪਲੰਬਿੰਗ ਦਾ ਤੇ ਫੇਰ ਜਨਰਲ ਰੀਅਲ ਇਸਟੇਟ ਡਿਵੈਲਪਰਸ ਖਾਤਿਰ। ਠੇਕਾ ਲੀਤਾ, ਆਏ, ਕੰਮ ਕੀਤਾ, ਬਗ ਗਏ। ਪਰ...

ਨਹੀਂ...ਸਟਾਰਟ ਤੋਂ ਦੱਸਦਾਂ, ਹਲਾ ਵਕਤ ਦੀਆਂ ਟਾਹਣੀਆਂ ਉੱਤਲੇ ਸਿਸਕਦੇ ਲਮ੍ਹੇਂ ਰੂਪਮਾਨ ਕਰ ਦੇਵਾਂ।

ਤੇਰੇ ਤੋਂ ਕਿਹੜੀ ਚੀਜ਼ ਓਹਲੇ ਆ? ਪੀਪੀਐੱਸ ਨਾਭੇ...ਬੋਰਡਿੰਗ ਵਿਚ, ਪੰਜਵੀਂ ਤੋਂ ਬਾਰ੍ਹਵੀਂ ਤੱਕ, ਨਾਲ ਪੜ੍ਹੇ ਆਂ...ਤੂੰ ਦੇਖਿਆ, ਮੈਂ ਹਰ ਪਾਸੇ ਢਿੱਲਾ-ਮੱਠਾ ਹੀ ਤੀ...ਖੇਡਾਂ ਹੋਣ, ਪੜਾਈ ਹੋਵੇ...ਹੈਂ...ਤੇ ਚਾਹੇ ਕੁਛ ਹੋਰ। ਸਕੂਲੇ ਤਾਂ ਹੀ ਸਾਰੇ ਮੈਨੂੰ "ਮੁਰਦਾ" ਸੱਦਦੇ ਹੁੰਦੇ ਤੀ।

ਸਕੂਲ ਬਾਅਦ ਘਰਦਿਆਂ ਨੇ ਦਾਨ-ਪੂੰਜੀ ਦੇ ਕੇ ਸਿਵਲ ਇੰਜਨੀਅਰਿੰਗ ਕਰਨ ਮੈਨੂੰ ਕਰਨਾਟਕ ਭੇਜ ਦਿੱਤਾ। ਜਾਣਾ ਭੋਰਾ ਭਰ ਨੀ ਚਾਹੁੰਦਾ ਤੀ, ਪਰ ਕੀ ਕਰਦਾ, ਬਗ ਗਿਆ ਮਨਚਾਹੇ ਪੁਰਾਤਤਵ ਵਿਗਿਆਨ ਅਤੇ ਇਤਿਹਾਸ ਬਾਪ ਦੇ ਫ਼ਰਮਾਨ ਦੀ ਭੇਟੇ ਚਾੜ੍ਹ ਕੇ।

ਮੇਰੇ ਬਾਪ ਦੇ ਜ਼ਹਨ ਮਾ ਬਿਰਾਜਮਾਨ ਤੀ ਕਿ ਸਿਵਲ ਇੰਜਨੀਅਰ ਨੋਟ ਬਹੁਤ ਕਮਾਉਂਦੇ ਨੇ...ਹੈਂ...ਅਮੀਰ ਘਰਾਂ ਦੀਆਂ ਸੋਹਣੀਆਂ ਕੁੜੀਆਂ ਨਾਲ ਵਿਆਹ ਹੁੰਦੇ ਨੇ। ਉੱਪਰੋਂ ਬੋਨਸ ਵਿਚ ਬਾਣੀਆ ਸਮਾਜ ਇੰਨ੍ਹਾਂ ਨੂੰ ਦਾਜ ਬਹੁਤ ਦਿੰਦਾ।

ਜੇ ਤੈਨੂੰ ਯਾਦ ਹੋਵੇ ਤਾਂ ਸਕੂਲੇ ਮੈਨੂੰ ਡਾਕ ਟਿਕਟਾਂ, ਸਿੱਕੇ, ਤੇ ਪਕਸ਼ੀਆਂ ਦੇ ਖੰਭ ਜੋੜਨ ਦਾ

ਚਸਕਾ ਹੋਇਆ ਕਰਦਾ ਤੀ...ਹੈਂ...ਵਾਸਤਵ ਮਾ ਉਹ ਮੇਰੀ ਨੀਝ ਤੇ ਰੀਝ ਸਨ; ਦਿਲ ਦੀ ਪ੍ਰੀਤ, ਜ਼ਿੰਦਗਾਨੀ ਦਾ ਅਮਲ ਸਨ। ਰੂਹ ਦੀ ਖ਼ੁਰਾਕ। ਉਸ ਨਿਰੰਤਰ ਵੱਧਦੇ ਜ਼ਖ਼ੀਰੇ ਵਿਚਲਾ ਹਰ ਨਗ ਮੇਰਾ ਦੁਲਾਰਾ ਤੀ। ਮਜ਼ਬੀ ਸਿਦਕ ਦੀ ਲਗਨ ਨਾਲ ਮੈਂ ਉਹਨਾਂ ਦੀ ਸਫ਼ਾਈ ਸੰਭਾਲ ਕਰਦਾ ਤੀ। ਜੇ ਮੈਂ ਉਹਨਾਂ ਨੂੰ ਕਦੇ ਸਿੱਲ੍ਹੇ ਵੇਖਦਾ ਤਾਂ ਰਾਤਾਂ ਨੂੰ ਉੱਠ ਕੇ ਉਹਨਾਂ ਨੂੰ ਮਨਾਉਂਦਾ, ਪਲੋਸਦਾ। ਜਦੋਂ ਉਹ ਲਿਸ਼ਕਦੇ, ਮੁਸਕਰਾਉਂਦੇ ਤਾਂ ਹਿੱਕ ਨਾਲ ਲਾ ਕੇ ਪੁੱਚੀਆਂ ਕਰਦਾ।

ਖ਼ੈਰ!...ਏਧਰ ਮੈਂ ਕਰਨਾਟਕ ਦੀ ਪਟੜੀ ਪਿਆ ਨੀ ਕਿ ਬਾਪੂ ਨੇ ਆਪਣਾ ਟਿਕਾਣਾ ਪਟਿਆਲਿਓਂ ਪੱਟ ਦੇਹਰਾਦੂਨ ਡਾਹ ਲਿਆ। ਉਹਦੇ ਮੁਤਾਬਕ ਫਰਨੀਚਰ ਧੰਦਾ ਮਾ ਮੰਦਾ ਪੰਜਾਬ ਦੇ ਅਤੰਕਵਾਦੀਆਂ ਕਰਕੇ ਸੀ। ਕੇਵਲ ਅਤੰਕਵਾਦ ਕਰਕੇ? ਮੈਂ ਸੋਚਿਆ ਤਾਂ ਫੇਰ ਉਹ ਪੁਰਾਣੀ ਕਸਟਮਰ ਬੈਂਕ ਵਿਚ ਕੰਮ ਕਰਦੀ ਆਂਟੀ ਦੇ ਹਸਬੈਂਡ ਨੇ ਕਿਉਂ ਥੱਪੜ ਮਾਰਿਆ ਸੀ। ਦੋਸਤਾਂ ਨਾਲ ਘੁੰਮਣ ਜਾਣਾ, ਦਾਰੂ ਪੀਣੀ, ਦੁਕਾਨ ਕਈ ਵਾਰਾਂ ਪੂਰੀ ਦਿਹਾੜੀ ਨਾ ਜਾਣਾ, ਸ਼ਾਇਦ ਇਹਨਾਂ ਦਾ ਵੀ ਕੋਈ ਅਸਰ ਹੋਵੇ!

ਪਰ ਮੈਂ ਹੌਲੀ ਸਹਿਜੇ...ਹੈਂ!...ਪੜ੍ਹਾਈ ਕਰਦਾ ਰਿਹਾ ਮਨ ਮਾਰ ਕੇ। ਗੈਲ ਗੈਲ ਆਪਣੀ ਹਾਬੀ ਜਰੀਏ ਰੂਹ ਨੂੰ ਵੀ ਚੋਗਾ ਚੁਗਾਉਂਦਾ ਰਹਿੰਦਾ। ਆਖ਼ਰ ਨੂੰ ਇੰਜਨੀਅਰਿੰਗ ਸਾਲੀ ਦਾ ਦੀ ਏਨਡ ਕਰ ਹੀ ਦਿੱਤਾ...ਹੈਂ!...ਸਾਲ ਭਾਵੇਂ ਵੱਧ ਲਾਏ।

ਦੇਹਰਾਦੂਨ ਪਹੁੰਚ ਕੇ ਦੇਖਿਆ ਤਾਂ ਸਾਡਾ ਮਲੀਆਮੇਟ ਹੋਇਆ ਪਿਆ ਤੀ। ਤਦ ਨਾ ਉੱਤਰਾਖੰਡ ਹੌਂਦ ਮਾ ਤੀ ਤੇ ਨਾ ਵਰਤਮਾਨ ਵਾਂਗ ਦੇਹਰਾਦੂਨ ਉਹਦੀ ਰਾਜਧਾਨੀ? ਪਹਾੜਾਂ ਦੇ ਪੈਰਾਂ ਵਿਚ ਵਸਿਆ ਇਹ ਵਿੱਦਿਅਕ ਤੇ ਰਿਸਰਚ ਕੇਂਦਰ ਕਾਰੋਬਾਰੀ ਥਾਂ ਤੀਗਾ ਨੀ। ਪਰ ਬਾਪੂ ਨੂੰ ਤਾਂ ਵੀ ਪਸੰਦ ਸੀ, "ਇਹਨਾਂ ਲੋਕਾਂ ਨੂੰ ਬੋਲਣ ਦੀ ਤਮੀਜ਼ ਐ...ਜਨਾਨੀਆਂ ਨੂੰ ਸ਼ਰਮ ਹਯਾ ਹੈ। ਗੱਲ ਸੁਣਦੀਆਂ ਨੇ, ਸਮਝਦੀਆਂ ਨੇ, ਮਰਦਾਂ ਨਾਲ ਜਬਾਨ ਨਹੀ ਲੜਾਉਂਦੀਆਂ।"

ਫ਼ਲਸਰੂਪ, ਬਾਪੂ ਦੇ ਜੋੜ ਘਟਾਓ ਨੇ ਦੱਸਿਆ ਕਿ ਉਹਦੇ ਲਵੇ ਜੀਵਨ ਦੀ ਸ਼ਤਰੰਜ ਦਾ ਇਕੋ-ਇਕ ਇਕਲੌਤਾ...ਸਾਮਾ ਮੋਹਰਾ ਬਚਿਆ। ਪਰ ਮਾਯੂਸ ਹੋਣ ਦੀ ਬਜਾਏ ਬਾਪ ਉਹਦੇ ਦਾਰੋਮਦਾਰ ਤੇ ਜ਼ਿੰਦਗੀ ਚਲਾਉਣੀ, ਹੱਟ ਰੋੜ੍ਹਨਾ ਨਹੀ, ਬਲਕਿ ਸ਼ੋਅ ਰੂਮ ਖੋਲ੍ਹਣਾ ਚਾਹੁੰਦਾ ਤੀ। ਤਾਂਹਿਓਂ ਇਸ (ਛਾਤੀ ਉੱਤੇ ਉਂਗਲਾਂ ਨਾਲ ਦਸਤਕ ਦਿੰਦਾ) ਮੋਹਰੇ ਨਾਲ ਉਹਨੇ ਇਕੋ ਹੱਥ ਦੋ ਪਾਸੇ ਸਿੱਟੇ...ਦੁਲਹ ਬਾਜ਼ਾਰ ਦੀ ਸੁਸਤ ਜਿਹੀ ਦੁਕਾਨ ਵਿਚ ਬੜੀ ਚੁਸਤੀ ਨਾਲ ਮੇਰਾ ਸੌਦਾ ਕਰ ਦਿੱਤਾ। ਨਾਲੇ, ਡੁਬਈ ਦੇ ਕਸਾਈਆਂ ਦੇ ਸਪੁਰਦ ਕਰ ਦਿੱਤਾ।

ਮੈਨੂੰ ਦੋਨੋਂ ਸੌਦੇ ਉੱਕਾ ਕਬੂਲ ਨੀ ਤੀ...ਹੈਂ!...ਪਰ ਮੈਂ ਕੁਸਕ ਨਾ ਸਕਿਆ।

ਸਕੂਲ ਕਾਲਿਜ ਵੇਲ਼ੇ ਪ੍ਰੇਮ, ਮੁਹੱਬਤ ਦੀਆਂ ਖੁਮਾਰੀਆਂ ਚੜ੍ਹੀਆਂ,ਪਰੰਤੂ ਉਹਨਾਂ ਦੀ ਲੋਰ ਵਿਚ ਅੰਬਰੀਂ ਉਡਾਰੀਆਂ ਨਹੀ ਲਾਈਆਂ। ਆਬੋਦਾਣੇ ਦੀ ਚਿੰਤਾ ਮਾ ਘਿਰੇ ਨੇ ਖਿਲਰੀਆਂ ਖੁਰਾਕਾਂ ਨੂੰ ਮੂੰਹ ਨੀ ਮਾਰਿਆ।

ਖਾਬਾਂ ਦੀ ਹੱਟੀ ਸਿਰਜ ਕੇ ਸਾਲਾਂ-ਬੱਧੀ ਮੈਂ ਆਪਣੀਆਂ ਉਮੰਗਾਂ, ਹਸਰਤਾਂ ਉਹਦੇ ਵਿਚ ਟੰਗੀ ਗਿਆ। ਆਸ ਨਹੀਂ, ਸਗੋਂ ਯਕੀਨ ਸੀ...ਹੈਂ...ਵਿਆਹ ਵਾਲੇ ਦਿਨ ਰੱਬ ਐਸੀ ਮਿਲਾਏਗਾ ਜੋੜੀਦਾਰ, ਇਕ ਐਸੀ ਸਾਥਨ ਦੇਵੇਗਾ, ਜਿਹਦੀ ਸਾਂਝੇਦਾਰੀ ਨਾਲ ਇਸ ਅਨਮੋਲ ਖ਼ਜ਼ਾਨਾ ਤੋਂ ਸ਼ਟਰ ਚੱਕਾਂਗਾ।

ਪਰ...ਪਰ...ਪਰ...

*ਯੇ ਨਾ ਥੀ ਹਮਾਰੀ ਕਿਸਮਤ ਕਿ ਵਿਸਾਲੇ-ਯਾਰ ਹੋਤਾ...ਹੈਂ...*

*ਅਗਰ ਔਰ ਜੀਤੇ ਰਹਤੇ ਯਹੀ ਇੰਤਜ਼ਾਰ ਹੋਤਾ*

ਇਕ ਲੋਕਲ ਪਲੰਬਿੰਗ ਕੰਪਨੀ ਵਿਚ ਦੇਹਰਾਦੂਨ ਪਹੁੰਚਦੇ ਹੀ ਮੈਨੂੰ ਜੋਬ ਮਿਲ ਗਈ ਤੀ। ਚਾਰ ਵਰ੍ਹੇ ਕੰਮ ਕਰਦੇ ਨੂੰ ਹੋ ਨਿਬੜੇ ਤੀ ਜਦ ਮੇਰਾ ਅਤੇ ਵੀਭਾ ਦਾ ਵਿਆਹ ਹੋਇਆ। ਉਹਤੋਂ ਗਿਣਤੀ ਦੇ ਰੋਜ਼ਾਂ ਬਾਅਦ ਮੈਂ ਡੁਬਈ ਟੁਰ ਗਿਆ।

ਵੀਭਾ ਦੇ ਪਰਵੇਸ਼ ਹੁੰਦੇ ਹੀ...ਹੈਂ!...ਬਾਪੂ ਤਾਂ ਉਹਦੀ ਭਗਤੀ ਮਾ ਜੁੱਟ ਗਿਆ। "ਦੇਵੀ, ਨਿਰੀ ਲਕਸ਼ਮੀ" ਜਪਦਾ ਉਹਦੀ ਪਰਕਰਮਾ ਕਰਦਾ ਰਹਿੰਦਾ। ਉਹਦੀ ਉਪਮਾ ਵਿਚ ਘਰ ਬਾਹਰ ਉਹਦੇ ਨਾਂ ਦੀ ਮਾਲਾ ਜਪਦਾ, "ਦੇਖੋ ਤਾਂ ਬਹੂ ਦੇਵੀ ਦੇ ਕਮਲ ਕੋਮਲ ਚਰਣ ਪੈਂਦੇ ਹੀ ਬੇਟੇ ਦੀ ਫਾਰਨ ਮਾ ਜਾਬ ਲੱਗ ਗਈ।"

ਯੂਪੀ ਦੇ ਜ਼ਿਲ੍ਹਾ ਇਟਾਬਾ ਦੇ ਬੁੜਬੁੜ ਕਸਬੇ ਦੀ ਜੰਮ-ਪਲ ਹੈ ਵੀਭਾ ਜਿਹਦੇ ਮਹਿਨੇ ਦੀਪਤੀ, ਰੋਸ਼ਨੀ, ਚਮਕ ਹੁੰਦਾ ਹੈ, ਬੱਟ ਇਨ ਰਿਆਲਟੀ ਹੈ ਕੁੱਲ ਮਿਲਾ ਕੇ ਹਨੇਰਾ ਹੀ, ਸੁੱਧੀ ਕਾਲਖ। ਖੁਸ਼ਨਸੀਬ ਹੈਂ ਤੂੰ ਕਦੇ ਮਿਲਿਆ ਨੀ...ਹੈਂ!...ਹਰ ਵੇਲੇ ਏਹੀ ਫ਼ਤੂਰ ਚੜ੍ਹਿਆ ਰਹਿੰਦਾ ਕਿ "ਨਾਰੀ ਕੋ ਮਰਦ ਕੇ ਬਰਾਬਰ ਬੋਲਣਾ ਉਸ ਕੀ ਤੌਹੀਨ ਹੈ, ਕਿਉਂਕਿ ਬੋ ਮਰਦ ਸੇ ਕੋਸੋਂ ਆਗੇ ਹੈ।"

ਉਹਦੇ ਮੁਤਾਬਿਕ ਕੰਪਨੀ ਨੂੰ ਇਸ ਮੁਕਾਮ 'ਤੇ ਉਹ ਲਿਆਈ ਹੈ। ਤਰਕ, ਜੇ ਮੈਂ ਇਹ ਕਰਨ ਜੋਗਾ ਹੁੰਦਾ ਤਾਂ ਵਿਆਹ ਤੋਂ ਪਹਿਲਾਂ ਨਾ ਕਰ ਲੈਂਦਾ!

ਬੱਸ ਆਪਨੇ ਸੁੱਖ ਲਈ ਪੈਸੇ ਬਟੋਰਨ ਖਾਤਿਰ ਬਾਪੂ ਨੇ ਮੈਨੂੰ ਨਰਕ ਅੰਦਰ ਗੇਰ ਤਾ। ਤੂੰ ਹੀ ਦੱਸ ਭਲਾ ਮੈਂ ਕੀ ਬੋਲਦਾ ਉਸ ਵੇਲੇ ਦੇ ਹਲਾਤਾਂ ਵਿਚ ਮਹਾਜਨਾਂ ਦਾ ਇਕਲੌਤਾ ਮੁੰਡਾ? ਪਰਿਵਾਰ ਦਾ ਕੱਲਾ-ਕਾਰਾ ਬੱਚਾ!

ਅੱਛਾ, ਬਚਿਆ ਬਾਪ ਆਪ ਵੀ ਇਸ ਨਰਕੀ ਹੋਈ ਤੋਂ ਕੋ ਨਹੀਂ।

ਵਿਆਹ ਤੋਂ ਬਾਅਦ ਮੇਰੀ ਡੁਬਈ ਸਫਾਰੀ ਵਕਤ ਵੀਭਾ ਦੇ ਕੀਰਨਿਆਂ ਨੇ ਸਾਰੇ ਘਰ ਨੂੰ ਕਲੇਸ ਮਾ ਜਕੜ ਲਿਆ। ਕਹਿੰਦੀ, "ਬੋਲ ਦੇਤੀ ਹੂੰ...ਅਗਰ ਜਾਏਂਗਾ ਤੋ ਹਮ ਦੋਨੋ ਸਾਥ ਜਾਏਂਗੇ, ਨਹੀਂ ਤੋ ਜੇ ਹਿਲੇਗਾ ਨਹੀਂ ਜਹਾਂ ਸੇ...ਔਰ ਅਗਰ ਹਿਲਾ ਤੋ ਤੁਮ ਪੰਜਾਬੀਓ ਕੋ ਮੈਂ ਦਿਖਾਉਂਗੀ ਅਸਲ ਮੇਂ ਕੈਸੇ ਕਿਸੀ ਕੀ ਮਾਂ-ਭੈਣ ਏਕ ਕੀ ਜਾਤੀ ਹੈ।"

ਬਾਪੂ ਇਸ ਚੰਡੀ ਦੀ ਠੰਢੀ ਲਈ ਉਹਦੀ ਆਰਤੀ ਲਾਹੁੰਦਾ ਰਹਿੰਦਾ। ਵੀਭਾ ਸਾਹਮਣਿਓਂ ਲਾਵਾ ਉਗਲਦੀ ਰਹੀ, "ਤੁਮੇ ਯੇ ਕਿਉਂ ਨਹੀਂ ਪਤਾ ਪੜ ਰਹਾ! ਮੈਂ ਇਸ ਕੀ ਪਤਨੀ ਹੂੰ, ਤੁਮਾਰੀ ਦਾਸੀ ਨਹੀਂ।"

ਵੀਭਾ ਦੀ ਇਹ ਗਰਮੀ ਦੇਖ ਕੇ ਬਾਪੂ ਨੂੰ ਟੱਟੀਆਂ ਲੱਗ ਗਈਆਂ।

ਆਖ਼ਰਕਾਰ ਬਾਪੂ ਆਪਣਾ ਕੁੜਮ ਲੈ ਆਇਆ। ਉਹਨੇ ਜਦੋਂ ਵੀਭਾ ਨੂੰ ਬੋਲਦੇ ਦੇਖਿਆ ਤਾਂ ਸਦਮੇ 'ਚ ਆ ਗਿਆ। ਜਿਵੇਂ ਧੋਬੀ ਬੇਗਾਨੇ ਕੱਪੜੇ ਪਟਕਦਾ, ਸਸੁਰ ਮੇਰਾ ਆਪਣੀ ਬੇਟੀ ਫੜਕਾਉਣ ਲੱਗ ਪਿਆ, "ਤੇਰੇ ਕੋ ਇਸ ਦਿਨ ਔਰ ਵਿਵਹਾਰ ਕੇ ਲੀਏ ਵਿਆਹ ਕੇ ਭੇਜਾ ਥਾ? ਚਲ ਗੁਪਤਾ ਜੀ ਕੇ ਦੋਨੋਂ ਪਾਉਂ ਪਕੜ ਕਰ ਮਾਥਾ ਟੇਕ ਔਰ ਸ਼ਮਾ ਮਾਂਗ...ਯੇ ਬਾਤ ਕਾਨ ਖੋਲ੍ਹ ਕੇ ਸੁਣ ਲੈ...ਆਜ ਜ਼ਿੰਦਾ ਛੋੜ ਵੀ ਰਿਹਾ ਹੂੰ ਗੁਪਤਾ ਜੀ ਕੇ ਕਹਿਣੇ ਪੇ, ਮਗਰ ਅਗਲੀ ਵਾਰ ਨਹੀ, ਤੂੰ ਮੁਝੇ ਜਾਣਤੀ ਤੋ ਹੈ ਹੀ। ਤੇਰੀ ਬੜੀ ਛੇ ਭੈਣੋਂ ਕੀ ਤੋ ਆਜ ਤਕ ਨਾ ਸ਼ਿਕਾਇਤ ਆਈ!"

ਹੁਣ ਵੀਭਾ ਨੇ ਮੈਨੂੰ ਜਾਣ ਦੀ ਆਗਿਆ ਇਸ ਨੌਬਤ ਤੇ ਦੇ ਦਿੱਤੀ ਕਿ ਬਿਦ ਇਨ ਥਰੀ ਮੰਥਸ ਮੈਂ ਉਹਨੂੰ ਬੁਲਾਉਣ ਦਾ ਬੰਦੋਬਸਤ ਕਰੂੰਗਾ। ਅੱਛਾ...ਉਹ ਹੋ ਨਹੀਂ ਸਕਦਾ ਤੀ...ਹੈਂ!...ਤੇ ਪਤਾ ਵੀ ਸਭ ਨੂੰ ਤੀ। ਚੜ੍ਹਦੇ ਛੇਵੇਂ ਮਹੀਨੇ "ਦੇਵੀ, ਨਿਰੀ ਲਕਸ਼ਮੀ" ਨੇ ਦਹੇਜ ਲਈ ਤੰਗ-ਪ੍ਰੇਸ਼ਾਨ ਕਰਨ ਦਾ ਪਰਚਾ ਦੇਕੇ ਬਾਪੂ-ਮਾਤਾ ਅੰਦਰ ਕਰਾਤੇ। ਅੰਦਰ ਲਾਲ ਟੋਪੀ ਨੇ ਬਾਪੂ ਖਾਸਾ ਫੈਂਟਿਆ। ਇਸ ਖ਼ਿਦਮਤ ਦੌਰਾਨ ਇਸਕੀ ਤਸ਼ਰੀਫ ਬਾਪੂ ਤੋਂ ਕਈ ਦਿਨ ਕਿਤੇ ਟਕਾਈ ਨਹੀ ਜਾਂਦੀ ਤੀ। ਇਕ ਅਰਸਾ ਡਬਲ ਰੋਟੀਆਂ ਬਿਸਤਰ ਤੇ ਪਰੋਸ ਕੇ ਨਹੀ, ਛੱਤ ਵੱਲ ਦਿਖਾ ਕੇ ਸੌਂਦਾ ਰਿਹਾ।

ਇਸ ਘੜਮੱਸ ਮਾ ਮੈਂ ਬੇਵੱਸ ਕੀ ਕਰਦਾ? ਬਰੰਗ ਆ ਜਾਂਦਾ...ਸੋ ਆ ਗਿਆ। ਮੇਰੀ ਖੁਸ਼ਆਮਦੀਦ ਮਾ ਮੇਰੀ ਜੀਵਨ ਸਾਥਣ ਦੇ ਸਵਾਗਤੀ ਛੰਦ ਪਤਾ ਕੀ ਸਨ? "ਚੂਤੀਏ, ਤੇਰੇ ਕੋ ਬੀ ਅੰਦਰ ਠੋਕਤੀ ਹੂੰ?" ਮੈਂ ਸਕਪਕਾਇਆ ਸੋਚੀਂ ਪੈ ਗਿਆ ਇਹ ਫੂਲਣ ਦੇਵੀ ਜਾਂ ਉਹਦੇ ਗਿਰੋਹ ਦੀ

ਤਾਂ ਨਹੀ!

ਮਸੀਂ ਪੈਰ ਫੜ ਕੇ, ਲੱਤਾਂ ਘੁੱਟ ਕੇ, ਥੋਕ 'ਚ ਲੋਲੋ-ਪੋਚੋ ਕਰਕੇ ਜਾਨ ਬਚੀ। ਜਾਨ ਬਚਾ ਕੇ ਲਾਖੋਂ ਪਾਇਆ ਤਾਂ ਨਹੀ, ਬਚਾਇਆ ਜ਼ਰੂਰ। ਮੇਰੀ ਜ਼ਮਾਨਤ ਲਈ ਕਿਸੇ ਚਾਚੇ ਫੁੱਫੜ ਮੋਹਰੇ ਹੱਥ ਅੱਡਨੋਂ ਬਚ ਗਏ। ਕਿਉਂਕਿ ਦਾਜ ਆਲੀ ਨਗਦੀ ਵਿਚੋਂ ਕੁਛ ਦਾ ਮਾਮਿਆਂ ਨੂੰ ਭੋਗ ਲਵਾ ਤਾ...ਹੈਂ...ਤੇ ਬਾਕੀ ਵੀਭਾ ਨੇ ਆਪਣੇ ਪੇਕੇ ਮੋਰਚਾ ਫ਼ਤਿਹ ਕੀਤੇ ਦੀ ਸਲਾਮੀ ਬਣਾ ਭੇਜ ਛੱਡਿਆ।

ਸਿਲਾ ਵਜੋਂ ਬਾਪੂ ਵੀਭਾ ਨਾਲ ਨੀ ਮੇਰੇ ਨਾਲ ਖ਼ਫਾ ਸੀ। ਅਖੇ ਨੋਟਾਂ ਦੇ ਭਰੇ ਖੂਹ ਛੱਡ ਕੇ ਕਿਉਂ ਪਰਤਿਆ?

ਹਵਾਲਾਤੋਂ ਨਿਕਲੇ ਨਮੋਸ਼ੀ ਵਿਚ ਗੱਡੇ ਮਾ-ਬਾਪ ਫ਼ੌਰਨ ਨਾਨਕੇ ਮੁਲਾਂਪੁਰ ਕੂਚ ਕਰ ਗਏ। ਬਾਪੂ ਨੂੰ ਗੜ੍ਹਵਾਲੀ ਠਾਣੇਦਾਰ ਨੇ ਵੀ ਬਹੁਤ ਡਰਾਤਾ ਸੀ।

ਜਿਹੜੇ ਚਾਰ ਪੈਸੇ ਮੈਂ ਨਾਲ ਲਿਆਇਆ ਤੀ ਉਹਨਾਂ ਗੈਲ ਨਿੱਕੀ ਜਿਹੀ ਪਲੰਬਿੰਗ ਦੀ ਠੇਕੇਦਾਰੀ ਤੋਰ ਲਈ। ਮੋਹਰਲੇ ਸਾਲ ਬਰਕਤ ਬੈਠਣ ਲੱਗ ਪਈ।

ਵਧਦੀ ਸਫਲਤਾ ਨੇ ਮੈਨੂੰ ਬਿਜ਼ੀ ਕਰ ਤਾ, ਪੈਸੇ ਦੀ ਕਿੱਲਤ ਦਫ਼ਾ ਕਰਤੀ, ਅਤੇ ਤਿੰਨ ਬੇਟੀਆਂ ਦੀ ਆਮਦ ਬਣਾ ਤੀ। ਬੜੀਆਂ ਦੀ ਦੇਹਰਾਦੂਨ ਦੀ ਤੇ ਨਿੱਕੀ ਦੀ ਐਥੇ ਬੰਗਲੂਰੂ ਦੀ ਪੈਦਾਇਸ਼ ਹੈ। ਜਦੋਂ ਵੀਭਾ ਤੀਜੀ ਵਾਰ ਢਿੱਡੋਂ ਹੋਈ ਤਾਂ ਮੈਂ ਡਿਲੀਵਰੀ ਤੋਂ ਚੰਦ ਹਫ਼ਤੇ ਪਹਿਲਾਂ ਮਾਤਾ ਨੂੰ ਮੁਲਾਂਪੁਰ ਤੋਂ ਬੁਲਾਇਆ। ਸਬਜ਼ੀ ਨਾਲ ਧਨੀਏ ਵਾਂਗ ਬਾਪੂ ਵੀ ਆ ਗਿਆ।

ਬੰਗਲੂਰੂ ਦੇਹਰਾਦੂਨ ਨਾਲੋਂ ਵੱਖਰਾ ਵੀ ਤੀ ਤੇ ਵੱਡਾ ਵੀ। ਪਰ ਦੋ ਕੁ ਸਾਲਾਂ ਵਿਚ ਐਥੇ ਵੀ ਨਾਂ ਨਿਖਰ ਗਿਆ। ਮੇਰੀਆਂ ਬਣੌਤਾਂ ...ਹੈਂ...ਉਸ ਕੋਰੀ ਕੰਨਯਾ ਵਾਂਕਣ ਹੁੰਦੀਆਂ ਨੇ ਜਿਹੜੀ ਕਲੀਆਂ ਵਾਲੀ ਨਜ਼ਾਕਤ ਮਾ ਮਾਂ ਦੀ ਦ੍ਰਿੜਤਾ ਨੂੰ ਮਹਿਕਾਵੇ।

ਹੋਣ ਇਹ ਲੱਗ ਪਿਆ ਕਿ ਜਿੱਥੇ ਵੀ ਕੰਪਨੀ ਨੂੰ ਪਰੋਜੈਕਟ ਮਿਲਦਾ ਤੀ, ਉਹੋ ਹੀ ਸਾਡਾ ਰਹਿਣ ਵਸੇਰਾ ਬਣਦਾ ਰਿਹਾ। ਐਟ ਲਾਸਟ ਬੈਂਗਲੂਰੂ ਪੱਕਾ ਅੱਡਾ ਬਣ ਗਿਆ। ਪਿੱਛਲੇ ਅਠਾਰਾਂ ਸਾਲ ਤੋਂ ਹਾਂ ਐਥੇ। ਸੋਫਟਵੇਅਰ ਦਾ ਕੰਮ ਐਥੇ ਹੈਜ਼ੇ ਦੀ ਤਰ੍ਹਾਂ ਫੈਲਿਆ...ਹੈਂ!...ਜਿਸ ਕਰਕੇ ਕਨਸਟਰੱਕਸ਼ਨ ਕੋਵਿਡ ਦੀ ਤਰ੍ਹਾਂ।

ਜਦੋਂ ਕੰਮ ਦੇ ਪਰਤਾਪ ਦੇ ਗੈਲੋ ਗੈਲ ਮੇਰਾ ਨਾਮ, ਹੈਸੀਅਤ ਵੀ ਉਭਰ ਕੇ ਲਿਸ਼ਕਣ ਲੱਗ ਪਏ ਤਾਂ ਵੀਭਾ ਨੇ ਇਸ ਚਮਕ ਨੂੰ ਆਪਣਾ ਅਸਲਾ ਬਣਾ ਲਿਆ। ਇਹਨੂੰ ਮੇਰੇ ਉੱਤੇ ਆਪਣਾ ਕੰਟਰੋਲ ਵਧਾਉਣ ਲਈ ਇਸਤੇਮਾਲ ਕਰਣ ਲੱਗ ਪਈ। ਮੈਂ ਤੇ ਮੇਰੇ ਮਾਪੇ ਜਿੰਨਾ ਖਿਲਾਰੇ ਤੋਂ ਟਲਦੇ ਰਹੇ...ਹੈਂ..."ਘਰ ਲੜਾਈ, ਜੱਗ ਹਸਾਈ" ਮੁਤਾਬਕ, ਵੀਭਾ ਉਹਦੇ ਉਲਟ, ਉਨਾਂ ਹੀ ਖਿਲਾਰਾ ਪਾ ਕੇ, ਘਰ ਦੀ ਢਕੀ ਚੌਹੀਂ ਪਾਸੇ ਛੱਜ 'ਚ ਛੱਟ ਕੇ ਸਾਡੇ 'ਤੇ ਹਾਵੀ ਹੁੰਦੀ ਗਈ।

ਮੈਂ "ਐਕਮੇ ਗੁਪਤਾ ਕਨਸਟਰੱਕਸ਼ਨਸ ਐਂਡ ਫਰਨਿਸ਼ਿੰਗਸ" ਦੇ ਫੈਲਦੇ ਪਦ-ਚਿੰਨ੍ਹਾਂ ਮਾ ਵਧੇਰੇ ਲੀਨ ਰਹਿਣ ਲੱਗ ਪਿਆ। "ਐਨਾ ਸਾਫ਼ ਅਤੇ ਸਵੱਛ...ਕੰਮ ਕਰਾ ਕੇ ਮੰਨੋਂਗੇ ਸੱਚ" ਨੂੰ ਅਮਲੀ ਜਾਮੇ ਮਾ ਸਜਾਉਣਾ ਮੇਰੇ ਜੀਵਨ, ਮੇਰੀ ਹੋਂਦ ਦਾ ਮਾਤਰ ਇਕ ਮਕਸਦ ਰਹਿ ਗਿਆ ਤੀ। ਇਹਨੂੰ ਅੰਜਾਮ ਮੁਹੱਈਆ ਕਰਾਉਣ ਵਾਸਤੇ ਮੈਂ ਸਟਾਫ ਦੀ ਭਰਤੀ ਜੁਹਰੀ ਵਾਲੀ ਵਿਧੀ ਨਾਲ ਕਰਕੇ ਉਹਨਾਂ ਨੂੰ ਤਨਖ਼ਾਹਾਂ ਜ਼ਿਆਦਾ ਅਤੇ ਪ੍ਰਾਫ਼ਿਟ ਸ਼ੇਅਰਿੰਗ ਦਿੰਦਾ। ਬਦਲੇ 'ਚ ਕੰਮ 'ਚ ਨਾ ਕੋਈ ਢਿੱਲ ਜਾਂ ਅਣਗਹਿਲੀ ਬਰਦਾਸ਼ਤ ਕਰਦਾ ਤੀ। ਉਧਰ ਗਾਹਕਾਂ ਦੇ ਰੇਟਾਂ ਮਾ ਵੀ ਮੇਰਾ ਮਾਰਜਨ ਘੱਟ ਹੁੰਦਾ। ਛੋਟੀ ਟੀਮ, ਕੰਮ ਬਹੁਤਾ, ਇਸ ਲਈ ਮੈਂ ਆਪ ਵੀ ਦਿਨ ਰਾਤ ਰੁਝਿਆ ਰਹਿੰਦਾ ਸੀ।

ਅਕਸਰ ਇੰਝ ਹੁੰਦਾ ਸੀ ਕਿ ਮੈਨੂੰ ਸਵੇਰੇ ਚੇਤੇ ਆਉਣਾ ਕਿ ਲੰਘੀ ਦਿਹਾੜੀ ਤਾਂ ਮੈਂ ਖਾਣਾ ਇਕ ਡੰਗ ਵੀ ਨੀ ਖਾਧਾ। ਇਉਂ ਕਹਿ ਲਾ ਬੰਧੂਆ ਮਜ਼ਦੂਰ ਵਾਂਗ ਕੰਮ ਨੂੰ ਸਮਰਪਿਤ ਸੀ। ਗੱਡੀ ਮਿਹਨਤ ਨੇ ਭਰਪੂਰ ਪੈਸਾ, ਸ਼ੁਹਰਤ ਦੀ ਉਪਜ ਦਿੱਤੀ। ਪਰ ਅਸਲ ਮਾ ਮੇਰੇ ਉਤਸ਼ਾਹ ਦੀ ਵੱਡੀ

ਵਜ੍ਹਾ ਹੈ ਮੇਰੀ ਆਤਮਾ ਦੀ ਤ੍ਰਿਪਤੀ ਜਿਹੜੀ ਆਪਣੀਆਂ ਉਸਾਰੀਆਂ ਅਤੇ ਸੰਵਾਰੀਆਂ ਰਚਨਾਵਾਂ ਨਿਹਾਰ ਕੇ ਮਿਲਦੀ ਹੈ।

ਮੈਂ ਤੇ ਕੰਪਨੀ ਸਫਾਈ ਅਤੇ ਪੰਕਚੂਐਲਿਟੀ ਲਈ ਚੁਗਿਰਦੇ ਚਮਕ ਗਏ। ਤੇਜ਼ੀ ਨਾਲ ਬੇਤਰਤੀਬ ਪਸਰ ਰਹੀ ਇੰਡੀਆ ਦੀ ਸੋਫਟਵੇਅਰ ਰਾਜਧਾਨੀ ਦੀ ਮਾਰਕੀਟ ਮਾ ਸਾਡੀਆਂ ਇਨਾਂ ਦੋਹਾਂ ਸਿਫ਼ਤਾਂ ਦੀ ਸਜਦਿਆਂ ਨਾਲ ਨਵਾਜ਼ਿਸ਼ ਹੋਈ। ਪ੍ਰਿੰਟ ਅਤੇ ਵਿਜ਼ੂਅਲ ਮੀਡਿਆ ਵਿਚ ਮੇਰੀਆਂ ਇੰਟਰਵਿਊਜ਼ ਅਤੇ ਕੰਮ ਦੀ ਤਰਜ਼ ਅਤੇ ਸ਼ੈਲੀ ਦੀਆਂ ਡਾਕਯੂਮੈਂਟਰੀਆਂ ਨਿਰੰਤਰ ਆਣ ਲੱਗ ਪਈਆਂ।

2015 ਅੰਦਰ ਸਟੋਕ ਇਕਸਚੈਂਜ 'ਤੇ ਕੰਪਨੀ ਲਿਸਟ ਕੀਤੀ ਤਾਂ ਸ਼ੇਅਰ ਬੁਲੰਦੀਆਂ ਛੂੰਹਦਾ ਗਿਆ। ਐਸ ਵੇਲੇ ਚੜ੍ਹਾਈ 'ਤੇ ਹੈ ਕਿਉਂਕੀ ਪੀ/ਈ ਅਨੁਪਾਤ ਬਹੁਤ ਥੋੜ੍ਹਾ।

ਪਰ ਜਿਉਂ ਬੰਗਲੂਰੂ ਪਹੁੰਚ ਬਿਜ਼ਨਿਸ ਨੇ ਬੁਲੰਦੀਆਂ ਅੱਲ ਪਰਵਾਜ਼ ਭਰੀ...ਹੈਂ...ਵੀਭਾ ਦਾ ਇਖ਼ਲਾਕ ਕਰੂਪ ਤੋਂ ਖ਼ੌਫ਼ਨਾਕ ਰੰਗ ਧਾਰ ਗਿਆ ਅਤੇ ਮੈਨੂੰ ਡੱਸਣ ਦੇ ਈਹਦੇ ਢੰਗ ਜੰਗਲੀ ਹੋ ਗਏ। ਸ਼ਰਾਬ ਜ਼ਿਆਦਾ ਪੀਣ ਲੱਗ ਪਈ। ਸ਼ਰੇਆਮ ਪੀਣ ਲੱਗ ਪਈ। ਪਹਿਲਾਂ ਤਾਂ ਜ਼ਬਾਨ ਹੀ ਚਲਾਉਂਦੀ ਸੀ, ਫੇਰ ਹੱਥ-ਪੈਰ-ਲੱਤਾਂ ਵੀ ਚਲਾਉਣ ਲੱਗ ਪਈ। ਪਹਿਲਾਂ ਪੀਤੀ ਵਿਚ, ਫੇਰ ਸੂਫੀ ਵੀ।

ਮੈਂ ਬਹੁਤ ਵਾਰੀ ਕੋਸ਼ਿਸ਼ ਕੀਤੀ ਕੋਲ ਬਹਾ ਕੇ ਪੁੱਛਣ ਦੀ, ਜਾਨਣ ਦੀ, "ਦੱਸ ਤਾਂ ਸਹੀ ਤੈਨੂੰ ਚਾਹੀਦਾ ਕੀ ਹੈ...ਹੈਂ...ਕਿਸ ਰੋਗ ਨਾਲ, ਦੁੱਖ ਵਿਚ ਤੂੰ ਐਵੇਂ ਖੱਪ ਰਹੀ ਏਂ ਤੇ ਮੈਨੂੰ ਤੜਫਾ ਰਹੀ ਹੈਂ?" ਪਰ ਜਵਾਬ ਮਾ ਏਹੀ ਕਹਿੰਦੀ ਆ, "ਤੇਰੇ ਕੋ ਦਿਖਤਾ ਨਹੀ, ਪਾਗਲ ਹੈ? ...ਤੇਰੇ ਪਿਛਵਾੜੇ ਮੇਂ ਦਮ ਹੋਤਾ ਨਾ...ਪਹਿਲੇ ਦਿਨ ਸੇ ਮੇਰਾ ਧਿਆਨ ਰਖਤਾ ਤੋ ਦੋਨੋਂ ਕੀ ਜ਼ਿੰਦਗੀਆਂ ਔਰ ਹੋਤੀ।"

ਮੈਨੂੰ ਮਾਰਦੀ ਕੁੱਟਦੀ ਕੰਪਨੀ ਦਾ ਕੰਟਰੋਲ ਲੈਣ ਲਈ ਵੀ ਤੀ। ਮੈਂ ਉਸ ਸਮੇਂ ਉਹਦੇ ਲਈ ਮੰਨ ਨਹੀਂ ਰਿਹਾ ਸੀ...ਹੈਂ...ਜਦਕਿ ਹਰ ਹਫਤੇ-ਦਸਾਂ ਦਿਨਾਂ ਬਾਅਦ ਲੱਖਾਂ ਰੁਪਏ ਪੇਕੇ ਭੇਜਦੀ ਤੀ।

ਹੁਣ ਤਾਂ ਕਈ ਵਾਰੀ ਦਿਨੇ ਪੀ ਕੇ ਕਿਸੇ ਕਨਸਟਰੱਕਸ਼ਨ ਸਾਈਟ 'ਤੇ ਪਹੁੰਚ ਜਾਂਦੀ ਹੈ। ਜੇ ਮੈਂ ਕਿਸੇ ਉਤਲੀ ਅੱਠਵੀਂ ਦਸਵੀਂ ਮੰਜ਼ਿਲ 'ਤੇ ਮਗਨ ਹੋਵਾਂ ਤਾਂ ਉੱਥੇ ਪ੍ਰਗਟ ਹੋ ਜਾਂਦੀ ਹੈ। ਅੰਟ-ਸ਼ੰਟ ਬੋਲਦੀ ਹੈ। ਸਾਰਿਆਂ ਸਾਹਮਣੇ ਮੇਰੀ ਲਾਹ-ਪਾਹ ਕਰਦੀ ਹੈ। ਕੋਈ ਡੰਡਾ ਪਾਈਪ ਹੱਥ ਲੱਗ ਜਾਏ...ਹੈਂ!...ਤਾਂ ਉਹਦੇ ਨਾਲ ਮੈਨੂੰ ਮਾਰਦੀ ਰਹਿੰਦੀ ਹੈ ਜਦ ਤਕ ਥੱਕ ਨਾ ਜਾਏ।

ਦੇਸ਼ ਦੀ ਸਾਰੀ ਕਨਸਟਰੱਕਸ਼ਨ ਇੰਡਸਟਰੀ ਮੂੰਹ ਮੋਹਰੇ ਤਾਂ ਮੈਨੂੰ ਬੱਬਲੂ ਗੁਪਤਾ ਸੱਦਦੀ ਹੈ ਪਰ ਪਿੱਠ ਪਿੱਛੇ "ਪਪਲੂ ਕੁੱਤਾ" ਆਖਦੀ ਆ।

ਕੇਰਾਂ ਮੇਰੀ ਮਾਤਾ ਘਰ ਆਈ ਆਪਦੀ ਸਹੇਲੀ ਲਵੇ ਸਹਿਜ ਸੁਭਾਏ ਕਹਿ ਬੈਠੀ, "ਹਾਂ ਕਮਲੇਸ਼, ਜੇ ਕਿਤੇ ਨੂੰਹ ਇਕ ਪੋਤੇ ਦਾ ਮੂੰਹ ਦਿਖਾ ਦਿੰਦੀ ਤਾਂ..." ਮਾਤਾ ਦੀ ਗੱਲ ਹਾਲੇ ਮੂੰਹ 'ਚ ਹੀ ਸੀ ਕਿ...ਹੈਂ...ਫੋਨ ਉੱਤੇ ਗੱਲ ਕਰਦੀ ਵੀਭਾ ਇਹ ਸੁਣ ਕੇ ਖੜੱਪੇ ਸੱਪ ਵਾਂਗ ਫੂੰਕਾਰੇ ਮਾਰਦੀ ਹਾਜ਼ਰ ਹੋ ਗਈ। ਮਾਤਾ ਦੇ ਸਿਰ ਦੇ ਵਾਲ਼ਾਂ ਦਾ ਰੁੱਗ ਭਰ ਕੇ ਕਹਿੰਦੀ, "ਉਸਕੇ ਲੀਏ ਤੂਨੇ ਜਾਨਦਾਰ ਬੇਟਾ ਪੈਦਾ ਕਰਣਾ ਥਾ, ਜੇਹ ਚਲਤੀ-ਫਿਰਤੀ ਲਾਸ਼ ਨਹੀਂ।"

ਹਰ ਪੰਜਾਬੀ ਚੀਜ਼ ਨੂੰ ਨਫਰਤ ਕਰਦੀ ਹੈ। ਉਹਨੇ ਜਾਂ ਕੁੜੀਆਂ ਨੇ ਤਾਂ ਪੰਜਾਬੀ ਕੀ ਬੋਲਣੀ ਹੋਈ, ਸਾਨੂੰ ਵੀ ਹਿੰਦੀ ਹੀ ਬੋਲਣੀ ਪੈਂਦੀ ਹੈ।

ਬਾਪੂ ਤਿੰਨ ਸਾਲ ਪਹਿਲਾਂ ਮੁਕਤ ਹੋ ਗਿਆ। ਨਾਓ...ਅਸੀਂ ਮਾਂ-ਪੁੱਤ ਜਿੱਦਾਂ ਕਹਿੰਦੀ ਹੈ ਕਰੀ ਜਾਈਦਾ...ਹੈਂ!...ਹੱਥ ਹਿਲਾ ਕੇ ਪੁੱਛ ਰਿਹਾਂ ਬਾਪੂ ਨਾਲ ਹੋਇਆ ਕੀ ਸੀ? ਵੈਸੇ ਤਾਂ ਦਾਜ ਵਾਲੇ ਕੇਸ ਦੇ ਦਬਕੇ ਤੋਂ ਡਰਦਾ ਬਾਪੂ ਵੀਭਾ ਕੋਲ ਫਟਕਦਾ ਵੀ ਨੀ ਸੀ ਤੇ ਵੀਭਾ ਵੀ ਉਹਦੀ ਦਸਤੂਰੀ ਲਾਈਫ ਵਿਚ ਕੋਈ ਦਖ਼ਲ ਨਹੀ ਦਿੰਦੀ ਸੀ। ਪਰ ਕੋਵਿਡ ਦੇ ਸ਼ੁਰੂਆਤ ਦੇ ਦਿਨਾਂ ਵਿਚ

ਇਕ ਹਾਦਸਾ ਹੋ ਗਿਆ।

ਉਸ ਦਿਨ ਮੈਂ ਮੁੰਬਈ ਸਟੋਕ ਇਕਸਚੈਂਜ ਸਟਾਕ ਸਪਿਲਟ ਦੇ ਨਿਰਦੇਸ਼ਕ ਮੰਡਲ ਵੱਲੋਂ ਲਏ ਨਿਰਣੈ ਨੂੰ ਐਲਾਨਣ ਪਹੁੰਚਿਆ ਹੋਇਆ ਸੀ ਪੂਰੀ ਟੀਮ ਸਮੇਤ। ਮਾਤਾ ਦਾ ਫੋਨ ਆਇਆ ਤਾਂ ਮੈਨੂੰ ਖ਼ਦਸ਼ਾ ਹੋਇਆ ਕਿਸੇ ਗੜਬੜ ਦਾ।

ਪਤਾ ਲੱਗਾ ਵੀਭਾ ਬਾਪੂ ਨੂੰ ਛੇੜਛਾੜ ਅਤੇ ਬਲਾਤਕਾਰ ਦੀ ਕੋਸ਼ਿਸ਼ ਵਿਚ ਅੰਦਰ ਕਰਵਾ ਚੁੱਕੀ ਹੈ। ਮਸੀਂ ਵੀਭੇ ਦੇ ਪੈਰ ਫੜ...ਹੈਂ...ਮਿੰਨਤਾਂ ਤਰਲੇ ਪਾਏ, ਉਹਦੇ ਮੋਹਰੇ ਘੀਸੀਆਂ ਕੀਤੀਆਂ ਤਾਂ ਜਾ ਕੇ ਬਾਪੂ ਬਾਹਰ ਕੱਢਵਾਇਆ। ਉਹ ਕਹਿੰਦਾ ਕੱਖ ਵੀ ਨਹੀਂ ਹੋਇਆ ਸੀ। ਵੀਭਾ ਕਹਿੰਦੀ ਜਦੋਂ ਤੋਂ ਮੈਂ ਵਿਆਹ ਕੇ ਆਈਂ ਹਾਂ ਇਹ ਲਗਾਤਾਰ ਮੇਰਾ ਰੇਪ ਕਰ ਰਿਹਾ ਪਰ ਹੁਣ ਮੇਰੇ ਤੋਂ ਬਰਦਾਸ਼ਤ ਨਹੀਂ ਹੁੰਦਾ।

ਅਗਲੇ ਮਹੀਨੇ ਬਾਪੂ ਦਾ ਪਟਿਆਲੇ ਤੋਂ ਬਚਪਣ ਦਾ ਗੁਆਂਢੀ ਜੋ ਫੌਜੀ ਅਫਸਰ ਰਿਟਾਇਰ ਹੋਇਆ ਸੀ ਬੰਗਲੂਰੂ ਆਪਣੀ ਬੇਟੀ ਕੋਲ ਆਇਆ ਆਂਟੀ ਨਾਲ ਸਾਡੇ ਘਰ ਆ ਗਿਆ। ਵੀਭਾ ਨੇ ਉਹਨਾਂ ਨੂੰ ਬੁਲਾਇਆ ਤਕ ਨਹੀ ਪਰ ਜਦੋਂ ਉਹਨਾਂ ਨੇ ਵਾਜ ਮਾਰ ਕੇ ਕਿਹਾ, "ਬਹੂ ਏਹ ਸਾਨੂੰ ਮਿਲਣ ਨੀ ਆਉਂਦਾ ਤੇ ਜੇ ਤੂੰ ਵੀ ਘਰ ਆਇਆਂ ਨਾਲ ਨਹੀ ਬੋਲੇਂਗੀ ਤਾਂ..."

"ਕਹਾਂ ਮਿਲੇਗਾ ਯੇਹ ਰੈਪਿਸਟ ਆਪ ਸੇ...ਪਟਿਆਲੇ ਸਰਦਾਰੋਂ ਸੇ ਡਰਤਾ ਨਹੀਂ ਘੁਸਤਾ, ਦੇਹਰਾਦੂਨ ਪੁਲੀਸ ਸੇ ਡਰਤਾ ਨਹੀ ਜਾਤਾ, ਅਬ ਯਹਾਂ ਵੀ ਘਰ ਸੇ ਬਾਹਰ ਮੀਡੀਆ ਔਰ ਲੋਗੋਂ ਸੇ ਡਰਤਾ ਨਹੀਂ ਜਾਤਾ। ਪਤਾ ਹੈ ਨਾ?...ਅੱਛਾ ਪਤਾ ਹੈ! ਤੋ ਯਹਾਂ ਆਪਣੀ ਬੀਬੀ ਕੋ ਇਸ ਸੇ ਲਗਵਾਣੇ ਲਾਇਆ ਕਿਆ? ਚੁੱਪ-ਚਾਪ ਕਲਟੀ ਹੋ ਲੇ ਯਹਾਂ ਸੇ ਨਹੀਂ ਤੋ ਚੱਪਲ ਨਿਕਾਲ ਕੇ ਮਾਰਣਾ ਚਾਲੂ ਕਰੂੰਗੀ ਸਾਲੇ ਹਰਾਮ ਕੇ ਪਿੱਲੇ ਕੋ..."

ਵੀਭਾ ਦਾ ਜਵਾਬ ਐਨਾ ਅਸਰਦਾਰ ਸੀ ਕਿ ਆਂਟੀ-ਅੰਕਲ ਚੁੱਪ-ਚਾਪ ਘਰੋਂ ਨਿਕਲ ਗਏ ਤੇ ਬਾਪੂ ਦੋ ਦਿਨਾਂ ਮਗਰੋਂ ਦਿਲ ਦੇ ਦੌਰੇ ਨਾਲ ਦੁਨੀਆਂ ਤੋਂ।

*****

ਇਹ ਸਭ ਕਬੀਰ ਗੁਪਤਾ, ਮੇਰਾ ਬਚਪਨ ਦਾ ਦੋਸਤ, ਜਿਹਨੂੰ ਅਸੀਂ ਸਾਰੇ ਬੱਬਲੂ ਹੀ ਕਹਿੰਦੇ ਹਾਂ, ਨੇ ਪਿਛਲੇ ਸਾਲ ਸਾਂਝਾ ਕੀਤਾ ਸੀ। ਮੈਂ ਆਪਣੀ ਅਮੈਰੀਕਾ ਦੀ ਸੋਫਟਵੇਅਰ ਕੰਪਨੀ ਦਾ ਇਕ ਕੈਂਪਸ ਇਸ ਸ਼ਤਾਬਦੀ ਦੇ ਅਰੰਭ ਵਿਚ ਬੰਗਲੌਰ ਬਣਾਇਆ ਤਾਂ ਮੇਰੇ ਭਾਰਤ ਦੇ ਚੱਕਰ ਸਾਲ ਵਿਚ ਇਕ ਤੋਂ ਵੱਧ ਲੱਗਣ ਲੱਗ ਪਏ। ਤਕਰੀਬਨ 2005 ਵਿਚ ਇਹਨੇ ਵੀ ਬੰਗਲੌਰ ਆ ਕੇ ਕੰਮ ਸ਼ੁਰੂ ਕਰ ਦਿੱਤਾ।

ਅੱਜ ਤੜਕੇ ਜੀਮੇਲ ਖੋਲ੍ਹੀ ਤਾਂ ਬੱਬਲੂ ਦੇ ਇੰਡੀਆ ਤੋਂ ਭੇਜੇ ਨਯੂਜ਼ ਲਿੰਕ ਪੜ੍ਹੇ:

"ਸ਼ਨਿਚਰਵਾਰ ਮਿਸਜ਼ ਵੀਭਾ ਗੁਪਤਾ ਪੁਰਵਾਰ, ਐਕਮੇ ਗੁਪਤਾ ਕੰਪਨੀ ਦੀ ਸਭ ਤੋਂ ਵੱਡੀ ਸ਼ੇਅਰਹੋਲਡਰ ਅਤੇ ਚੇਅਰਵੂਮੇਨ, ਦਾ ਉਦੋਂ ਬਣਦੀ ਬਿਲਡਿੰਗ ਦੇ ਤੇਰਵੇਂ ਫਲੌਰ ਤੋਂ ਡਿੱਗ ਕੇ ਦੇਹਾਂਤ ਹੋ ਗਿਆ ਜਦੋਂ ਉਹ ਅਪਨੇ ਪਤੀ ਮਿਸਟਰ ਕਬੀਰ "ਬੱਬਲੂ" ਗੁਪਤਾ ਨਾਲ ਉਹਦੀ ਜਾਂਚ ਕਰ ਰਹੇ ਸਨ। ਪੁਲੀਸ ਨੇ ਇਸ ਹਾਦਸੇ ਨੂੰ ਇਕ ਨਾਮੁਰਾਦ ਦੁਰਘਟਨਾ ਘੋਸ਼ਿਤ ਕੀਤਾ ਹੈ। ਸਮਾਜਕ ਖੁਸਰ-ਫੁਸਰ ਮੁਤਾਬਕ ਉਹ ਉੱਥੇ ਆਪਣੀਆਂ ਸਹੇਲੀਆਂ ਨਾਲ ਬਾਰ-ਹੌਪਿੰਗ (ਸ਼ਰਾਬੀ ਹਾਤਿਆਂ ਦੀ ਘੇੜੀ) ਬਾਅਦ ਪਹੁੰਚੇ ਸਨ। ਉਸ ਵੇਲੇ ਦੇ ਮੌਜੂਦਾ ਸਟਾਫ ਅਨੁਸਾਰ ਵੀਭਾ ਕਾਫ਼ੀ ਨਸ਼ੇ ਵਿਚ ਸੀ। ਦੁਰਘਟਨਾ ਉਦੋਂ ਘਟੀ ਜਦੋਂ ਉਹ ਇਕ ਬਣਦੇ ਪੈਂਟਹਾਊਸ ਦੀ ਬਾਲਕੋਨੀ ਦੇ ਫੱਟੇ ਉੱਤੇ ਜਾ ਖਲੋ ਗਏ ਜੋ ਉਹਨਾਂ ਦਾ ਭਾਰ ਨਾ ਝੱਲ ਸਕਿਆ।" 000

***(153 Canal Way, Newark DE 19702 USA***
***Email: charanjeetsinghminhas@gmail.com)***

# ਮੈਂ ਕੈਦ ਨੀਂ ਕੱਟਣੀ: ਕਹਾਣੀ: ਬੂਟਾ ਸਿੰਘ ਚੌਹਾਨ

ਸੀਬੋ ਸਰਪੰਚ ਦੇ ਘਰੇ ਗਈ। ਵਿਹੜੇ 'ਚ ਲੱਗੇ ਨਿੰਮ ਦੀ ਚੌਂਕੜੀ 'ਤੇ ਖ਼ਾਸਾ ਚਿਰ ਬੈਠੀ ਰਹੀ। ਬੰਦੇ ਆਉਂਦੇ। ਅੰਦਰ ਮਿਲ ਕੇ ਬਾਹਰ ਆਈ ਜਾਂਦੇ। ਸੀਬੋ ਨੇ ਦੋ-ਤਿੰਨ ਅੰਦਰ ਜਾਣ ਵਾਲ਼ੇ ਸਿਆਣੂਆਂ ਨੂੰ ਆਪਣੇ ਬਾਰੇ ਦੱਸਿਆ। ਨਾ ਤਾਂ ਉਹਨੂੰ ਅੰਦਰ ਬੁਲਾਇਆ, ਨਾ ਸਰਪੰਚ ਬਾਹਰ ਆਇਆ।

ਡੇਢ-ਦੋ ਘੰਟੇ ਲੰਘੇ। ਉਹ ਉੱਠ ਕੇ ਆਉਣ ਹੀ ਲੱਗੀ ਸੀ ਕਿ ਅੰਦਰੋਂ ਸਰਪੰਚ ਆਇਆ। ਚਿੱਟਾ ਕੁੜਤਾ-ਪਜਾਮਾ। ਸਿਰ 'ਤੇ ਨੀਲੀ ਪੱਗ। ਗਾਤਰਾ ਪਾਇਆ ਹੋਇਆ। ਬੋਲਿਆ, "ਤਾਈ ਕਿਵੇਂ ਆਈ ਐਂ?"

"ਮੈਂ ਤਾਂ ਪੁੱਤ ਏਹੀ ਦੱਸਣ ਆਈ ਸੀ, ਐਤਵਾਰ ਨੂੰ ਕੁੜੀ ਦੇ ਸਹੁਰਿਆਂ ਤੋਂ ਪੰਚਾਇਤ ਆਊ। ਤੂੰ ਵੀ ਆ ਜੀਂ।"

ਸਰਪੰਚ ਅੰਦਰੋ-ਅੰਦਰੀ ਹੱਸਿਆ ਪਰ ਬੋਲਿਆ, "ਤਾਈ ਮੈਂ ਤਾਂ ਘਰੇ ਆ ਕੇ ਕੀ ਕਰੂੰ। ਕਿੱਥੇ ਪੰਚਾਇਤ ਨੂੰ ਬਹਾਏਂਗੀ, ਕਿੱਥੇ ਮੈਨੂੰ। ਐਥੇ ਈ ਆ ਜਾਇਓ ਮੇਰੇ ਕੋਲ਼ੇ।"

ਸੀਬੋ ਨੂੰ ਲੱਗਿਆ, ਜਿਵੇਂ ਸਰਪੰਚ ਨੇ ਚੱਬ ਕੇ ਗੱਲ ਕੀਤੀ ਹੋਵੇ ਤੇ ਉਹਨੇ ਕੈਲੋ ਵਾਲ਼ੀ ਗੱਲ ਦੀ ਰੜਕ ਵੀ ਕੱਢੀ ਹੋਵੇ। ਮਨ 'ਚ ਗ਼ੁੱਸਾ ਆਇਆ ਪਰ ਫੇਰ ਵੀ ਕਿਹਾ, "ਆ ਜੀਂ ਪੁੱਤ, ਜੇ ਆਇਆ ਗਿਆ।"

"ਤਾਈ! ਮੇਰੀ ਗੱਲ ਦਾ ਗ਼ੁੱਸਾ ਨਾ ਕਰੀਂ। ਤੇਰੀ ਕੁੜੀ ਚੱਕਵੀਂ ਐਂ। ਵਿਆਹੀ ਐ ਤਾਂ ਸਹੁਰੀਂ ਵੀ ਜਾਵੇ। ਏਥੇ ਕਾਹਦੇ ਲਈ ਬੈਠੀ ਐ? ਜੇ ਸਿਆਣੀ ਹੁੰਦੀ, ਸਾਡੇ ਦਾੜ੍ਹੀ ਹੱਥ ਨਾ ਪਾਉਂਦੀ। ਮੈਂ ਲੋਕਾਂ ਦੇ ਸੌ ਰੌਲ਼ੇ ਨਿਬੇੜਦਾਂ। ਥੋਡਾ ਨਾ ਮੁਕਾਉਂਦਾ। ਤੂੰ ਇਕ ਦਿਨ ਆਈ ਸੀ। ਮੈਂ ਅਜੇ ਮਹਿੰਦਰ ਨਾਲ਼ ਗੱਲ ਕਰਨ ਦੀ ਸੋਚ ਰਿਹਾ ਸੀ। ਤੁਸੀਂ ਸਰਕਾਰੇ-ਦਰਬਾਰੇ ਜਾ ਚੜ੍ਹੇ। ਫੇਰ ਵੀ ਆਪਾਂ ਪੀੜ੍ਹੀਆਂ ਤੋਂ ਵਰਤਦੇ ਆਉਂਦੇ ਸੀ। ਕੁੱਝ ਤਾਂ ਸੋਚਦੇ। ਜਮਾਂ ਈ ਨੀਂ ਸੋਚਿਆ ਕੁਝ।"

"ਕੋਈ ਨਾ ਪੁੱਤ। ਜਿਹੜੀ ਹੋ ਗੀ, ਉਹਤੇ ਮਿੱਟੀ ਪਾ। ਮੈਨੂੰ ਕਿਹੜਾ ਪੁੱਛਿਆ ਸੀ ਉਹਨੇ। ਧਾਨਕਿਆਂ ਦੇ ਪ੍ਰਧਾਨ ਦੇ ਪਿੱਛੇ ਲੱਗ ਗਈ। ਮੈਨੂੰ ਪਤਾ ਹੁੰਦਾ, ਮੈਂ ਰੋਕ ਲੈਂਦੀ। ਮਾਫ਼ ਕਰ ਪੁੱਤ ਸਾਨੂੰ।" ਸੀਬੋ ਦੇ ਦੋਵੇਂ ਹੱਥ ਜੋੜੇ ਹੋਏ ਸੀ। ਨੀਵੀਂ ਪਾਈ ਹੋਈ।

ਸੀਬੋ ਕੈਲੋ ਤੋਂ ਪੁੱਛ ਕੇ ਨਹੀਂ ਸੀ ਆਈ। ਉਹਨੂੰ ਪੰਚਾਇਤ ਦੇ ਐਤਵਾਰ ਨੂੰ ਆਉਣ ਬਾਰੇ ਪਤਾ ਲੱਗਿਆ ਸੀ। ਉਹ ਤੁਰ ਆਈ ਸੀ। ਕੰਮ ਹੁਣ ਕੋਈ ਹੈ ਨਹੀਂ ਸੀ। ਮਹਿੰਦਰ ਦਾ ਗੋਹਾ-ਕੂੜਾ ਕੈਲੋ ਦੇ ਕਹੇ ਤੋਂ ਉਹਨੇ ਛੱਡ ਦਿੱਤਾ ਸੀ। ਰੋਟੀ-ਟੁੱਕ ਕਰ ਕੇ ਸਾਰਾ ਦਿਨ ਵਿਹਲੀ ਰਹਿੰਦੀ। ਗਰਮੀ ਲੱਗਦੀ। ਕੈਲੋ ਦਾ ਲਿਆਂਦਾ ਪੁਰਾਣਾ ਕੂਲਰ ਛੱਡ ਲੈਂਦੀ। ਠੰਢੀ ਹਵਾ ਨਾਲ਼ ਅੱਖ ਦੀ ਝਮਕ 'ਚ ਹੀ ਨੀਂਦ ਆ ਜਾਂਦੀ।

ਸਰਪੰਚ ਦੇ ਘਰੇ ਦਿਲ ਤਾਂ ਉਹਦਾ ਆਉਣ ਨੂੰ ਕਰਦਾ ਨਹੀਂ ਸੀ ਪਰ ਫੇਰ ਵੀ ਆ ਗਈ ਸੀ। ਸੋਚਿਆ ਸੀ, ਪੰਚਾਇਤ 'ਚ ਸਾਡਾ ਵੀ ਕੋਈ ਗੱਲ ਕਰਨ ਵਾਲ਼ਾ ਹੋਵੇ ਪਰ ਉਹਨੂੰ ਪਤਾ ਨਹੀਂ ਸੀ ਕਿ ਸਰਪੰਚ ਕਿਸ ਦਾ ਹੈ?

ਸਰਪੰਚ ਕੋਲ਼ ਸੰਧੂ ਟਰਾਂਸਪੋਰਟ ਵਾਲ਼ੇ ਦਾ ਫੋਨ ਆ ਗਿਆ ਸੀ। ਉਹਨੇ ਕਿਹਾ ਸੀ, "ਮਿਹਰ ਸਿਆਂ ਕਹਿ-ਕਹਾ ਕੇ ਕੁੜੀ ਤੁਰਵਾਊ। ਛੇ-ਸੱਤ ਮਹੀਨਿਆਂ ਦੀ ਅੜੀ ਬੈਠੀ ਐ ਐਥੇ।"

ਸਰਪੰਚ ਨੇ ਹਾਮੀ ਤਾਂ ਭਰ ਦਿੱਤੀ ਪਰ ਉਹਨੂੰ ਕੈਲੋ 'ਤੇ ਯਕੀਨ ਨਹੀਂ ਸੀ ਕਿ ਉਹ ਅੱਗੋਂ ਕੀ ਬੋਲੇ। ਉਹ ਉਨ੍ਹਾਂ ਦੇ ਵੀ ਗੋਹਾ-ਕੂੜਾ ਕਰਦੀ ਰਹੀ ਸੀ। ਸੁਭਾਅ ਜਾਣਦਾ ਸੀ। ਮਨ 'ਚ ਗ਼ੁੱਸਾ ਵੀ

ਸੀ। ਕੈਲੋ ਨੇ ਉਹਦੇ ਭਾਈ ਮਹਿੰਦਰ ਦੀ ਬੂਥ ਲਵਾ ਦਿੱਤੀ ਸੀ। ਭੱਜਣ ਲਈ ਸਾਰੇ ਰਾਹ ਬੰਦ ਕਰ ਦਿੱਤੇ ਸੀ। ਬਾਲਮੀਕੀਆਂ ਦੇ ਪ੍ਰਧਾਨ ਨੱਥੂ ਰਾਮ ਦੇ ਹੱਥ 'ਚ ਦੋਵੇਂ ਭਾਈਆਂ ਦੀ ਸੰਘੀ ਆ ਗਈ ਸੀ। ਨੱਥੂ ਦੇ ਸੰਘੀ ਨੂੰ ਪਾਏ ਹੱਥਾਂ ਨੂੰ ਢਿੱਲਾ ਕਰਨ ਲਈ ਐੱਮ.ਐੱਲ.ਏ. ਤੇ ਐੱਸ.ਡੀ.ਐੱਮ. ਦੇ ਹੱਥ ਵੀ ਕੰਮ ਨਹੀਂ ਸੀ ਆਏ। ਗੱਲ ਮੁੱਕੇ ਤੋਂ ਪਿੰਡ 'ਚ ਰੇਤੇ ਦੀ ਮੁੱਠੀ ਵਾਂਗ ਖਿੱਲਰ ਗਈ ਸੀ। ਬੋਲ਼ਿਆਂ ਦੇ ਕੰਨਾਂ ਤਕ ਵੀ ਗੱਲ ਜਾ ਚੁੱਕੀ ਸੀ। ਪਿੰਡ 'ਚ ਮਾਣ ਟੁੱਟ ਗਿਆ ਸੀ। ਦੋਵੇਂ ਭਾਈਆਂ ਦੀਆਂ ਚਾਲ਼ੀ-ਚਾਲ਼ੀ ਕਿੱਲੇ ਦੀਆਂ ਢੇਰੀਆਂ ਢੇਰੀ ਹੋ ਗਈਆਂ ਸਨ।

ਸਰਪੰਚ ਦਾ ਪਹਿਲਾਂ ਪਿੱਛੇ ਹਟਣ ਦਾ ਵੀ ਮਨ ਬਣਿਆ ਸੀ ਕਿਉਂਕਿ ਮਹਿੰਦਰ ਨੇ ਉਹਦੀ ਪਿਛਲੀ ਚੋਣ 'ਚ ਖੁੱਲ੍ਹ ਕੇ ਮੱਦਦ ਨਹੀਂ ਸੀ ਕੀਤੀ। ਕਿਸੇ ਗੱਲੋਂ ਉਹ ਮਨੋ-ਮਨੀਂ ਤਿੜਕੇ ਹੋਏ ਸੀ। ਕੈਲੋ ਵਾਲ਼ੀ ਗੱਲ ਵਧੀ ਤਾਂ ਸੋਚਿਆ ਸੀ, ਜੇ ਮੂਹਰੇ ਨਾ ਆਇਆ ਤਾਂ ਮਹਿੰਦਰ ਦਾ ਕੀ ਐ? ਚਾਰ ਦਿਨ ਘਰੇ ਬੈਠਾ ਰਹੂ। ਉਹਨੇ ਗੱਲ ਦਿਲ ਨੂੰ ਵੀ ਨਹੀਂ ਲਾਉਣੀ। ਨੁਕਸਾਨ ਤਾਂ ਉਹਦਾ ਹੋਊ।

ਚਾਰ ਕੁ ਸਾਲ ਹੋ ਗਏ ਸਨ। ਸਰਪੰਚ ਨੇ ਦਾਰੂ-ਪਿਆਲਾ ਛੱਡ ਦਿੱਤਾ ਸੀ। ਅੰਮ੍ਰਿਤ ਛਕ ਲਿਆ ਸੀ। ਦਸ ਜਮਾਤਾਂ ਪਾਸ ਸੀ। ਬੋਲ ਵਧੀਆ ਲੈਂਦਾ ਸੀ। ਆਥਣ-ਤੜਕੇ ਗੁਰੂ ਘਰ ਜਾਂਦਾ। ਆਉਂਦੇ-ਜਾਂਦੇ ਨੂੰ ਦੋਵੇਂ ਹੱਥ ਜੋੜ ਕੇ ਸਿਰ ਝੁਕਾਉਣਾ। ਐੱਮ.ਐੱਲ.ਏ. ਨਾਲ਼ ਉਹਦੀ ਪੂਰੀ ਬਣਦੀ ਸੀ। ਵਿਹੜੇ 'ਚ ਸਰਕਾਰੀ ਗਰਾਂਟ ਗੜਿਆਂ ਵਾਂਗ ਡਿੱਗਦੀ ਸੀ। 'ਰਸ 'ਚੋਂ ਕੱਢੇ ਕਸ' ਨੇ ਵਿਹੜੇ 'ਚੋਂ ਪਵਾਈਆਂ ਵੋਟਾਂ ਮੁਫ਼ਤ ਪੈਣ ਵਰਗੀਆਂ ਕਰ ਦਿੱਤੀਆਂ ਸੀ। ਉਹ ਵਿਚੋ-ਵਿਚੀ ਸ਼੍ਰੋਮਣੀ ਕਮੇਟੀ ਦੀ ਚੋਣ ਲੜਨ ਦੀ ਤਿਆਰੀ ਕਰ ਰਿਹਾ ਸੀ। ਇਸ ਕਰ ਕੇ ਉਹ ਸੀਬੋ ਨੂੰ ਕੁੱਝ ਕਹਿ ਨਹੀਂ ਸੀ ਸਕਿਆ, ਮਨ 'ਚ ਤਾਂ ਸਾਗ ਵਾਂਗ ਰਿੱਝੀ ਜਾਂਦਾ ਸੀ।

ਕੈਲੋ ਦੀ ਮਾਂ ਮਹਿੰਦਰ ਦਾ ਗੋਹਾ-ਕੂੜਾ ਕਰਦੀ ਸੀ। ਪੰਜ-ਛੇ ਮੱਝਾਂ ਸਨ। ਗੋਹਾ ਸੁੱਟਦੀ। ਪਾਥੀਆਂ ਪੱਥਦੀ। ਸੰਨ੍ਹੀਆਂ ਕਰਦੀ। ਪਾਣੀ ਪਿਲਾਉਂਦੀ।

ਕੈਲੋ ਦੇ ਵਿਆਹ ਵੇਲ਼ੇ ਉਹਨੇ ਮਹਿੰਦਰ ਤੋਂ ਤੀਹ ਹਜ਼ਾਰ ਰੁਪਏ ਲਏ ਸਨ। ਮਹਿੰਦਰ ਨੇ ਪ੍ਰੋਨੋਟ ਭਰਾ ਲਿਆ ਸੀ। ਵਿਆਜ ਕੋਈ ਨਹੀਂ ਸੀ ਲੈਣਾ। ਗੋਹਾ-ਕੂੜਾ ਕਰਨਾ ਸੀ। ਰੋਟੀ ਨਾਲ਼ ਸੀ।

ਕੈਲੋ ਨੂੰ ਤੋਰ ਕੇ ਸੀਬੋ ਇਕੱਲੀ ਰਹਿ ਗਈ ਸੀ। ਘਰ ਦਾ ਖ਼ਰਚ ਭਾਵੇਂ ਕੋਈ ਨਹੀਂ ਸੀ ਪਰ ਫੇਰ ਵੀ ਬਿਮਾਰੀ-ਠਮਾਰੀ ਵੇਲ਼ੇ ਖਾਲੀ ਗੀਝੇ ਨੂੰ ਹੱਥ ਜਾਂਦਾ ਸੀ। ਪਿੰਡ ਦੇ ਆਰ.ਐੱਮ.ਪੀ. ਡਾਕਟਰ ਦੀ ਕਾਪੀ 'ਚ ਉਹਦਾ ਨਾਂਅ ਚੜ੍ਹ ਗਿਆ ਸੀ। ਇਕ ਵਾਰੀ ਮਿਲਣ ਆਈ ਕੈਲੋ ਨੇ ਡਾਕਟਰ ਦੀ ਕਾਪੀ 'ਚੋਂ ਉਹਦੇ ਨਾਂਅ 'ਤੇ ਕਾਟਾ ਮਰਵਾ ਦਿੱਤਾ ਸੀ ਪਰ ਮਾਰਿਆ ਕਾਟਾ ਵੱਜ ਕੇ ਵੀ ਨਹੀਂ ਸੀ ਵੱਜਿਆ। ਗੱਲ ਅੱਗੇ ਤੁਰ ਗਈ ਸੀ।

ਸੀਬੋ ਨੇ ਇਕ ਦਿਨ ਮਹਿੰਦਰ ਕੋਲ਼ ਰੀਂ-ਰੀਂ ਕੀਤੀ। ਉਹਨੇ ਪਿਘਲ਼ ਕੇ ਪੰਜ ਸੌ ਦਾ ਨੋਟ ਦੇ ਦਿੱਤਾ ਸੀ। ਫੇਰ ਉਹ ਹਰ ਮਹੀਨੇ ਬਿਨਾਂ ਮੰਗੇ ਤੋਂ ਦੇ ਦਿੰਦਾ। ਇਕ ਤਰ੍ਹਾਂ ਪੰਜ ਸੌ ਮਹੀਨੇ ਦੇ ਪੱਕੇ ਬੱਝ ਗਏ ਸਨ। ਮਹਿੰਦਰ ਮੱਝਾਂ ਵੇਚੀ ਵੀ ਜਾਂਦਾ। ਨਵੀਆਂ ਵੀ ਲੈਂਦਾ। ਕਦੇ-ਕਦੇ ਸੱਤ-ਸੱਤ ਅੱਠ-ਅੱਠ ਹੋ ਜਾਂਦੀਆਂ। ਸੀਬੋ ਦੀ ਦੇਹ ਨੂੰ ਸੂਤਦੀਆਂ। ਛੱਡ ਕੇ ਉਹ ਭੱਜ ਨਹੀਂ ਸੀ ਸਕਦੀ। ਤੜਕੇ ਆਪਣੇ ਆਪ ਨਹੀਂ ਸੀ ਉਠਦੀ। ਟੁੱਟਦੇ ਹੱਡ ਜੋੜ ਕੇ ਮਹਿੰਦਰ ਦੇ ਘਰੇ ਆਉਣਾ ਪੈਂਦਾ।

ਕੈਲੋ ਸਹੁਰੀਂ ਤੁਰ ਗਈ ਸੀ। ਸੀਬੋ ਨੇ ਉਹਦੇ ਤੁਰਨ ਨੂੰ ਸੁਲੱਖਣਾ ਮੰਨਿਆ ਸੀ ਪਰ ਮਹਿੰਦਰ ਦਾ ਪਾਇਆ ਹੋਇਆ ਜੂੜ ਨਿੱਤ ਉਹਦੀਆਂ ਪੁਲਾਂਘਾਂ ਛੋਟੀਆਂ ਕਰਦਾ। ਵਿੰਗੇ-ਟੇਢੇ ਪੈਰ ਟਿਕਣ ਲਾਉਂਦਾ। ਹੱਲ ਕੋਈ ਨਹੀਂ ਸੀ। ਕਮਾਈ ਕੋਈ ਨਹੀਂ ਸੀ। ਜੂੜ ਕਿਵੇਂ ਢਿੱਲਾ ਹੁੰਦਾ?

ਸੀਬੋ ਦਾ ਪਿਉ ਉਹਦੇ ਪੇਕੀਂ ਜ਼ੈਲਦਾਰਾਂ ਦਾ ਸੀਰੀ ਸੀ। ਜ਼ੈਲਦਾਰ ਮਿਰਗ ਮਾਰਦੇ। ਜਿਹੜੇ ਬੰਦੇ ਮਿਰਗ ਨੂੰ ਘੇਰ ਕੇ ਜ਼ੈਲਦਾਰਾਂ ਦੇ ਲਾਏ ਕੜਿੱਕੇ ਵੱਲ ਲਿਆਉਂਦੇ ਸੀ, ਉਨ੍ਹਾਂ 'ਚ ਸੀਬੋ ਦਾ ਪਿਉ ਵੀ ਹੁੰਦਾ ਸੀ। ਕਦੇ-ਕਦੇ ਘਰੇ ਆ ਕੇ ਉਹ ਕੁੜਿੱਕੇ 'ਚ ਫਸੇ ਮਿਰਗ ਦੀ ਗੱਲ ਕਰਦਾ। ਸੀਬੋ ਨੂੰ ਮਿਰਗ 'ਤੇ ਬੜਾ ਤਰਸ ਆਉਂਦਾ। ਕਦੇ-ਕਦੇ ਉਹਦਾ ਪਿਉ ਪਾਈਆ-ਦਸੇਰ ਮਿਰਗ ਦਾ ਮੀਟ ਵੀ ਲੈ ਆਉਂਦਾ ਸੀ, ਸੀਬੋ ਨਹੀਂ ਸੀ ਖਾਂਦੀ। ਪਰ ਪਤਾ ਨਹੀਂ ਸੀ ਉਹ ਮਿਰਗ ਵਾਂਗ ਆਪ ਫਸ

ਜਾਵੇਗੀ। ਸੋਚ ਕੇ ਅੱਖਾਂ ਵਹਿ ਤੁਰਦੀਆਂ। ਕਦੇ-ਕਦੇ ਮਿਲਣ ਆਈ ਕੈਲੋ ਸੀਬੋ ਦੇ ਗਲ਼ ਲੱਗ ਕੇ ਰੋਂਦੀ। ਵਗਦੀਆਂ ਅੱਖਾਂ ਕੈਲੋ ਦਾ ਮੋਢਾ ਭਿਉਂ ਦਿੰਦੀਆਂ।

ਕੈਲੋ ਨੂੰ ਸਾਰੀ ਗੱਲ ਦਾ ਪਤਾ ਸੀ, ਮਾਂ ਕਿਉਂ ਰੋਂਦੀ ਐ? ਉਹ ਪੁੱਛ ਕੇ ਉਹਨੂੰ ਹੋਰ ਦੁਖੀ ਨਹੀਂ ਸੀ ਕਰਨਾ ਚਾਹੁੰਦੀ। ਜਾਂਦੀ ਨੂੰ ਸੀਬੋ ਕਹਿੰਦੀ, "ਕੈਲਿਆ! ਛੇਤੀ ਗੇੜਾ ਮਾਰਿਆ ਕਰ ਪੁੱਤ। ਮਨ ਹੌਲ਼ਾ ਹੋ ਜਾਂਦੈ।" ਉਹਨੇ ਕੈਲੋ ਦਾ ਭਾਈ ਨਾ ਹੋਣ ਕਰ ਕੇ ਮੁੰਡਿਆਂ ਵਾਲ਼ਾ ਨਾਂਅ ਧਰਿਆ ਸੀ ਪਰ ਨਾਂਅ ਧਰਨ ਨਾਲ਼ ਕੀ ਬਣਦੈ!

ਕੈਲੋ ਵਿਆਹ ਤੋਂ ਬਾਅਦ ਖ਼ੁਸ਼ ਸੀ। ਵਧੀਆ ਘਰ ਮਿਲ ਗਿਆ ਸੀ। ਉਹਦਾ ਪ੍ਰਾਹੁਣਾ ਭੋਲਾ ਸੰਧੂ ਟਰਾਂਸਪੋਰਟ ਦਾ ਡਰਾਈਵਰ ਸੀ। ਸੀਬੋ ਦੇ ਹਾਣ-ਪ੍ਰਵਾਣ ਸੀ। ਵਧੀਆ ਕਮੀਜ਼-ਪੈਂਟ ਪਾਉਂਦਾ। ਪਟੇ ਵਾਹ ਕੇ ਰੱਖਦਾ। ਵਧੀਆ ਬੂਟ। ਸੰਧੂਆਂ ਦੇ ਮੋਟਰਸਾਈਕਲ 'ਤੇ ਘਰੋਂ ਆਉਂਦਾ-ਜਾਂਦਾ। ਸੀਬੋ ਮਾਣ ਨਾਲ਼ ਭਰ ਜਾਂਦੀ। ਪੇਕੀਂ ਮਿਲਣ ਆਈ ਨੂੰ ਹਾਣ ਦੀਆਂ ਕਹਿੰਦੀਆਂ, "ਸੀਬੋ! ਪ੍ਰਾਹੁਣਾ ਦਿੰਦੈ ਫੇਰ ਬੱਸਾਂ 'ਚ ਝੂਟੇ?"

"ਆ ਜਿਓ ਕਦੇ ਤੁਸੀਂ ਵੀ ਲੈ ਲਿਓ।"

"ਨੀ ਸਾਨੂੰ ਕਾਹਨੂੰ ਸੱਦਦੀ ਐਂ। ਐਵੇਂ ਤੇਰਾ ਘਰ ਨਾ ਖ਼ਰਾਬ ਹੋ ਜੇ ਸਾਥੋਂ। ਫੇਰ ਲੜੇਂਗੀ।"

ਪਰ ਸੀਬੋ ਦਾ ਘਰ ਉਨ੍ਹਾਂ ਦੇ ਜਾਣ ਤੋਂ ਬਿਨਾਂ ਹੀ ਖ਼ਰਾਬ ਹੋ ਗਿਆ ਸੀ। ਉਹ ਭੋਲੇ ਨਾਲ਼ ਮਿਲਣ ਆਈ ਸੀ। ਰਾਤ ਕੱਟ ਕੇ ਉਹ ਜਾਣ ਲਈ ਤਿਆਰ ਹੋ ਗਿਆ ਸੀ। ਕੈਲੋ ਤਿਆਰ ਨਹੀਂ ਸੀ ਹੋਈ। ਰੋਟੀ ਖਾਂਦੇ ਨੂੰ ਕਹਿ ਦਿੱਤਾ ਸੀ, ਉਹ ਦੋ ਦਿਨ ਲਾ ਕੇ ਆਵੇਗੀ।

ਭੋਲਾ ਉਹਦੀ ਕੋਈ ਗੱਲ ਨਹੀਂ ਸੀ ਮੋੜਦਾ। ਚਲਿਆ ਗਿਆ।

ਕੈਲੋ ਨਾ ਜਾਣ ਬਾਰੇ ਸੋਚ ਕੇ ਆਈ ਸੀ। ਮੁੜ ਕੇ ਨਹੀਂ ਗਈ। ਦੋ-ਤਿੰਨ ਵਾਰ ਭੋਲਾ ਆਇਆ। ਮਿੰਨਤਾਂ ਵੀ ਕੀਤੀਆਂ ਪਰ ਕੈਲੋ ਕਹਿੰਦੀ, "ਪਹਿਲਾਂ ਸੰਧੂਆਂ ਦੀ ਡਰਾਈਵਰੀ ਛੱਡ। ਫੇਰ ਜਾਊਂ।"

ਭੋਲਾ ਨਰਮ ਸੀ। ਗਾਲ਼-ਦੁੱਪੜ ਕੱਢਣ ਨਹੀਂ ਸੀ ਜਾਣਦਾ ਪਰ ਸੰਧੂਆਂ ਦੀ ਧੌਂਸ ਉਹਦੀ ਗੱਲਬਾਤ 'ਚ ਆ ਗਈ ਸੀ। ਡਰਾਈਵਰਾਂ-ਕੰਡਕਟਰਾਂ ਵੱਲ ਵੇਖਣ ਵੇਲ਼ੇ ਅੱਖਾਂ ਦੀ ਘੂਰ ਬਣਨ ਲੱਗ ਪਈ ਸੀ।

ਕੈਲੋ ਨੇ ਜਦੋਂ ਹਿੰਡ ਨਾ ਛੱਡੀ ਭੋਲਾ ਆਉਣਾ ਛੱਡ ਗਿਆ। ਅੰਤ ਪੰਚਾਇਤ ਲਿਆਉਣ ਤੋਂ ਬਿਨਾਂ ਕੋਈ ਚਾਰਾ ਨਾ ਰਿਹਾ।

ਕੈਲੋ ਦੇ ਪੰਜ ਨਣਦਾਂ ਸੀ। ਤਿੰਨ ਵਿਆਹੀਆਂ ਹੋਈਆਂ, ਦੋ ਕੁਆਰੀਆਂ। ਕੈਲੋ ਵਿਆਹੀ ਨੂੰ ਚਾਰ ਕੁ ਮਹੀਨੇ ਹੋਏ ਸੀ। ਉਸ ਦੇ ਘਰਵਾਲ਼ੇ ਤੋਂ ਬੱਸ ਹੇਠਾਂ ਆ ਕੇ ਬੰਦਾ ਮਰ ਗਿਆ। ਛੇ ਮਹੀਨਿਆਂ ਦੀ ਕੈਦ ਹੋਈ ਸੀ। ਜੁਰਮਾਨਾ ਵੀ। ਜੁਰਮਾਨਾ ਮਾਲਕਾਂ ਨੇ ਭਰ ਦਿੱਤਾ। ਭੋਲਾ ਜੇਲ੍ਹ ਚਲਿਆ ਗਿਆ।

ਪਿੱਛੋਂ ਸੰਧੂਆਂ ਦਾ ਬੱਸਾਂ ਦਾ ਮੈਨੇਜਰ ਸ਼ਰਮਾ ਆਉਂਦਾ। ਹਰ ਮਹੀਨੇ ਬਾਰਾਂ-ਤੇਰਾਂ ਹਜ਼ਾਰ ਰੁਪਏ ਤਨਖ਼ਾਹ ਉਹਦੀ ਘਰੇ ਦੇ ਜਾਂਦਾ। ਭੋਲਾ ਦਸਵੀਂ ਵਿਚਾਲ਼ੇ ਛੱਡ ਕੇ ਸੰਧੂਆਂ ਦੇ ਕੰਡਕਟਰ ਲੱਗਿਆ ਸੀ ਤੇ ਫੇਰ ਡਰਾਈਵਰੀ ਸਿੱਖ ਗਿਆ ਸੀ। ਮੂੰਹ ਦਾ ਮਿੱਠਾ ਸੀ। ਨੀਵੀਂ ਪਾ ਕੇ ਗੱਲ ਕਰਦਾ। ਸੰਧੂ ਦਾ ਪਿਉ ਦਫ਼ਤਰ 'ਚ ਡਹੇ ਸਿੰਗਲ ਬੈੱਡ 'ਤੇ ਪਿਆ ਰਹਿੰਦਾ। ਭੋਲਾ ਉਹਦੀਆਂ ਲੱਤਾਂ ਘੁੱਟਦਾ-ਘੁੱਟਦਾ ਢਿੱਡ 'ਚ ਜਾ ਵੜਿਆ ਸੀ। ਮਿੱਠੇ ਸੁਭਾਅ ਕਾਰਨ ਮਾਲਕਾਂ ਦੇ ਕਾਫ਼ੀ ਨੇੜੇ ਵੀ ਆ ਗਿਆ ਸੀ।

ਭੋਲੇ ਦੀ ਵੱਡੀ ਭੈਣ ਦਾ ਵਿਆਹ ਹੋਇਆ। ਮਾਲਕਾਂ ਨੇ ਚਾਲ਼ੀ ਹਜ਼ਾਰ ਬਿਨਾਂ ਵਿਆਜ ਤੋਂ ਦੇ ਦਿੱਤਾ। ਹਰ ਮਹੀਨੇ ਭੋਲਾ ਹਜ਼ਾਰ-ਦੋ ਹਜ਼ਾਰ ਕਟਵਾਉਂਦਾ। ਛੋਟੀ ਭੈਣ ਦੇ ਵਿਆਹ ਵੇਲ਼ੇ ਵੀ ਇਵੇਂ ਹੀ ਕੀਤਾ। ਸੰਧੂ ਦਾ ਪਿਉ ਆਥਣੇ ਤਿੰਨ-ਚਾਰ ਪੈੱਗ ਦਾਰੂ ਦੇ ਪੀਂਦਾ ਸੀ। ਭੋਲੇ ਨੂੰ ਵੀ ਪਿਆ ਦਿੰਦਾ।

ਜਦੋਂ ਭੋਲਾ ਆਖ਼ਰੀ ਗੇੜਾ ਲਾ ਕੇ ਆਉਂਦਾ, ਸੰਧੂ ਦਾ ਪਿਉ ਉਹਨੂੰ ਮੀਟ ਲਿਆਉਣ ਲਈ ਪੈਸੇ ਦੇ ਦਿੰਦਾ। ਉਹ ਦਫ਼ਤਰ ਦੀ ਰਸੋਈ 'ਚ ਬਣਾਉਂਦਾ। ਨੌਂ-ਦਸ ਵਜੇ ਉਹ ਭਾਂਡਾ-ਟੀਂਡਾ ਸਾਂਭ ਕੇ ਘਰੇ ਆਉਂਦਾ।

ਸੰਧੂ ਟਰਾਂਸਪੋਰਟ ਬਹੁਤ ਵੱਡੀ ਸੀ। ਡੇਢ-ਦੋ ਸੌ ਬੱਸ ਸੀ। ਸੰਧੂ ਚਲਦਾ ਪੁਰਜਾ ਸੀ। ਨੀਲੀ ਪੱਗ ਬੰਨ੍ਹ ਕੇ ਰੱਖਦਾ। ਦਫ਼ਤਰ 'ਚ ਵਿਹੜੇ 'ਚ ਲੱਗੇ ਦਰੱਖ਼ਤਾਂ ਦੇ ਪੱਤਿਆਂ ਤੋਂ ਵੱਧ ਪੈਸੇ ਡਿੱਗਦੇ ਸੀ। ਸੰਧੂ ਤਿੰਨ-ਚਾਰ ਮਹੀਨਿਆਂ ਪਿੱਛੋਂ ਇਕ-ਦੋ ਰੂਟ ਨਵੇਂ ਮੁੱਲ ਲੈਂਦਾ। ਉਹਦੇ ਕੋਲ਼ ਵੀਹ-ਵੀਹ ਪੱਚੀ-ਪੱਚੀ ਸਾਲ ਦੇ ਡਰਾਈਵਰ ਟਿਕੇ ਹੋਏ ਸਨ। ਮਹੀਨੇ ਦੀ ਉੱਕਾ-ਪੁੱਕਾ ਤਨਖਾਹ ਵੀ ਲੈਂਦੇ। ਕਈ ਰੋਜ਼ ਦੀ ਰੋਜ਼ ਪੈਸੇ ਲੈਂਦੇ। ਸੰਧੂ ਦੀਆਂ ਵੱਡੀਆਂ-ਵੱਡੀਆਂ ਏ.ਸੀ. ਬੱਸਾਂ ਚੰਡੀਗੜ੍ਹ ਵੀ ਜਾਂਦੀਆਂ ਸੀ। ਦਿੱਲੀ ਏਅਰਪੋਰਟ 'ਤੇ ਵੀ।

ਸਰਕਾਰੇ-ਦਰਬਾਰੇ ਸੰਧੂ ਦਾ ਹੱਥ ਸੀ। ਵੱਡਾ ਕਾਰੋਬਾਰ ਚਲਾਉਣ ਲਈ ਉਲਟ ਸਰਕਾਰ 'ਚ ਉਹ ਨੀਲੀ ਪੱਗ ਲਾਹ ਕੇ ਕਿਸੇ ਫਿੱਕੇ ਰੰਗ ਦੀ ਬੰਨ੍ਹ ਲੈਂਦਾ। ਚਿੱਟਿਆਂ ਦੀ ਸਰਕਾਰ 'ਚ ਨ੍ਹੇਰੇ-ਸਵੇਰੇ ਉਨ੍ਹਾਂ ਨਾਲ਼ ਵੀ ਹੱਥ ਮਿਲਾਉਂਦਾ।

ਭੋਲਾ ਹੁਣ ਬੱਸ ਲੈ ਕੇ ਨਹੀਂ ਸੀ ਜਾਂਦਾ। ਦਫ਼ਤਰ ਦੇ ਉਤਲੇ ਕੰਮਾਂ 'ਤੇ ਰਹਿੰਦਾ। ਆਏ-ਗਏ ਤੋਂ ਚਾਹ ਬਣਾਉਂਦਾ। ਭੈਣਾਂ ਦੇ ਵਿਆਹ ਵੇਲ਼ੇ ਫੜੇ ਪੈਸਿਆਂ ਕਾਰਨ ਤਨਖਾਹ ਵਧਾਉਣ ਨੂੰ ਵੀ ਬਹੁਤਾ ਨਾ ਕਹਿੰਦਾ। ਆਪੇ ਵਧਾ ਦਿੰਦੇ, ਵਧਾ ਦਿੰਦੇ। ਉਹਦੇ ਨਾਲ਼ ਦੇ ਡਰਾਈਵਰ ਸੱਤ-ਸੱਤ ਸੌ ਰੁਪਏ ਰੋਜ਼ ਦੀ ਦਿਹਾੜੀ ਲੈਣ ਲੱਗ ਪਏ ਸਨ। ਭੋਲੇ ਨੂੰ ਜਿਹੜੀ ਤਨਖਾਹ ਦਿੰਦੇ, ਲੈਣੀ ਪੈਂਦੀ। ਸੰਧੂਆਂ ਦਿਉਂ ਹਟਣਾ ਉਹਨੂੰ ਪਹਾੜ ਤੋਂ ਡਿੱਗਣਾ ਲੱਗਦਾ ਸੀ। ਰੋਕ-ਟੋਕ ਕੋਈ ਹੈ ਨਹੀਂ ਸੀ। ਮੋਟਰਸਾਈਕਲ ਥੱਲੇ ਸੀ। ਘਰ ਵਧੀਆ ਚੱਲੀ ਜਾਂਦਾ ਸੀ। ਵੱਡਾ ਸੰਧੂ ਉਹਨੂੰ ਸੌ-ਦੋ ਸੌ ਰੁਪਿਆ ਉਂਝ ਵੀ ਦੇ ਦਿੰਦਾ ਸੀ।

ਭੋਲਾ ਕੈਦ ਕੱਟ ਕੇ ਆਇਆ। ਕੈਲੋ ਖ਼ੁਸ਼ ਸੀ। ਪਿੰਡ ਵਾਲ਼ੀ ਏਥੇ ਕੋਈ ਤੰਗੀ ਨਹੀਂ ਸੀ। ਜੋ ਕਹਿੰਦੀ, ਭੋਲਾ ਮੰਨਦਾ। ਦੋਵੇਂ ਨਣਦਾਂ ਵੀ ਉਹਦੇ ਨਾਲ਼ ਘੁਲ਼-ਮਿਲ਼ ਕੇ ਰਹਿੰਦੀਆਂ। ਦੋਵੇਂ ਪੜ੍ਹਦੀਆਂ ਸੀ। ਪਰ ਫੇਰ ਅਚਾਨਕ ਭੋਲੇ ਨੂੰ ਇਕ ਕੇਸ 'ਚ ਹੋਰ ਛੇ ਮਹੀਨਿਆਂ ਦੀ ਕੈਦ ਹੋ ਗਈ। ਤਨਖਾਹ ਦੇਣ ਆਏ ਮੈਨੇਜਰ ਸ਼ਰਮਾ ਨੇ ਦੱਸਿਆ ਸੀ ਕਿ ਇਹ ਕਿਸੇ ਪਹਿਲੇ ਕੇਸ ਦਾ ਫ਼ੈਸਲਾ ਹੋਇਆ ਹੈ। ਭੋਲਾ ਫੇਰ ਜੇਲ੍ਹ ਚਲਿਆ ਗਿਆ।

ਕੈਲੋ ਦੋ ਸਾਲ ਰਹੀ। ਕੋਈ ਬਾਲ-ਬੱਚਾ ਨਹੀਂ ਹੋਇਆ। ਫੇਰ ਉਹ ਅੱਕੀ ਹੋਈ ਪਿੰਡ ਆ ਗਈ ਸੀ। ਪਿੰਡ ਮਾਂ ਮਹਿੰਦਰ ਦੇ ਗੋਹਾ-ਕੂੜਾ ਕਰਦੀ ਸੀ। ਦੋ ਘਰਾਂ ਦਾ ਉਹ ਆਪ ਕਰਨ ਲੱਗੀ। ਹਜ਼ਾਰ-ਹਜ਼ਾਰ ਮਹੀਨੇ ਦਾ ਲੈਂਦੀ ਸੀ। ਘਰ ਪਹਿਲਾਂ ਵਾਂਗ ਤੁਰਦਾ ਹੋ ਗਿਆ ਸੀ।

ਕੈਲੋ ਕੇ ਵਿਹੜੇ ਦੀ ਨੁੱਕਰ 'ਤੇ ਇਕ ਮੰਗਤ ਰਾਮ ਬਾਣੀਏ ਦਾ ਘਰ ਸੀ। ਮੰਗਤ ਸ਼ਹਿਰ ਚਲਿਆ ਗਿਆ ਸੀ। ਘਰ ਰਮੇਸ਼ ਕੁਲਚਿਆਂ ਵਾਲ਼ੇ ਨੇ ਲੈ ਲਿਆ ਸੀ। ਰਮੇਸ਼ ਯੂ.ਪੀ. ਦਾ ਸੀ। ਸ਼ਹਿਰ 'ਚ ਘਰ ਮਹਿੰਗੇ ਸੀ। ਕਿਰਾਇਆ ਵੀ ਕਾਫ਼ੀ ਸੀ। ਪਿੰਡ ਸ਼ਹਿਰ ਤੋਂ ਦੋ ਕੁ ਮੀਲ ਪੈਂਦਾ ਸੀ।

ਇਕ ਵਾਰ ਰਮੇਸ਼ ਦੀ ਘਰਵਾਲ਼ੀ ਰਾਜ ਦੁਲਾਰੀ ਬਿਮਾਰ ਹੋ ਗਈ ਸੀ। ਸੈੱਲ ਘਟ ਗਏ ਸਨ। ਦਸ-ਪੰਦਰਾਂ ਦਿਨ ਕੈਲੋ ਉਨ੍ਹਾਂ ਦੇ ਘਰੇ ਕੰਮ 'ਤੇ ਜਾਂਦੀ ਰਹੀ ਸੀ। ਰਾਜ ਦੁਲਾਰੀ ਸੁਭਾਅ ਦੀ ਚੰਗੀ ਸੀ। ਕੈਲੋ ਉਹਦੇ ਨਾਲ਼ ਦੁੱਖ-ਸੁੱਖ ਕਰਦੀ।

ਰਾਜ ਦੁਲਾਰੀ ਉਹਦੀਆਂ ਸਾਰੀਆਂ ਗੱਲਾਂ ਸੁਣ ਕੇ ਕੈਲੋ ਨੂੰ ਆਪਣੇ ਇਕ ਰਿਸ਼ਤੇਦਾਰ ਦੇ ਘਰੇ ਲੈ ਗਈ, ਜਿਸ ਦੀ ਘਰਵਾਲ਼ੀ ਦੋ-ਤਿੰਨ ਘਰਾਂ ਦੀ ਸਫ਼ਾਈ ਕਰਦੀ ਸੀ। ਉਹਨੇ ਕੈਲੋ ਨੂੰ ਵੀ ਤਿੰਨ ਘਰ ਦਿਵਾ ਦਿੱਤੇ। ਦੋ-ਦੋ ਘੰਟੇ ਉਹ ਇਕ ਘਰ 'ਚ ਲਾਉਂਦੀ। ਛੇ ਹਜ਼ਾਰ ਮਹੀਨੇ ਦਾ ਬਣਦਾ। ਮਾਵਾਂ-ਧੀਆਂ ਰੱਜ ਕੇ ਖਾਂਦੀਆਂ।

ਫੇਰ ਇਕ ਦਿਨ ਉਹ ਰਾਜ ਦੁਲਾਰੀ ਦੀ ਰਿਸ਼ਤੇਦਾਰ ਔਰਤ ਨਾਲ਼ ਪਾਰਕ 'ਚ ਗਈ। ਪਾਰਕ 'ਚ ਉਹਦੇ ਵਰਗੀਆਂ ਚਾਲ਼ੀ-ਪੰਜਾਹ ਔਰਤਾਂ ਹੋਰ ਵੀ ਆਈਆਂ ਹੋਈਆਂ ਸਨ, ਜਿਹੜੀਆਂ ਘਰਾਂ

'ਚ ਕੰਮ ਕਰਦੀਆਂ ਸੀ। ਨੱਥੂ ਰਾਮ ਬੋਲਣ ਆਇਆ ਸੀ, ਜਿਹੜਾ ਨਗਰ ਕੌਂਸਲ ਦੇ ਕੱਚੇ-ਪੱਕੇ ਸਫ਼ਾਈ ਸੇਵਕਾਂ ਦੀ ਯੂਨੀਅਨ ਦਾ ਪ੍ਰਧਾਨ ਸੀ। ਉਹਨੇ ਸਾਰੀਆਂ ਨੂੰ ਕਿਹਾ ਸੀ ਕਿ ਜੇ ਕੋਈ ਘਰ ਹਜ਼ਾਰ ਰੁਪਿਆ ਘੰਟੇ ਦਾ ਨਹੀਂ ਦਿੰਦਾ, ਕੰਮ ਛੱਡ ਦਿਉ। ਇਕ-ਦੂਜੀ ਦੇ ਉੱਤੋਂ ਦੀ ਹੋ ਕੇ ਵੀ ਨਹੀਂ ਲੱਗਣਾ। ਪਹਿਲਾਂ ਜਿਹੜੀ ਕੰਮ ਛੱਡ ਕੇ ਗਈ ਐ, ਉਹਦਾ ਪਤਾ ਕਰੋ ਕਿ ਕਿਉਂ ਛੱਡ ਕੇ ਗਈ ਐ? ਜੇ ਕੋਈ ਰੌਲਾ ਪਾਵੇ, ਮੈਨੂੰ ਸੱਦੋ। ਨੱਥੂ ਰਾਮ ਨੇ ਆਪਣੇ ਛਪੇ ਹੋਏ ਯੂਨੀਅਨ ਦੇ ਕਾਰਡ ਉਨ੍ਹਾਂ ਨੂੰ ਦੇ ਦਿੱਤੇ ਸੀ। ਨੱਥੂ ਰਾਮ ਨੇ ਇਹ ਵੀ ਕਿਹਾ ਸੀ, 'ਜੇ ਕਿਸੀ ਕੋ ਤਕਲੀਫ਼ ਐ, ਮੁਝੇ ਬਤਾਓ। ਮੈਂ ਉਸਕਾ ਸਮਾਧਾਨ ਕਰਵਾਊਂਗਾ।'

ਸਾਰੀਆਂ ਵਾਸਤੇ ਚਾਹ ਆਈ। ਕੈਲੋ ਦੇ ਮਨ 'ਚ ਮਾਂ ਵਾਲ਼ੀ ਗੱਲ ਸੀ। ਉਹਨੇ ਨੱਥੂ ਰਾਮ ਨੂੰ ਦੱਸ ਦਿੱਤੀ। ਸੁਣ ਕੇ ਨੱਥੂ ਰਾਮ ਬੜਾ ਹੈਰਾਨ ਹੋਇਆ। ਉਸੇ ਵੇਲੇ ਕੈਲੋ ਨੂੰ ਸਕੂਟਰ 'ਤੇ ਬਹਾ ਕੇ ਕਚਹਿਰੀਆਂ 'ਚ ਲੈ ਗਿਆ। ਸਾਰੀ ਗੱਲ ਪੁੱਛ ਕੇ ਅਰਜ਼ੀ ਲਿਖਵਾ ਕੇ ਐੱਸ.ਡੀ.ਐੱਮ. ਦਫ਼ਤਰ ਦੇ ਦਿੱਤੀ।

ਜਦੋਂ ਪੰਜ-ਛੇ ਦਿਨ ਅਰਜ਼ੀ 'ਤੇ ਗ਼ੌਰ ਨਾ ਹੋਈ ਤਾਂ ਨੱਥੂ ਰਾਮ ਨੇ ਯੂਨੀਅਨ ਦੀ ਲੈਟਰ ਪੈਡ 'ਤੇ ਲਿਖ ਕੇ ਧਮਕੀ ਪੱਤਰ ਐੱਸ.ਡੀ.ਐੱਮ. ਨੂੰ ਦੇ ਦਿੱਤਾ। ਜਿਸ 'ਤੇ ਲਿਖਿਆ ਸੀ, 'ਜੇ ਨਸੀਬ ਕੌਰ ਪਤਨੀ ਪਿਆਰਾ ਸਿੰਘ ਦੀ ਅਰਜ਼ੀ 'ਤੇ ਕਾਰਵਾਈ ਨਾ ਕੀਤੀ ਗਈ ਤਾਂ ਹਫ਼ਤੇ ਦੇ ਵਿਚ-ਵਿਚ ਦਫ਼ਤਰ ਅੱਗੇ ਰੋਸ ਧਰਨਾ ਦਿੱਤਾ ਜਾਵੇਗਾ।'

ਐੱਸ.ਡੀ.ਐੱਮ. ਨੇ ਅਰਜ਼ੀ ਪੜ੍ਹ ਲਈ ਸੀ। ਬੀ.ਡੀ.ਈ.ਓ. ਤੋਂ ਪਤਾ ਵੀ ਕਰ ਲਿਆ ਸੀ। ਮਹਿੰਦਰ ਦਾ ਭਰਾ ਸਰਪੰਚ ਅਤੇ ਅਕਾਲੀ ਹੋਣ ਕਰਕੇ ਐੱਸ.ਡੀ.ਐੱਮ. ਨੇ ਅਰਜ਼ੀ ਨੂੰ ਗੰਭੀਰਤਾ ਨਾਲ਼ ਨਹੀਂ ਸੀ ਲਿਆ। ਫੇਰ ਉਹ ਇਕ ਦਿਨ ਦਫ਼ਤਰ ਬੈਠਾ ਸੀ। ਉਹਨੂੰ 'ਪੰਜਾਬ ਸਰਕਾਰ-ਮੁਰਦਾਬਾਦ' ਦੇ ਨਾਅਰੇ ਸੁਣਨ ਲੱਗੇ। ਪਤਾ ਕਰਵਾਇਆ। ਨੱਥੂ ਰਾਮ ਸ਼ਹਿਰ ਦੇ ਸਾਰੇ ਸਫ਼ਾਈ ਸੇਵਕ ਅਤੇ ਘਰਾਂ 'ਚ ਕੰਮ ਕਰਨ ਵਾਲ਼ੀਆਂ ਔਰਤਾਂ ਨੂੰ ਲੈ ਕੇ ਮਾਈਕ 'ਤੇ ਬੋਲ ਰਿਹਾ ਸੀ। ਨੱਥੂ ਰਾਮ ਪੰਜਾਬ ਦੀ ਯੂਨੀਅਨ ਦਾ ਵੀ ਕਮੇਟੀ ਮੈਂਬਰ ਸੀ। ਸਾਰੇ ਕਾਨੂੰਨ ਜਾਣਦਾ ਸੀ। ਸਫ਼ਾਈ ਸੇਵਕਾਂ ਤੋਂ ਇਲਾਵਾ ਯੂਨੀਅਨ ਦਾ ਦਾਇਰਾ ਵਧਾਉਣ ਲਈ ਉਹਨੇ ਸਾਲ ਭਰ ਦੀ ਸੌ-ਸੌ ਰੁਪਏ ਦੀ ਪਰਚੀ ਕੱਟ ਕੇ ਸੌ ਦੇ ਕਰੀਬ ਘਰਾਂ 'ਚ ਕੰਮ ਕਰਨ ਵਾਲ਼ੀਆਂ ਔਰਤਾਂ ਵੀ ਯੂਨੀਅਨ ਨਾਲ਼ ਜੋੜ ਲਈਆਂ ਸੀ।

ਨੱਥੂ ਰਾਮ ਨੇ ਸੀਬੋ ਨੂੰ ਮਾਈਕ 'ਤੇ ਬੁਲਵਾਇਆ। ਜਦੋਂ ਉਹ ਗੱਲ ਦੱਸ ਰਹੀ ਸੀ, ਉਹਦਾ ਰੋਣ ਨਿੱਕਲ਼ ਗਿਆ ਸੀ। ਪ੍ਰੈੱਸ ਆਈ ਹੋਈ ਸੀ। ਮਸਲਾ ਵੀ ਗੰਭੀਰ ਸੀ। ਘੰਟੇ-ਸਵਾ ਘੰਟੇ ਪਿੱਛੋਂ ਧਰਨਾ ਖ਼ਤਮ ਹੋਣ ਤੋਂ ਪਹਿਲਾਂ ਨੱਥੂ ਰਾਮ ਨੇ ਧਮਕੀ ਦਿੱਤੀ ਸੀ, 'ਜੇ ਪ੍ਰਸ਼ਾਸਨ ਨੇ ਦੋ ਦਿਨਾਂ ਦੇ ਵਿਚ-ਵਿਚ ਕਾਰਵਾਈ ਨਾ ਕੀਤੀ, ਪੱਕਾ ਧਰਨਾ ਲਾ ਕੇ ਸ਼ਹਿਰ ਦੀ ਸਫ਼ਾਈ ਦਾ ਵੀ ਬਾਈਕਾਟ ਕੀਤਾ ਜਾਵੇਗਾ।'

ਇਹ ਧਮਕੀ ਜਦੋਂ ਜ਼ੁਬਾਨੀ-ਕਲਾਮੀ ਐੱਸ.ਡੀ.ਐੱਮ. ਦੇ ਕੰਨਾਂ 'ਚ ਪਈ ਤਾਂ ਉਹ ਹਿੱਲ ਗਿਆ। ਅਗਲੇ ਦਿਨ ਅਖ਼ਬਾਰ ਵੀ ਸੀਬੋ ਦੀਆਂ ਖ਼ਬਰਾਂ ਨਾਲ਼ ਭਰੇ ਪਏ ਸੀ। ਸੋਸ਼ਲ ਮੀਡੀਆ 'ਤੇ ਵੀ ਖ਼ਬਰ ਚੱਲ ਰਹੀ ਸੀ। ਉਹਦੇ ਲਈ ਸਭ ਤੋਂ ਮੁੱਖ ਕੰਮ ਸੀਬੋ ਵਾਲ਼ੇ ਕੇਸ ਦਾ ਨਿਪਟਾਰਾ ਹੋ ਗਿਆ।

ਅਗਲੇ ਦਿਨ ਦੁਪਹਿਰੇ ਸਰਪੰਚ ਤੇ ਮਹਿੰਦਰ ਆਏ। ਐੱਮ.ਐੱਲ.ਏ. ਵੀ। ਨੱਥੂ, ਸੀਬੋ ਤੇ ਕੈਲੋ ਆਏ ਸੀ। ਨਾਲ਼ ਯੂਨੀਅਨ ਦੇ ਦੋ ਛੋਟੇ ਆਗੂ ਵੀ ਸੀ। ਗੱਲ ਚੱਲੀ ਤਾਂ ਨੱਥੂ ਰਾਮ ਨੇ ਕਿਹਾ, "ਸੀਬੋ ਸੇ ਬੰਧੂਆ ਮਜ਼ਦੂਰੀ ਕਰਵਾਈ ਗਈ ਹੈ। ਤੀਨ ਵਰਸੋਂ ਕੀ ਤਨਖ਼ਾਹ ਵੀ ਨਹੀਂ ਦੀ ਗਈ। ਜਬ ਤਕ ਡੀ.ਸੀ. ਰੇਟ ਕੇ ਹਿਸਾਬ ਸੇ ਤੀਨ ਵਰਸੋਂ ਕੇ ਪੈਸੇ ਨਹੀਂ ਮਿਲਤੇ, ਹਮ ਸੰਘਰਸ਼ ਕਰਤੇ ਰਹੇਂਗੇ।"

ਫੇਰ ਉਹਨੇ ਐੱਸ.ਡੀ.ਐੱਮ. ਵੱਲ ਵੇਖਦਿਆਂ ਕਿਹਾ, "ਸਰ ਜੀ! ਆਪ ਕੋ ਪਤਾ ਹੈ। ਬੰਧੂਆ ਮਜ਼ਦੂਰੀ ਕਿਤਨਾ ਬੜਾ ਅਪਰਾਧ ਹੈ। ਅਗਰ ਆਪ ਨੇ ਕੁਛ ਨਾ ਕੀਆ, ਹਮ ਦੋ ਕੇਸ

ਡਾਲੇਂਗੇ। ਏਕ ਲੇਬਰ-ਕੋਰਟ ਮੇਂ ਮੁਆਵਜ਼ੇ ਕਾ, ਦੂਸਰਾ ਅਦਾਲਤ ਮੇਂ ਸਜ਼ਾ ਕਾ। ਆਪ ਕੋ ਪਤਾ ਹੈ ਕਿ ਬੰਧੂਆ ਮਜ਼ਦੂਰੀ ਕਰਵਾਨੇ ਵਾਲ਼ੇ ਕੋ ਤੀਨ ਸਾਲ ਕੀ ਕੈਦ ਹੈ।"

ਸਰਪੰਚ ਨਫ਼ਰਤ ਭਰੀਆਂ ਅੱਖਾਂ ਨਾਲ਼ ਨੱਥੂ ਰਾਮ ਵੱਲ ਵੇਖਣ ਲੱਗਿਆ। ਉਹਨੂੰ ਉਹ ਬੋਲਦਾ ਬਹੁਤ ਬੁਰਾ ਲੱਗ ਰਿਹਾ ਸੀ। ਉਹਦਾ ਦਿਲ ਕਰਦਾ ਸੀ, ਉੱਠ ਕੇ ਨੱਥੂ ਰਾਮ ਦੇ ਗਲ਼ 'ਚ ਹੱਥ ਪਾ ਲਵੇ ਪਰ ਨਾ ਤਾਂ ਕੁੱਝ ਐੱਸ.ਡੀ.ਐੱਮ. ਬੋਲ ਰਿਹਾ ਸੀ, ਨਾ ਐੱਮ.ਐੱਲ.ਏ.। ਸਰਪੰਚ ਨੂੰ ਪਤਾ ਨਹੀਂ ਸੀ, ਨੱਥੂ ਰਾਮ ਦੀ ਆਉਣੀ-ਜਾਣੀ ਐੱਮ.ਐੱਲ.ਏ. ਕੋਲ਼ ਵੀ ਸੀ। ਉਹਦੀ ਚੋਣ 'ਚ ਦੋਵੇਂ ਬਾਲਮੀਕੀ ਬਸਤੀਆਂ ਦੀਆਂ ਵੋਟਾਂ ਦਾ ਵੱਡਾ ਹਿੱਸਾ ਨੱਥੂ ਰਾਮ ਨੇ ਐੱਮ.ਐੱਲ.ਏ. ਨੂੰ ਪਵਾਇਆ ਸੀ।

ਘੰਟਾ ਭਰ ਗੱਲ ਲਮਕਦੀ ਰਹੀ ਸੀ। ਮਹਿੰਦਰ ਨਹੀਂ ਸੀ ਬੋਲਿਆ। ਉਹ ਡਰਿਆ ਬੈਠਾ ਸੀ। ਨਾ ਇਸ ਤਰ੍ਹਾਂ ਦੇ ਕੰਮ 'ਚ ਉਹ ਕਦੇ ਆਇਆ ਸੀ। ਉਹਨੇ ਸੀਬੋ ਵਰਗੀਆਂ ਦਾ ਬਥੇਰਾ ਖ਼ੂਨ ਪੀਤਾ ਸੀ। ਪੰਜ-ਪੰਜ ਰੁਪਏ ਸੈਂਕੜੇ ਦੇ ਵਿਆਜ ਲਾ ਕੇ ਗੋਹਾ-ਕੂੜਾ ਕਰਵਾਇਆ ਸੀ। ਜਾਂ ਵੱਡੀ ਰਕਮ ਦੇ ਕੇ ਵਿਆਜ-ਵਿਆਜ 'ਚ। ਪਰ ਇਹ ਵੀ ਹੋ ਜਾਂਦੈ? ਉਹਨੂੰ ਹੁਣ ਪਤਾ ਲੱਗਿਆ ਸੀ।

ਐੱਮ.ਐੱਲ.ਏ. ਐੱਸ.ਡੀ.ਐੱਮ. ਨੂੰ ਕਹਿਣ ਲੱਗਿਆ, "ਐੱਸ.ਡੀ.ਐੱਮ. ਸਾਹਬ! ਦੱਸੋ ਫੇਰ ਕਿਵੇਂ ਕਰੀਏ? ਮੈਂ ਜਾਣੈ ਕਿਸੇ ਪਾਸੇ।"

ਐੱਸ.ਡੀ.ਐੱਮ.ਨੱਥੂ ਰਾਮ ਵੱਲ ਝਾਕਿਆ ਤੇ ਕਿਹਾ, "ਦੱਸੋ ਜੀ ਪ੍ਰਧਾਨ ਜੀ ਕਿਵੇਂ ਕਰਨੈ?"

"ਕਰਨਾ ਕਿਆ ਹੈ। ਤੀਨ ਸਾਲ ਕਾਮ ਕੀਆ ਹੈ। ਡੀ.ਸੀ. ਰੇਟ ਕੇ ਹਿਸਾਬ ਸੇ ਤੀਨ ਲਾਖ ਸੇ ਜ਼ਿਆਦਾ ਬਨਤੇ ਹੈਂ। ਜੋ ਪਾਈਸਾ ਸੀਬੋ ਨੇ ਲੀਆ ਹੈ, ਉਸ ਕਾ ਯੇ ਵਿਆਜ ਲੇਂ ਔਰ ਉਸੀ ਹਿਸਾਬ ਸੇ ਪਾਈਸੇ ਕਾ ਵਿਆਜ ਦੇਂ।"

ਮਹਿੰਦਰ ਫੜੇ ਕਾਂ ਵਾਂਗ ਝਾਕ ਰਿਹਾ ਸੀ।

ਐੱਸ.ਡੀ.ਐੱਮ. ਨੇ ਸਰਪੰਚ ਤੇ ਮਹਿੰਦਰ ਦੋਵਾਂ ਨੂੰ ਬਾਹਰ ਜਾਣ ਲਈ ਕਿਹਾ। ਸੀਬੋ, ਕੈਲੋ ਤੇ ਨੱਥੂ ਰਾਮ ਦੇ ਨਾਲ਼ ਆਇਆਂ ਬੰਦਿਆਂ ਨੂੰ ਵੀ। ਗੱਲ ਪੰਦਰਾਂ-ਵੀਹ ਮਿੰਟ ਰਿੜਕੀ ਜਾਂਦੀ ਰਹੀ। ਅਖ਼ੀਰ ਮਾਮਲਾ ਇੱਥੇ ਆ ਕੇ ਮੁੱਕਿਆ ਕਿ ਮਹਿੰਦਰ ਸਿੰਘ ਦੋ ਲੱਖ ਰੁਪਿਆ ਸੀਬੋ ਨੂੰ ਦੇਵੇਗਾ। ਪ੍ਰਨੋਟ ਪਾੜੇਗਾ ਤੇ ਇਸ ਗੱਲ ਦਾ ਵੀ ਪ੍ਰਨੋਟ ਦੇਵੇਗਾ ਕਿ ਮੇਰੇ ਕੋਲ਼ ਸੀਬੋ ਦੇ ਅੰਗੂਠੇ ਵਾਲ਼ਾ ਕੋਈ ਕਾਗ਼ਜ਼-ਪੱਤਰ ਨਹੀਂ ਹੈ। ਜੇ ਕੋਈ ਹੋਇਆ ਵੀ, ਉਹਨੂੰ ਕੋਈ ਕਾਰਵਾਈ ਕਰਨ ਦਾ ਅਧਿਕਾਰ ਨਹੀਂ ਹੋਵੇਗਾ।

ਗੱਲ ਮੁੱਕ ਗਈ।

ਅਗਲੇ ਦਿਨ ਮਹਿੰਦਰ ਨੇ ਪੈਸੇ ਲਿਆ ਕੇ ਦੇਣੇ ਸੀ ਤੇ ਭਰਿਆ ਹੋਇਆ ਪ੍ਰਨੋਟ ਪਾੜਨਾ ਸੀ। ਨੱਥੂ ਰਾਮ ਦੀ ਇਹ ਬਹੁਤ ਵੱਡੀ ਜਿੱਤ ਸੀ। ਅਗਲੇ ਦਿਨ ਉਹ ਸੌ ਕੁ ਸਫ਼ਾਈ ਸੇਵਕ ਤੇ ਘਰਾਂ 'ਚ ਕੰਮ ਕਰਨ ਵਾਲ਼ੀਆਂ ਔਰਤਾਂ ਲੈ ਕੇ ਆਇਆ ਤੇ ਪੈਸੇ ਸੀਬੋ ਤੇ ਕੈਲੋ ਨੂੰ ਦਿਵਾ ਦਿੱਤੇ। ਇਹ ਉਹਦੀ ਯੂਨੀਅਨ ਦੀਆਂ ਹੁਣ ਤਕ ਦੀਆਂ ਜਿੱਤਾਂ 'ਚੋਂ ਸਭ ਤੋਂ ਵੱਡੀ ਜਿੱਤ ਸੀ। ਐੱਸ.ਡੀ.ਐੱਮ. ਦਫ਼ਤਰ ਤੋਂ ਨਗਰ ਕੌਂਸਲ ਤਕ ਨੱਥੂ ਰਾਮ ਨੇ ਜੇਤੂ ਰੈਲੀ ਕੱਢੀ। ਪੰਜਾਬ ਸਰਕਾਰ ਦੇ ਖਿਲਾਫ਼ ਫੇਰ ਨਾਅਰੇ ਲਾਏ।

ਇਹ ਗੱਲ ਪਿੰਡ ਪਹੁੰਚੀ ਤਾਂ ਦੋਵੇਂ ਦਲਿਤ ਵਿਹੜਿਆਂ 'ਚ ਖ਼ੁਸ਼ੀ ਚਾਂਭੜਾਂ ਪਾਉਣ ਲੱਗੀ। ਵਿਹੜੇ ਵਾਲ਼ੇ ਮਹਿੰਦਰ 'ਤੇ ਅੰਦਰੋ-ਅੰਦਰੀ ਔਖੇ ਸੀ। ਉਨ੍ਹਾਂ ਦੀ ਜਿਵੇਂ ਆਤਮਾ ਠਰੀ ਹੋਵੇ। ਵਾਰੀ-ਵਾਰੀ ਸਾਰੇ ਸੀਬੋ ਕੇ ਘਰੇ ਆ ਕੇ ਗਏ। ਕੈਲੋ ਮਾਂ ਦੇ ਪੈਸੇ ਆਪਣੇ ਖ਼ਾਤੇ 'ਚ ਜਮ੍ਹਾਂ ਕਰਵਾ ਆਈ ਸੀ। ਸਹੁਰਿਆਂ ਤੋਂ ਆ ਕੇ ਜਦੋਂ ਦੀ ਉਹ ਸ਼ਹਿਰ 'ਚ ਕੰਮ ਕਰਨ ਲੱਗੀ ਸੀ, ਉਦੋਂ ਤੋਂ ਦਸ-ਬਾਰਾਂ ਹਜ਼ਾਰ ਉਹਨੇ ਜੋੜ ਲਿਆ ਸੀ। ਉਹ ਤਾਂ ਸੋਚਦੀ ਸੀ ਕਿ ਹੌਲ਼ੀ-ਹੌਲ਼ੀ ਮਹਿੰਦਰ ਦੇ ਪੈਸੇ ਦੇ ਕੇ ਮਾਂ ਨੂੰ ਵਿਹਲੀ ਕਰੇਗੀ ਪਰ ਨੱਥੂ ਰਾਮ ਨੇ ਡੁੱਬਦੀ ਬੇੜੀ ਨੂੰ ਧੱਕਾ ਲਾ ਕੇ ਪੱਤਣ 'ਤੇ ਲੱਗਦੀ ਕਰ ਦਿੱਤਾ ਸੀ।

ਪਿੰਡ 'ਚ ਤਿੰਨ-ਚਾਰ ਦਿਨ ਇਹੋ ਗੱਲ ਘੁੰਮਦੀ ਰਹੀ।

ਐਤਵਾਰ ਆ ਗਿਆ। ਸੀਬੋ ਕੈਲੋ ਨੂੰ ਕਹਿੰਦੀ, "ਚੱਲ ਪੁੱਤ ਚੱਲੀਏ। ਸਰਪੰਚ ਦੇ ਕਿਤੇ ਪੰਚਾਇਤ ਆਈ ਨਾ ਬੈਠੀ ਹੋਵੇ।"

ਕੈਲੋ ਅੰਦਰ ਗਈ ਤੇ ਕਾਪੀ ਦੇ ਵਰਕੇ 'ਤੇ ਆਪਣਾ ਫੋਨ ਨੰਬਰ ਲਿਖ ਕੇ ਦੇ ਦਿੱਤਾ ਤੇ ਕਿਹਾ, "ਜਦੋਂ ਉਹ ਆ ਜਾਣ, ਬੇਬੇ ਮੈਨੂੰ ਫੋਨ ਕਰਵਾ ਦੇਈਂ।"

ਸੀਬੋ ਜਾ ਕੇ ਨਿੰਮ ਦੁਆਲ਼ੇ ਬਣੇ ਚੌਂਤਰੇ 'ਤੇ ਬਹਿ ਗਈ। ਅੱਧੇ-ਪੌਣੇ ਘੰਟੇ ਬਾਅਦ ਕਾਰ ਆਈ, ਜੀਹਦੇ 'ਚੋਂ ਭੋਲਾ, ਮੈਨੇਜਰ ਸ਼ਰਮਾ, ਭੋਲੇ ਦਾ ਮਾਮਾ ਉੱਤਰੇ।

ਸਰਪੰਚ ਨੇ ਨਿੰਮ ਥੱਲੇ ਹੀ ਕੁਰਸੀਆਂ ਮੰਗਵਾ ਲਈਆਂ ਸੀ। ਅੰਦਰੋਂ ਭਈਆ ਨੌਕਰ ਚਾਹ ਲੈ ਕੇ ਆਇਆ ਤਾਂ ਸਰਪੰਚ ਕਹਿੰਦਾ, "ਸੱਦ ਫੇਰ ਤਾਈ ਆਵਦੀ ਕੁੜੀ ਨੂੰ।"

ਸੀਬੋ ਨੇ ਉੱਠ ਕੇ ਸਰਪੰਚ ਨੂੰ ਪਰਚੀ ਫੜਾ ਦਿੱਤੀ। ਸਰਪੰਚ ਨੇ ਨਫ਼ਰਤ ਨਾਲ਼ ਪਰਚੀ ਫੜੀ ਤੇ ਫੋਨ 'ਤੇ ਸਿਰਫ਼ ਏਨਾ ਕਿਹਾ, "ਆ ਜਾ ਕੁੜੇ। ਉਹ ਆਏ ਬੈਠੇ ਐ।" ਮਨ 'ਚ ਸੋਚਿਆ ਹੁਣ ਵਿਹੜੇ ਆਲ਼ਿਆਂ ਨੂੰ ਵੀ ਫੋਨ ਕਰਨੇ ਪੈਣਗੇ? ਫੇਰ ਉਹ ਅੰਦਰੋ-ਅੰਦਰੀ ਮਹਿੰਦਰ 'ਤੇ ਖਿਝਣ ਲੱਗਿਆ।

ਕੈਲੋ ਚਾਰ-ਪੰਜ ਮਿੰਟਾਂ 'ਚ ਆ ਗਈ। ਸਾਈਕਲ ਉਹਨੇ ਕੋਠੀ ਦੀ ਬਾਹਰਲੀ ਕੰਧ ਨਾਲ਼ ਲਾ ਕੇ ਜਿੰਦਾ ਲਾ ਦਿੱਤਾ। ਉਹ ਨਿੱਖਰਵਾਂ ਸੂਟ ਪਾ ਕੇ ਆਈ ਸੀ ਤੇ ਮਾਂ ਕੋਲ਼ ਜਾ ਕੇ ਨਿੰਮ ਵਾਲ਼ੇ ਚੌਂਤਰੇ 'ਤੇ ਜਾ ਬੈਠੀ।

ਦੋ ਕੁ ਮਿੰਟ ਕੋਈ ਨਾ ਬੋਲਿਆ। ਅਖ਼ੀਰ ਭੋਲੇ ਦਾ ਮਾਮਾ ਕੈਲੋ ਵੱਲ ਝਾਕਦਾ ਹੋਇਆ ਕਹਿੰਦਾ, "ਹਾਂ ਭਾਈ ਕੀ ਗੱਲ ਐ ਫੇਰ?"

"ਗੱਲ ਮਾਮਾ ਜੀ ਕੋਈ ਨੀ।"

"ਗੱਲ ਤਾਂ ਕੋਈ ਹੈ ਈ, ਜਿਹੜੀ ਏਨੇ ਚਿਰ ਦੀ ਬੈਠੀ ਐਂ ਏਥੇ।"

"ਗੱਲ ਮੈਥੋਂ ਕੀ ਪੁੱਛਦੇ ਓਂ? ਏਸੇ ਤੋਂ ਈ ਪੁੱਛੋ।" ਕੈਲੋ ਨੇ ਭੋਲੇ ਵੱਲ ਇਸ਼ਾਰਾ ਕਰਦਿਆਂ ਕਿਹਾ।

ਭੋਲਾ ਨਹੀਂ ਬੋਲਿਆ।

ਨਾਲ਼ ਆਇਆ ਐੱਮ.ਸੀ. ਕਹਿੰਦਾ, "ਭਾਈ! ਜਿਹੜਾ ਤੈਨੂੰ ਦੁੱਖ ਐ, ਦੱਸ। ਜੇ ਇਹਦਾ ਕਸੂਰ ਹੋਇਆ, ਇਹਨੂੰ ਕਹਾਂਗੇ। ਤੇਰਾ ਹੋਇਆ, ਤੈਨੂੰ। ਸਾਂਝੇ ਬੰਦੇ ਆਂ, ਸਾਂਝੀ ਗੱਲ ਕਹਾਂਗੇ।"

ਕੈਲੋ ਨਹੀਂ ਬੋਲੀ।

ਮਾਮਾ ਫੇਰ ਕਹਿੰਦਾ, "ਤੈਨੂੰ ਭਾਈ ਉੱਥੇ ਕਿਸੇ ਚੀਜ਼ ਦੀ ਕਮੀ ਐਂ ਤਾਂ ਦੱਸ। ਖਰਚੇ-ਪੱਠੇ ਦੀ ਕਮੀ ਐ, ਉਹ ਵੀ ਦੱਸ। ਜੇ ਕੋਈ ਗਾਲ਼-ਦੁੱਪੜ ਕਰਦੈ ਤਾਂ ਦੱਸ।"

"ਮੈਨੂੰ ਉੱਥੇ ਕੋਈ ਕਮੀ ਨੀ ਜੀ। ਮਾੜਾ-ਚੰਗਾ ਕੋਈ ਨੀ ਬੋਲਦਾ। ਨਾ ਇਹਦੀ ਮਾਂ, ਨਾ ਭੈਣਾਂ, ਪਰ ਮੈਂ ਇਹਦੇ ਕੋਲ਼ ਨੀ ਰਹਿਣਾ।"

"ਰਹਿਣਾ ਕਿਉਂ ਨੀ?" ਖ਼ਾਸੇ ਚਿਰ ਦਾ ਚੁੱਪ ਬੈਠਾ ਮੈਨੇਜਰ ਸ਼ਰਮਾ ਬੋਲਿਆ।

ਕੈਲੋ ਕਹਿੰਦੀ, "ਅੰਕਲ ਜੀ! ਇਹਤੋਂ ਪੁੱਛੋ ਮੈਨੂੰ ਵਿਆਹ ਕੇ ਕਿਉਂ ਲੈ ਕੇ ਗਿਆ ਸੀ? ਐਨਾ ਚਿਰ ਮੈਂ ਉੱਥੇ ਰਹੀ ਆਂ। ਪੰਜ-ਛੇ ਮਹੀਨੇ ਘਰੇ ਰਿਹੈ। ਜੇਲ੍ਹ 'ਚ ਈ ਰਿਹੈ। ਤੁਸੀਂ ਦੱਸੋ ਸਾਰੇ ਬੰਦੇ, ਇਹਦੀ ਬੱਸ ਹੇਠ ਆ-ਆ ਕੇ ਈ ਮਰਦੇ ਐ?"

ਭੋਲੇ ਨੂੰ ਗੱਲ ਨਹੀਂ ਆਈ। ਚੁੱਪ ਕਰਿਆ ਬੈਠਾ ਰਿਹਾ। ਸ਼ਰਮਾ ਵੀ ਨੀਵੀਂ ਪਾ ਗਿਆ।

ਸਰਪੰਚ ਕਹਿੰਦਾ, "ਕੈਲੋ ਭਾਈ! ਇਹ ਬੰਦੇ ਜਾਣ-ਬੁੱਝ ਕੇ ਤਾਂ ਨੀ ਮਾਰਦਾ? ਮਸ਼ੀਨਰੀ ਐ। ਕਿਸੇ ਵੇਲ਼ੇ ਤਾਂ ਵਾਧ-ਘਾਟ ਹੋ ਜਾਂਦੀ ਐ।"

"ਅੰਕਲ ਜੀ! ਥੋਡੀ ਗੱਲ ਵੀ ਠੀਕ ਐ। ਮੈਂ ਮੰਨਦੀ ਆਂ ਪਰ ਇਹ ਵਿਹਲਾ ਰਹਿੰਦੈ। ਕਦੇ ਬੱਸ ਲੈ ਕੇ ਜਾਂਦੈ? ਮੋਟਰਸਾਈਕਲ ਥੱਲੇ ਐ। ਰੋਜ਼ ਆਥਣੇ ਸ਼ਰਾਬ ਪੀ ਕੇ ਆਉਂਦੈ। ਮੈਨੇਜਰ ਸਾਹਬ ਤੋਂ ਪੁੱਛੋ ਇਹ ਕਾਹਤੋਂ ਪਿਆਉਂਦੇ ਨੇ ਇਹਨੂੰ ਸ਼ਰਾਬ? ਅੱਧੀ ਰਾਤ ਨੂੰ ਆਉਂਦੈ ਇਹ।"

ਮੈਨੇਜਰ ਸ਼ਰਮਾ ਨੇ ਸਿਰ ਨਹੀਂ ਚੁੱਕਿਆ। ਉਹ ਮਨੋ-ਮਨੀ ਸੋਚ ਰਿਹਾ ਸੀ, 'ਇਹ ਤਾਂ ਸਭ ਕੁੱਝ ਜਾਣੀ ਬੈਠੀ ਐ।' ਮਨੋ-ਮਨੀ ਉਹਨੂੰ ਗੱਲ ਵਿਗੜਦੀ ਲੱਗ ਰਹੀ ਸੀ ਪਰ ਸੰਧੂ ਨੇ ਕਿਹਾ ਸੀ, ਗੱਲ ਮੁਕਾ ਕੇ ਆਇਓ, ਜਿਵੇਂ ਮਰਜ਼ੀ ਕਰਿਓ ਪਰ ਗੱਲ ਜਿਹੜੇ ਰਾਹ ਪੈਣੀ ਚਾਹੀਦੀ ਸੀ, ਉੱਧਰ ਪੈਣ ਦੀ ਬਜਾਏ ਹੋਰ ਹੀ ਪਾਸੇ ਪੈ ਗਈ ਸੀ। ਮੈਨੇਜਰ ਅੰਦਰੋ-ਅੰਦਰੀ ਹੈਰਾਨ ਹੋ ਰਿਹਾ ਸੀ, ਇਹਨੂੰ ਦਫ਼ਤਰ ਦੀਆਂ ਗੱਲਾਂ ਦਾ ਪਤਾ ਕਿਵੇਂ ਲੱਗਿਆ? ਗੱਲ ਵਿਚੋਂ ਇਹ ਸੀ ਕਿ ਕੈਲੋ ਭਗਤ ਰਵਿਦਾਸ ਦੇ ਜਨਮ ਦਿਨ ਵੇਲੇ ਵਿਹੜੇ ਦੇ ਗੁਰਦੁਆਰੇ 'ਚ ਗਈ ਸੀ। ਉੱਥੇ ਮੱਖਣ ਡਰਾਈਵਰ ਨੇ ਮੌਕਾ ਤਾੜ ਕੇ ਕੈਲੋ ਨੂੰ ਸਾਰੀ ਗੱਲ ਦੱਸ ਦਿੱਤੀ ਸੀ। ਏਥੇ ਆਈ ਨੂੰ ਘਰੇ ਆ ਕੇ ਸਭ ਕੁੱਝ ਦੱਸ ਗਿਆ ਸੀ। ਮੱਖਣ ਵੀ ਕਿਸੇ ਵੇਲੇ ਸੰਧੂ ਕਾ ਡਰਾਈਵਰ ਸੀ। ਮੱਖਣ ਦੇ ਮੁੰਡੇ ਦੀ ਗੱਲ ਭੋਲੇ ਦੀ ਭੈਣ ਨਾਲ਼ ਉੱਡ ਗਈ ਸੀ। ਭੋਲੇ ਨੇ ਸ਼ਰੀਕੇ ਦੇ ਦੋ-ਚਾਰ ਮੁੰਡੇ ਨਾਲ ਲਾ ਕੇ ਉਹਦੀ ਕੁੱਟ-ਮਾਰ ਵੀ ਕੀਤੀ ਸੀ ਤੇ ਦਫ਼ਤਰ ਆ ਕੇ ਸੰਧੂ ਨੂੰ ਕਹਿ ਦਿੱਤਾ ਸੀ ਕਿ ਜਾਂ ਤਾਂ ਮੈਨੂੰ ਰੱਖ ਲਵੋ ਜਾਂ ਮੱਖਣ ਨੂੰ। ਮੈਂ ਇਹਦੇ ਹੁੰਦੇ ਨੀ ਰਹਿਣਾ।

ਸੰਧੂ ਨੇ ਦੋਵਾਂ ਨੂੰ ਕਿੱਤੇ ਦੀ ਤੱਕੜੀ 'ਚ ਪਾ ਕੇ ਤੋਲਿਆ ਸੀ। ਭੋਲੇ ਦਾ ਪੱਲੜਾ ਭਾਰੀ ਲੱਗਿਆ। ਉਹਨੇ ਮੱਖਣ ਨੂੰ ਹਟਾ ਦਿੱਤਾ ਸੀ। ਉਹ ਕਿਸੇ ਹੋਰ ਦੇ ਜਾ ਲੱਗਿਆ ਸੀ ਪਰ ਸੰਧੂਆਂ ਦੇ ਲੱਗੇ ਦੀ ਟੌਹਰ ਹੀ ਵੱਖਰੀ ਸੀ। ਇਹ ਗੱਲ ਵੱਖਰੀ ਸੀ ਕਿ ਭੋਲੇ ਨੂੰ ਡਰਾਈਵਰੀ ਮੱਖਣ ਨੇ ਹੀ ਸਿਖਾਈ ਸੀ। ਉਹ ਅੰਦਰੋ-ਅੰਦਰੀ ਤਪਿਆ ਪਿਆ ਸੀ। ਕੈਲੋ ਨੂੰ ਸਾਰੀ ਗੱਲ ਦੱਸ ਕੇ ਮਚਦਾ ਕਾਲ਼ਜਾ ਠਾਰ ਲਿਆ ਸੀ।

ਭੋਲੇ ਦੇ ਜੇਲ੍ਹ ਜਾਣ ਦੀ ਗੱਲ ਫੇਰ ਚੱਲੀ ਤਾਂ ਉਹ ਕਹਿੰਦਾ, "ਮੈਂ ਚਾਅ ਨੂੰ ਤਾਂ ਨਹੀਂ ਗਿਆ ਸੀ ਜੇਲ੍ਹ 'ਚ? ਜੱਜ ਨੇ ਸਜ਼ਾ ਕੀਤੀ ਸੀ ਤਾਂ ਹੀ ਗਿਆ ਸੀ।"

ਕੈਲੋ ਕਹਿੰਦੀ, "ਮੇਰਾ ਮੂੰਹ ਨਾ ਖੁਲ੍ਹਾ। ਮੈਨੂੰ ਸਾਰੀ ਗੱਲ ਦਾ ਪਤੈ। 'ਕੱਲੀ-'ਕੱਲੀ ਗੱਲ ਦਾ। ਦੱਸ ਕਿਹੜੀ ਗੱਲ ਦੱਸਾਂ?"

ਭੋਲਾ ਨੀਵੀਂ ਪਾ ਗਿਆ।

ਭੋਲੇ ਦਾ ਮਾਮਾ ਫੇਰ ਬੋਲਿਆ, "ਤੂੰ ਭਾਈ ਲੰਬੀ ਸੋਚ। ਘਰਾਂ 'ਚ ਸੌ ਗੱਲਾਂ ਹੋ ਜਾਂਦੀਐਂ। ਸਹਿਣੀਆਂ ਪੈਂਦੀਐਂ। ਜੇ ਕੋਈ ਗੱਲ ਐ, ਤੂੰ ਖੁੱਲ੍ਹ ਕੇ ਦੱਸ। ਤੂੰ ਮੇਰੀ ਧੀਆਂ ਵਰਗੀ ਐਂ।"

ਸਰਪੰਚ ਨੂੰ ਵੀ ਜਿਵੇਂ ਗੱਲ ਕਹਿਣ ਦਾ ਮੌਕਾ ਮਿਲ ਗਿਆ ਸੀ। ਉਹ ਭੋਲੇ ਵੱਲ ਵੇਖਦਾ ਹੋਇਆ ਬੋਲਿਆ, "ਕਾਕਾ! ਤੈਨੂੰ ਸੰਗਣ ਦੀ ਲੋੜ ਨਹੀਂ। ਜੇ ਮਨ ਦੀਆਂ ਗੱਲਾਂ ਸਾਰੀਆਂ ਕੱਢੋਂਗੇ, ਫੇਰ ਗੱਲ ਸਿਰੇ ਚੜੂ। ਜਿਹੜੀ ਕੋਈ ਗੱਲ ਐ, ਤੂੰ ਖੁੱਲ੍ਹ ਕੇ ਦੱਸ। ਜੇ ਇਹਦੇ 'ਚ ਕੋਈ ਕਾਣ-ਮੀਣ ਐਂ, ਉਹ ਵੀ ਦੱਸ। ਸਾਰੀ ਗੱਲ ਦੱਸੇ ਬਿਨਾਂ ਗੱਲ ਨਹੀਂ ਨਿੱਬੜਦੀ।"

ਕੈਲੋ ਨਾਲ਼ ਬੈਠੀ ਸੀਬੋ ਨੇ ਵੱਟ ਖਾਧਾ। ਸੋਚਿਆ, ਇਹ ਗੱਲ ਕਿਹੜੀ ਕਰਦੈ? ਕਾਹਦੇ ਲਈ ਕਰਦੈ? ਜਾਂ ਕੀ ਕਹਾਉਣਾ ਚਾਹੁੰਦੈ?

ਸਰਪੰਚ ਦੇ ਮਨ 'ਚ ਸੀ ਕੈਲੋ ਚੱਕਵੀਂ ਐਂ। ਹੋ ਸਕਦੈ ਘਰੋਂ ਬਾਹਰ ਡੁਲ੍ਹਦੀ ਹੋਵੇ। ਉਹਨੇ ਫੇਰ ਭੋਲੇ ਨੂੰ ਕਿਹਾ, "ਕਾਕਾ! ਪੰਚਾਇਤ ਰੱਬ ਵਰਗੀ ਹੁੰਦੀ ਐ। ਤੂੰ ਜਿਹੜੀ ਗੱਲ ਐ, ਖੁੱਲ੍ਹ ਕੇ ਦੱਸ।"

ਸੀਬੋ ਨੂੰ ਖਿਝ ਚੜ੍ਹ ਗਈ। ਬੋਲੀ, "ਦੱਸ ਦੇ ਭਾਈ ਪ੍ਰਾਹੁਣਿਆ, ਜਿਹੜੀ ਗੱਲ ਸਰਪੰਚ ਕਹਾਉਣਾ ਚਾਹੁੰਦੈ। ਕਹਿ ਦੇ। ਕੈਲੋ ਮਾੜੀ ਐ। ਫੇਰ ਇਨ੍ਹਾਂ ਦੀਆਂ ਆਂਦਰਾਂ ਠਰਨਗੀਆਂ। ਕਿਸੇ ਦੇ ਘਰ ਦੀ ਇੱਜ਼ਤ ਨਾਲ਼ ਇਨ੍ਹਾਂ ਨੂੰ ਕੋਈ ਮਤਲਬ ਨੀਂ। ਨਾ ਇਹਦਾ ਤੇਰੇ ਨਾਲ਼ ਕੋਈ ਮਤਲਬ ਐ। ਇਹ ਤਾਂ ਕੁੜੀ ਦੇ ਸਿਰ 'ਚ ਸੁਆਹ ਪਾਉਣੀ ਚਾਹੁੰਦੈ। ਪਾ ਦੇ-ਪਾ ਦੇ। ਮੇਰਾ ਪੁੱਤ ਪਾ ਦੇ। ਠਾਰ ਦੇ ਇਨ੍ਹਾਂ ਦਾ ਕਾਲ਼ਜਾ। ਮੱਚੇ ਪਏ ਐ ਓਦੋਂ ਦੇ, ਜਿੱਦੋਂ ਦਾ ਕੁੜੀ ਨੇ ਚੱਕਣਾ ਚੱਕਿਐ। ਇਨ੍ਹਾਂ ਦੀ ਵਾਹ ਨੀਂ ਚਲਦੀ। ਗਲ਼ 'ਗੂਠਾ ਕਿਹੜਾ ਨਾ ਦੇ ਦੇਣ ਸਾਡੇ।"

ਸੀਬੋ ਸ਼ਾਇਦ ਹੋਰ ਬੋਲੀ ਜਾਂਦੀ। ਭੋਲੇ ਦਾ ਮਾਮਾ ਕਹਿੰਦਾ, "ਤੁਸੀਂ ਜੀ ਕਰਨ ਆਲ਼ੀ ਗੱਲ ਕਰੋ। ਜੇ ਕੋਈ ਥੋਡੀ ਹੋਰ ਗੱਲ ਐ, ਮਗਰੋਂ ਕਰ ਲਿਓ।" ਉਹ ਦਿਲੋਂ ਚਾਹੁੰਦਾ ਸੀ ਕਿ ਕੈਲੋ

ਜਿਹੜੀ ਗੱਲ ਕਹੇ, ਉਹ ਮੰਨ ਕੇ ਆਵਦੀ ਭੈਣ ਦਾ ਉੱਜੜਦਾ ਘਰ ਬਚਾ ਲਵੇ।

ਭੋਲੇ ਦਾ ਮਾਮਾ ਫੇਰ ਕਹਿੰਦਾ, "ਦੱਸ ਭਾਈ ਫੇਰ ਕਿਵੇਂ ਕਰਨੈ?"

ਕੈਲੋ ਕਹਿੰਦੀ, "ਇਹਨੂੰ ਪੁੱਛੋ, ਜਿਵੇਂ ਮੈਂ ਕਹੂੰਗੀ, ਕਰੂ ਗਾ। ਮੈਂ ਨਾਲ਼ ਜਾਣ ਨੂੰ ਤਿਆਰ ਆਂ। ਐਥੋਂ ਈ। ਘਰੇ ਵੀ ਨੀਂ ਜਾਂਦੀ।"

ਸਾਰੇ ਕੈਲੋ ਵੱਲ ਵੇਖਣ ਲੱਗੇ ਕਿ ਪਤਾ ਨਹੀਂ ਕੀ ਕਹੂ? ਭੋਲੇ ਨੂੰ ਕਹੀ ਜਾਣ ਵਾਲ਼ੀ ਗੱਲ ਦਾ ਪਹਿਲਾਂ ਈ ਪਤਾ ਸੀ। ਉਹਨੇ ਸਿਰ ਨਹੀਂ ਚੁੱਕਿਆ। ਭੋਲੇ ਦਾ ਮਾਮਾ ਫੇਰ ਬੋਲਿਆ, "ਦੱਸ ਭਾਈ ਕੀ ਗੱਲ ਐ?"

"ਗੱਲ ਮਾਮਾ ਜੀ ਇਹੋ ਐ, ਜੇ ਮੈਨੂੰ ਲੈ ਕੇ ਜਾਣੈ, ਸੰਧੂਆਂ ਦੀ ਡਰਾਈਵਰੀ ਛੱਡੇ। ਜਿਹੜਾ ਮਰਜ਼ੀ ਕੰਮ ਕਰ ਲਵੇ। ਮੈਂ ਦੋ-ਤਿੰਨ ਘਰਾਂ ਦਾ ਕੰਮ ਕਰਦੀ ਆਂ। ਤੜਕੇ-ਆਥਣੇ ਦੋ ਦਾ ਹੋਰ ਕਰ ਲਊਂ। ਆਪੇ ਘਰ ਚਲਾਊਂ। ਭਾਵੇਂ ਪੈਸਾ ਨਾ ਦੇਵੇ ਘਰੇ।"

ਸਰਪੰਚ, ਮੈਨੇਜਰ ਸ਼ਰਮਾ ਦੀਆਂ ਜਿਵੇਂ ਮੂੰਹ 'ਚੋਂ ਜੀਭਾਂ ਡਿੱਗ ਪਈਆਂ ਹੋਣ। ਕੈਲੋ ਕਹਿੰਦੀ, "ਜਿੱਦੇਂ ਮੈਨੂੰ ਇਹ ਪਹਿਲੀ ਵਾਰ ਲੈਣ ਆਇਐ, ਮੈਂ ਓਦੋਂ ਵੀ ਇਹੀ ਗੱਲ ਕਹੀ ਸੀ। ਹੁਣ ਵੀ ਏਹੀ ਕਹਿੰਨੀ ਆਂ। ਜਦੋਂ ਤਕ ਸੰਧੂਆਂ ਦੇ ਐ, ਮੈਂ ਨੀਂ ਜਾਣਾ।"

ਚੁੱਪ ਬੈਠਾ ਸਰਪੰਚ ਕਹਿੰਦਾ, "ਤੈਨੂੰ ਭਾਈ ਦੁੱਖ ਕੀ ਐ? ਜੇ ਕੰਮ ਕਰਦੈ, ਕਰੇ? ਤੂੰ ਵਿਚਲੀ ਗੱਲ ਦੱਸ।"

"ਅੰਕਲ ਜੀ! ਵਿਚਲੀ ਗੱਲ ਕੋਈ ਹੈ ਈ ਨੀਂ। ਜੇ ਵਿਚਲੀ ਗੱਲ ਸੁਣਨੀ ਐਂ ਤਾਂ ਸੁਣੋ। ਇਹ ਉਨ੍ਹਾਂ ਨੇ ਡਰਾਈਵਰੀ 'ਤੇ ਨੀਂ ਰੱਖਿਆ। ਇਹ ਕੈਦ ਕੱਟਣ ਵਾਸਤੇ ਰੱਖਿਐ। ਬੰਦਾ ਪਟਿਆਲੇ ਮਰਦੈ, ਇਹ ਦਫ਼ਤਰ 'ਚ ਹੁੰਦੈ। ਸੰਧੂ ਨਾਂਅ ਇਹਦਾ ਪਵਾ ਦਿੰਦੈ। ਚਾਰ-ਪੰਜ ਕੇਸ ਹੋਰ ਚਲਦੇ ਐ ਇਹਦੇ 'ਤੇ। ਸਾਰਿਆਂ 'ਚ ਸਜ਼ਾ ਹੋਊ। ਹਰ ਵਾਰੀ ਪੁੱਛੋ ਤੋਂ ਇਹ ਕਹਿੰਦੈ ਮੇਰੀ ਮਜਬੂਰੀ ਐ। ਦੋ ਭੈਣਾਂ ਮੈਂ ਵਿਆਹੁਣੀਆਂ ਨੇ। ਫੇਰ ਛੱਡੂੰ ਉਨ੍ਹਾਂ ਦੀ ਡਰਾਈਵਰੀ। ਦੋ ਭੈਣਾਂ ਕਦੋਂ ਵਿਆਹੀਆਂ, ਕਦੋਂ ਇਹਨੇ ਡਰਾਈਵਰੀ ਛੱਡੀ। ਮੈਂ ਵੀ ਅਕਸਰ ਤੀਵੀਂ ਆਂ। ਮੇਰਾ ਵੀ ਹੱਸਣ-ਖੇਡਣ ਦਾ ਮਨ ਐਂ। ਮੈਨੂੰ ਕੁੱਝ ਨਾ ਕਹੋ। ਮਾਮਾ ਜੀ, ਇਹਤੋਂ ਪੁੱਛੋ। ਕੀ ਸਲਾਹ ਐ ਇਹਦੀ?"

"ਹਾਂ ਭੋਲੇ! ਦੱਸ ਕਿਵੇਂ ਕਰਨੈ?"

"ਕਰਨਾ ਕੀ ਐ ਮਾਮਾ। ਮੈਂ ਅਜੇ ਨੀਂ ਸੰਧੂਆਂ ਨੂੰ ਛੱਡ ਸਕਦਾ। ਕੁੜੀਆਂ ਤੁਰਦੀਆਂ ਹੋ ਜਾਣ, ਫੇਰ ਦੇਖ ਲੂੰ।"

ਗੱਲ ਨਿੱਤਰ ਕੇ ਸਾਹਮਣੇ ਆ ਗਈ ਸੀ। ਆਪਣੀ-ਆਪਣੀ ਗੱਲ ਦੋਵਾਂ ਨੇ ਕਹਿ ਦਿੱਤੀ ਸੀ।

ਮਾਮੇ ਨੇ ਭੋਲੇ ਨੂੰ ਫੇਰ ਕਿਹਾ, "ਸੋਚ ਲੈ ਭਾਈ! ਮੁੜ ਕੇ ਨੀਂ ਮੈਂ ਆਉਣਾ। ਕੁੜੀ ਜਾਣ ਨੂੰ ਤਿਆਰ ਐ। ਆਵਦੇ ਘਰ ਵੰਨੀਂ ਵੇਖ। ਇਹ ਮੰਜਾ ਨੀਂ, 'ਧੇੜ ਕੇ ਬੁਣ ਲੇਂ ਗਾ। ਤੂੰ ਆਵਦਾ ਘਰ ਵੇਖ। ਡਰਾਈਵਰੀ ਐ, ਕਿਸੇ ਦੇ ਹੋਰ ਕਰ ਲੀਂ।"

"ਨਹੀਂ ਮਾਮਾ। ਮੇਰੀ ਮਜਬੂਰੀ ਐ। ਸੰਧੂਆਂ ਨੂੰ ਨੀਂ ਮੈਂ ਛੱਡ ਸਕਦਾ।"

ਕੈਲੋ ਚੌਂਕੜੀ ਤੋਂ ਉੱਠੀ ਤੇ ਕਹਿਣ ਲੱਗੀ, "ਅੰਕਲ ਜੀ! ਸੰਧੂਆਂ ਦੀ ਕੈਦ ਕੱਟਣ ਦੀ ਇਹਦੀ ਮਜਬੂਰੀ ਹੋਊ। ਮੇਰੀ ਇਹਦੇ ਘਰੇ ਤੜਫ਼ਣ ਦੀ ਕੋਈ ਮਜਬੂਰੀ ਨਹੀਂ। ਮੈਂ ਕੈਦ ਨੀਂ ਕੱਟਣੀ। ਕਦੇ ਨੀਂ ਕੱਟ ਸਕਦੀ।"

ਫੇਰ ਉਹਨੇ ਸੱਜੇ ਹੱਥ ਦੀਆਂ ਚਾਰੇ ਉਂਗਲਾਂ ਹਥੇਲ਼ੀ ਨਾਲ਼ ਲਾਈਆਂ ਤੇ ਅੰਗੂਠਾ ਉੱਚਾ ਚੁੱਕ ਕੇ ਕਹਿੰਦੀ, "ਮੇਰੇ ਕੋਲ਼ ਆਹ ਐ। ਜਦੋਂ, ਜਿੱਥੇ ਮਰਜ਼ੀ ਲਵਾ ਲੇ।" ਇਹ ਕਹਿ ਕੇ ਕੈਲੋ ਤੁਰ ਪਈ। ਬੀਹੀ 'ਚ ਆ ਕੇ ਉਹਨੇ ਕੰਧ ਨਾਲ਼ ਲਾਏ ਸਾਈਕਲ ਦਾ ਜਿੰਦਾ ਖੋਲ੍ਹਿਆ ਤੇ ਸਾਈਕਲ ਸ਼ਹਿਰ ਦੇ ਰਾਹ ਪਾ ਲਿਆ। 000

***(ਬਰਨਾਲਾ, ਫੋਨ: +91-98143-80749)***

# ਬਹੁ-ਸਭਿਆਚਾਰਵਾਦ, ਪਰਵਾਸ ਤੇ ਆਵਾਸ ਦਾ ਵਰਤਾਰਾ: ਪੰਜਾਬੀ ਨਾਵਲ ਦੇ ਹਵਾਲੇ ਨਾਲ

**ਬਲਜਿੰਦਰ ਨਸਰਾਲੀ**

ਵਿਸ਼ਵ ਬੜੀ ਤੇਜ਼ੀ ਨਾਲ ਬਹੁ-ਸਭਿਆਚਾਰਕ ਬਣਨ ਵੱਲ ਵਧ ਰਿਹਾ ਹੈ। ਦਿਨੋ ਦਿਨ ਇਹੋ ਜਿਹੇ ਦੇਸ਼ਾਂ, ਸ਼ਹਿਰਾਂ, ਕਲੋਨੀਆਂ ਤੇ ਗਲ਼ੀਆਂ ਦੀ ਗਿਣਤੀ ਵਧ ਰਹੀ ਹੈ ਜਿੱਥੇ ਇਕ ਤੋਂ ਵਧੇਰੇ ਸਭਿਆਚਾਰਾਂ ਵਾਲੇ ਲੋਕ ਗੁਆਂਢੀਆਂ ਦੇ ਤੌਰ 'ਤੇ ਰਹਿ ਰਹੇ ਹਨ। ਇਕ ਸਮਾਂ ਸੀ ਜਦੋਂ ਯੂਰਪੀ ਸਾਮਰਾਜਵਾਦੀ ਅਫ਼ਰੀਕਾ ਤੋਂ ਇਨਸਾਨਾਂ ਦਾ ਵਪਾਰ ਬਿਲਕੁਲ ਇਸ ਤਰ੍ਹਾਂ ਕਰਦੇ ਸਨ ਜਿਵੇਂ ਉਹ ਸੰਵੇਦਨਾ ਤੋਂ ਰਹਿਤ ਜਾਨਵਰ ਹੋਣ। ਅਫ਼ਰੀਕੀ ਕਾਲ਼ੇ ਲੋਕਾਂ ਦੇ ਵਪਾਰ ਦੇ ਨਾਂ 'ਤੇ ਸ਼ੇਅਰ ਹੋਲਡ ਕੰਪਨੀਆਂ ਚੱਲਦੀਆਂ ਸਨ ਤੇ ਇਨ੍ਹਾਂ ਦੇ ਸ਼ੇਅਰ ਅਮੈਸਟਰਡਰਮ, ਪੈਰਿਸ ਤੇ ਲੰਡਨ ਦੀਆਂ ਸਟੌਕ ਐਕਸਚੇਂਜ ਕੰਪਨੀਆਂ ਵਿਚ ਵੇਚੇ ਜਾਂਦੇ ਸਨ।

'ਸ਼ੇਅਰਾਂ ਦੇ ਖਰੀਦਦਾਰ, ਸ਼ੇਅਰਾਂ ਨੂੰ ਵੇਚਣ ਵਾਲੇ ਬਰੋਕਰ ਅਤੇ ਗ਼ੁਲਾਮ ਵਪਾਰ ਕੰਪਨੀਆਂ ਸਨ।'[1] ਉਨ੍ਹਾਂ ਦੀ ਕਮਾਈ ਤੇ ਵਿਸ਼ਵਵਿਦਿਆਲਿਆਂ ਵਿਚ ਪੜ੍ਹਦੇ ਮੁੰਡੇ ਕੁੜੀਆਂ ਨੂੰ ਤਾਂ ਬਿਲਕੁਲ ਵੀ ਨਹੀਂ ਪਤਾ ਹੋਣਾ ਕਿ ਉਨ੍ਹਾਂ ਦੀ ਐਸ਼ ਦੀ ਕੀਮਤ ਕਾਲ਼ੇ ਅਫ਼ਰੀਕੀ ਅਦਾ ਕਰ ਰਹੇ ਸਨ। ਐਟਲਾਂਟਿਕ ਸਮੁੰਦਰ ਰਾਹੀਂ ਅਫ਼ਰੀਕਾ ਤੋਂ ਅਮਰੀਕਾ ਤਕ ਇਹ ਗ਼ੁਲਾਮ ਵਪਾਰ ਸੋਲ੍ਹਵੀਂ ਸਦੀ ਤੋਂ ਉਨੀਵੀਂ ਸਦੀ ਦੇ ਅਖੀਰ ਤਕ ਬੇਰੋਕ ਚੱਲਦਾ ਰਿਹਾ।

ਇਸ ਵਪਾਰ ਨੂੰ ਖਤਮ ਕਰਨ ਲਈ ਰਾਸ਼ਟਰਪਤੀ ਇਬਰਾਹਿਮ ਲਿੰਕਨ ਨੂੰ 1861 ਤੋਂ 1865 ਤਕ ਘਰੇਲੂ ਜੰਗ ਛੇੜਨ ਲਈ ਮਜਬੂਰ ਹੋਣਾ ਪਿਆ ਕਿਉਂਕਿ ਵਰਜੀਨੀਆ ਤੇ ਸੱਤ ਹੋਰ ਸੂਬਿਆਂ ਨੇ ਗ਼ੁਲਾਮੀ ਪ੍ਰਥਾ ਖਤਮ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਅਮਰੀਕੀ ਨਾਲਵਕਾਰ ਮਾਰਗਰੇਟ ਮਿਸ਼ੇਲ ਦੇ ਵਿਸ਼ਵ ਪ੍ਰਸਿੱਧ ਨਾਵਲ 'Gone with the wind' (1936) ਵਿਚ ਕਾਲ਼ਿਆਂ ਦੇ ਨਰਕ ਵਰਗੇ ਜੀਵਨ, ਘਰੇਲੂ ਜੰਗ ਤੇ ਗ਼ੁਲਾਮਾਂ ਦੀ ਆਜ਼ਾਦੀ ਨੂੰ ਬਿਆਨ ਕੀਤਾ ਗਿਆ ਹੈ।

ਈਸਟ ਇੰਡੀਆ ਕੰਪਨੀ ਨੇ ਬੰਗਾਲ ਵਿਚ ਪਏ ਵੱਡੇ ਕਾਲ਼ (1769-1773) ਸਮੇਂ ਇਕ ਕਰੋੜ ਬੰਗਾਲੀਆਂ ਨੂੰ ਭੁੱਖ ਨਾਲ ਮਰਨ ਦਿੱਤਾ ਸੀ ਪਰ ਆਪਣੇ ਮੁਨਾਫਿਆਂ ਵਿਚ ਕਮੀ ਨਹੀਂ ਆਉਣ ਦਿੱਤੀ ਸੀ। ਚਿੱਟੀ ਨਸਲ ਦੇ ਸਰਬਉੱਚ ਹੋਣ ਦੀ ਭਾਵਨਾ ਯੂਰਪ ਦੇ ਸਾਹਿਤਕਾਰਾਂ ਵਿਚ ਵੀ ਭਰੀ ਪਈ ਸੀ। ਰੂਡਯਾਰਡ ਕਿਪਲਿੰਗ ਆਪਣੀ ਕਵਿਤਾ 'The White Man's Burden' ਵਿਚ ਇਸ ਦਾ ਪ੍ਰਗਟਾਵਾ ਇਸ ਤਰ੍ਹਾਂ ਕਰਦਾ ਹੈ:

Take up the white man's burden, Send forth the best ye breed,
Go bind your sons to exile, To serve your captive need
Your need caught, Sullen peoples half devil and half child

1950 ਤਕ ਨਸਲਵਾਦ ਆਪਣੀ ਸਿਖਰ 'ਤੇ ਰਿਹਾ। ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿਚ ਪੱਛਮ ਵੱਲ ਪਰਵਾਸੀ ਬਣ ਕੇ ਗਏ ਪੰਜਾਬੀਆਂ ਨੂੰ ਵਿਤਕਰੇ ਦਾ ਸਾਹਮਣਾ ਕਰਨਾ ਪਿਆ। ਡਾ. ਸਾਧੂ ਸਿੰਘ ਧਾਮੀ ਦੇ ਨਾਵਲ 'ਮਲੂਕਾ' ਵਿਚ ਸੌ ਸਾਲ ਪਹਿਲਾਂ ਕੈਨੇਡਾ ਗਏ ਪਰਵਾਸੀਆਂ ਨਾਲ ਹੁੰਦੇ ਵਿਤਕਰੇ ਨੂੰ ਚਿਤਰਿਆ ਗਿਆ ਹੈ। ਦੂਜੇ ਨਸਲਵਾਦ ਦਾ ਵਰਤਾਰਾ ਸਭਿਆਚਾਰਵਾਦ ਦੇ ਵਰਤਾਰੇ ਵਿਚ ਤਬਦੀਲ ਹੋ ਗਿਆ। 'ਨਸਲਵਾਦ ਨੂੰ ਨੈਤਿਕ ਤੌਰ 'ਤੇ ਹੀ ਬੁਰਾ ਨਹੀਂ ਮੰਨਿਆ ਜਾਣ ਲੱਗਾ ਬਲਕਿ ਇਸ ਸੰਕਲਪ ਨੂੰ ਵਿਗਿਆਨਕ ਤੌਰ 'ਤੇ ਵੀ ਦੀਵਾਲੀਆਂ ਸਮਝਿਆ ਜਾਣ

ਲੱਗਾ। ਜੀਵ ਵਿਗਿਆਨੀਆਂ ਖਾਸ ਤੌਰ 'ਤੇ ਜੀਨ ਵਿਗਿਆਨੀਆਂ ਨੇ ਯੂਰਪੀ, ਅਫ਼ਰੀਕੀ, ਚੀਨੀ ਤੇ ਮੂਲ ਵਾਸੀ ਲੋਕਾਂ ਦੇ ਜੀਵ ਵਿਗਿਆਨਕ ਫ਼ਰਕਾਂ ਨੂੰ ਸ਼ਕਤੀਸ਼ਾਲੀ ਵਿਗਿਆਨਕ ਸਬੂਤਾਂ ਦੇ ਆਧਾਰ 'ਤੇ ਰੱਦ ਕਰ ਦਿੱਤਾ।[2]

ਇਸ ਦੇ ਨਾਲ ਹੀ ਵੱਖਰੇ ਵੱਖਰੇ ਸਭਿਆਚਾਰਾਂ ਦੇ ਅਧਿਐਨ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਸੰਸਾਰ ਦੇ ਸਾਰੇ ਸਭਿਆਚਾਰਾਂ ਵਿਚ ਬਹੁਤ ਸਾਰੇ ਵਖਰੇਵੇਂ ਹਨ। ਜੇਕਰ ਸਾਰੇ ਸਭਿਆਚਾਰ ਇਕੋ ਜਿਹੇ ਹੁੰਦੇ ਤਾਂ ਵੱਖਰੇ ਵੱਖਰੇ ਸਭਿਆਚਾਰਾਂ ਦੇ ਅਧਿਆਇਨਾਂ ਦੀ ਜ਼ਰੂਰਤ ਨਹੀਂ ਪੈਣੀ ਸੀ। ਵੱਖਰੇ ਵੱਖਰੇ ਸਭਿਆਚਾਰਾਂ ਵਿਚ ਮਨੁੱਖ ਕਾਮੁਕ, ਆਰਥਿਕ ਤੇ ਸਮਾਜਕ ਵਿਹਾਰਾਂ ਵਿਚ ਬਹੁਤ ਸਾਰੇ ਫ਼ਰਕ ਸਾਹਮਣੇ ਆਏ ਹਨ। ਇਸ ਦੇ ਬਾਵਜੂਦ ਸਭਿਆਚਾਰ ਵਿਗਿਆਨੀਆਂ ਨੇ ਸਭਿਆਚਾਰਾਂ ਵਿਚ ਉਚ ਨੀਚ (ਹਰਾਰਕੀ) ਨੂੰ ਰੱਦ ਕਰਕੇ ਸਾਰੇ ਸਭਿਆਚਾਰਾਂ ਨੂੰ ਬਰਾਬਰ ਮੰਨਿਆ ਹੈ। ਪਰੰਤੂ ਸਾਰੇ ਸਭਿਆਚਾਰ ਦੂਜੇ ਸਭਿਆਚਾਰਾਂ ਦੇ ਲੋਕਾਂ, ਆਵਾਸੀਆਂ ਤੇ ਰਫਿਊਜੀਆਂ ਨਾਲ ਇਕੋ ਜਿਹਾ ਵਿਹਾਰ ਨਹੀਂ ਕਰਦੇ।

ਕੋਈ ਸਭਿਆਚਾਰ ਦੂਜੇ ਸਭਿਆਚਾਰ ਦੇ ਲੋਕਾਂ ਨੂੰ ਖੁੱਲ੍ਹਦਿਲੀ ਨਾਲ ਸਵੀਕਾਰ ਕਰਦਾ ਹੈ ਤੇ ਕੋਈ ਬਿਲਕੁਲ ਵੀ ਨਹੀਂ ਕਰਦਾ। 'ਸੀਰੀਆ ਦੇ ਮੁਸਲਮਾਨ ਰਫਿਊਜੀ ਸੰਭਵ ਤੌਰ 'ਤੇ ਮੁਸਲਮਾਨ ਸਾਊਦੀ ਅਰਬ ਦੇ ਮੁਕਾਬਲੇ ਇਸਾਈ ਜਰਮਨੀ ਵੱਲ ਪਰਵਾਸ ਕਰਨਾ ਵਧੇਰੇ ਪਸੰਦ ਕਰਨਗੇ। 2011 ਤੋਂ ਹੁਣ ਤਕ ਜਰਮਨੀ ਨੇ ਸਾਊਦੀ ਅਰਬ ਤੋਂ ਵਧੇਰੇ ਸੀਰੀਅਨ ਰਫਿਊਜੀ ਲਏ ਹਨ।[3] ਇਸੇ ਤਰ੍ਹਾਂ ਅਮਰੀਕਾ ਨੇ ਜਪਾਨ ਤੋਂ ਵਧੇਰੇ ਪਰਵਾਸੀ ਪੱਖੀ ਹੋਣ ਦਾ ਮੁਜ਼ਾਹਰਾ ਕੀਤਾ ਹੈ। ਇਸ ਤਰ੍ਹਾਂ ਪਰਵਾਸੀਆਂ ਦੇ ਮਸਲੇ ਵਿਚ ਜਰਮਨੀ ਤੇ ਅਮਰੀਕਾ ਦੇ ਸਭਿਆਚਾਰ ਵਧੇਰੇ ਸਹਿਣਸ਼ੀਲ ਸਿੱਧ ਹੋਏ ਹਨ।

ਦੁਨੀਆਂ ਦੇ ਬਹੁਤੇ ਇਕਹਿਰੇ ਸਭਿਆਚਾਰ ਵੀ ਕਈ ਸਭਿਆਚਾਰਾਂ ਦੇ ਮਿਸ਼ਰਣ ਤੋਂ ਬਣੇ ਹੁੰਦੇ ਹਨ। ਸਦੀਆਂ ਤੋਂ ਇਕੋ ਭੂਗੋਲਕ ਖੇਤਰ ਵਿਚ ਰਹਿਣ ਸਦਕਾ ਉਨ੍ਹਾਂ ਦੇ ਸਭਿਆਚਾਰਕ ਵਿਰੋਧ ਖੁੰਢੇ ਹੋ ਚੁੱਕੇ ਹੁੰਦੇ ਹਨ ਜਾਂ ਉਨ੍ਹਾਂ ਨੇ ਵਿਰੋਧਾਂ ਦੇ ਬਾਵਜੂਦ ਇਕੱਠੇ ਰਹਿਣਾ ਸਿੱਖ ਲਿਆ ਹੁੰਦਾ ਹੈ।

ਕਰਮਜੀਤ ਸਿੰਘ ਕੁੱਸਾ ਦੇ ਨਾਵਲ 'ਅੱਗ ਦਾ ਗੀਤ' ਵਿਚ ਮਾਲਵੇ ਦੇ ਇਕ ਪਿੰਡ ਦੇ ਸੰਯੁਕਤ ਸਭਿਆਚਾਰ ਵਾਲੇ ਪਿੰਡ ਦੀ ਪੇਸ਼ਕਾਰੀ ਕੀਤੀ ਗਈ ਹੈ। ਇਸ ਪਿੰਡ ਵਿਚ ਜੱਟ ਕਿਸਾਨ, ਬ੍ਰਾਹਮਣ, ਕਾਰੀਗਰ ਤੇ ਮਜ਼ਦੂਰ ਜਮਾਤ ਅਲੱਗ ਅਲੱਗ ਜਾਤੀਗਤ ਤੇ ਆਰਥਿਕ ਰਿਸ਼ਤਿਆਂ ਵਿਚ ਬੱਝੀ ਹੋਏ ਇਕੋ ਪਿੰਡ ਦੇ ਵਾਸੀ ਹਨ। ਇਕ ਮਲਵਈ ਪਿੰਡ ਦੇ ਨੁਮਾਇੰਦੇ ਹੋਣ ਦੇ ਬਾਵਜੂਦ ਇਨ੍ਹਾਂ ਵਿਚਲੇ ਸਭਿਆਚਾਰਕ ਵਖਰੇਵਿਆਂ ਨੂੰ ਨਾਵਲਕਾਰ ਨੇ ਬਾਰੀਕਬੀਨੀ ਨਾਲ ਪੇਸ਼ ਕੀਤਾ ਹੈ। ਨਾਵਲ ਦਾ ਨਾਇਕ ਦੇਬੂ ਉਸਦੀ ਪਤਨੀ ਗੀਰੋ (ਨਾਇਕਾ) ਮੇਲੇ ਵਿਚ ਚੰਡੋਲ ਝੂਟਣ ਲਈ ਖੜ੍ਹੇ ਹਨ ਤਾਂ ਉਨ੍ਹਾਂ ਬਾਰੇ ਉਨ੍ਹਾਂ ਦੇ ਹੀ ਪਿੰਡ ਦਾ ਜ਼ਿਮੀਂਦਾਰ ਟਿੱਪਣੀ ਕਰਦਾ ਹੈ:

"ਦੇਖ ਲੈ, ਵਸਾਖਾ ਸਿੰਆਂ, ਮਜ਼੍ਹਬੀ ਚੰਡੋਲ ਦੁਆਲੇ ਕਿਵੇਂ ਕੱਠੇ ਹੋਏ ਐ। ਏਸ ਜਾਤ ਦੇ ਜਹਾਨ ਨਾਲੋਂ ਵੱਖਰੇ ਈ ਰੰਗ।" ਵਸਾਖੇ ਨੇ ਉਧਰ ਝਾਕਦਿਆਂ ਆਖਿਆ,"ਸਿਆਣਿਆਂ ਨੇ ਹੋਰ ਐਮੇਂ ਝੂਠੇ ਕਥਨ ਤਾਂ ਨੀ ਬਣਾ ਦਿੱਤੇ ਅਖੇ ਮਜ਼੍ਹਬੀਆਂ ਦੀ ਕਮਾਈ ਜਾਂਦੀ ਐ ਚੰਡੋਲ 'ਤੇ, ਰਹਿੰਦੇ ਖੂੰਹਦੇ ਦਾਣੇ ਕੁੱਕੜਾਂ ਨੇ ਡੋਲ-ਤੇ।" ਗੀਰੋ ਜੱਟ ਬੁੜ੍ਹਿਆਂ ਵੱਲ ਕੌੜੀ ਹੋ ਕੇ ਝਾਕੀ।[4]

ਪਰੰਤੂ ਜਿਨ੍ਹਾਂ ਖੇਤਰਾਂ ਵਿਚ ਪਰਵਾਸ ਤਾਜ਼ਾ ਤਾਜ਼ਾ ਹੋਇਆ ਹੁੰਦਾ ਹੈ ਉਨ੍ਹਾਂ ਖੇਰਤਾਂ ਵਿਚ ਵਿਭਿੰਨ ਸਭਿਆਚਾਰਾਂ ਵਿਚ ਤਨਾਅ ਦੀ ਸਥਿਤੀ ਬਣੀ ਹੁੰਦੀ ਹੈ। ਯੁਵਲ ਨੋਹ ਹਰਾਰੀ ਇਸ ਸਥਿਤੀ ਨੂੰ ਸਮਝਣ ਲਈ ਤਿੰਨ ਪੜਾਵਾਂ ਵਿਚ ਵੰਡਦਾ ਹੈ:

ਪੜਾਅ-1: ਮੇਜ਼ਬਾਨ ਦੇਸ਼ ਆਵਾਸੀਆਂ ਨੂੰ ਅੰਦਰ ਆਉਣ ਦੀ ਆਗਿਆ ਦਿੰਦਾ ਹੈ।

ਪੜਾਅ-2: ਬਦਲੇ ਵਿਚ ਆਵਾਸੀ ਆਪਣੇ ਕੁਝ ਨਿਯਮਾਂ ਤੇ ਕੀਮਤਾਂ ਨੂੰ ਛੱਡਦੇ ਹੋਏ ਮੇਜ਼ਬਾਨ ਦੇਸ਼ ਦੇ ਨਿਯਮਾਂ ਤੇ ਕੀਮਤਾਂ ਨੂੰ ਅਪਣਾਉਂਦੇ ਹਨ।

ਪੜਾਅ-3: ਜੇਕਰ ਇਕ ਖਾਸ ਪੱਧਰ ਤਕ ਆਵਾਸੀ ਮੇਜ਼ਬਾਨ ਸਭਿਆਚਾਰ ਵਿਚ

ਘੁਲਮਿਲ ਜਾਂਦੇ ਹਨ ਤਾਂ ਸਮੇਂ ਨਾਲ ਮੇਜ਼ਬਾਨ ਸਭਿਆਚਾਰ ਵਿਚ ਬਰਾਬਰ ਦੇ ਤੇ ਪੂਰੇ ਜੀਅ ਬਣ ਜਾਂਦੇ ਹਨ। ਉਹ ਬੇਗਾਨਿਆਂ ਤੋਂ ਆਪਣੇ ਬਣ ਜਾਂਦੇ ਹਨ।[5]

ਹਰਾਰੀ ਪੱਛਮੀ ਦੇਸ਼ਾਂ ਦੇ ਨਾਗਰਿਕਾਂ ਨੂੰ ਆਵਾਸ ਪੱਖੀ ਤੇ ਆਵਾਸੀ ਵਿਰੋਧੀ ਦੀਆਂ ਦੋ ਧਿਰਾਂ ਵਿਚ ਵੰਡਦਾ ਹੈ। ਆਵਾਸ ਪੱਖੀਆਂ ਦੀ ਦਲੀਲ ਹੈ ਕਿ ਆਵਾਸ ਰੋਕਿਆ ਨਹੀਂ ਜਾ ਸਕਦਾ। ਇਸ ਨੂੰ ਰੋਕਣ ਨਾਲ ਮਨੁੱਖੀ ਸਮੱਗਲਿੰਗ ਵਧਦੀ ਹੈ। ਵਿਕਸਿਤ ਦੇਸ਼ਾਂ ਦੀ ਇਹ ਨੈਤਿਕ ਭਾਵਨਾ ਬਣਦੀ ਹੈ ਕਿ ਉਹ ਬਿਪਤਾ ਦੇ ਮਾਰੇ ਲੋਕਾਂ ਨੂੰ ਸਵੀਕਾਰ ਕਰਨ ਬਲਕਿ ਉਹ ਗ਼ਰੀਬੀ ਵਿਚ ਫਸੇ ਲੋਕਾਂ ਨੂੰ, ਜਿਹੜੇ ਨੌਕਰੀਆਂ ਅਤੇ ਵਧੀਆ ਭਵਿੱਖ ਦੀ ਤਲਾਸ਼ ਵਿਚ ਹਨ, ਉਨ੍ਹਾਂ ਨੂੰ ਵੀ ਮੌਕਾ ਦੇਣ। ਵਿਸ਼ਵੀਕਰਨ ਦੀ ਦੁਨੀਆਂ ਵਿਚ ਦੂਸਰੇ ਲੋਕਾਂ ਪ੍ਰਤੀ ਇਹ ਉਨ੍ਹਾਂ ਦਾ ਨੈਤਿਕ ਫ਼ਰਜ਼ ਹੈ ਤੇ ਜਿਹੜੇ ਇਸ ਫਰਜ਼ ਨੂੰ ਨਹੀਂ ਸਮਝਦੇ ਉਹ ਹੰਕਾਰੀ ਤੇ ਨਸਲਪ੍ਰਸਤ ਹਨ। ਆਵਾਸ ਪੱਖੀ ਇਸ ਗੱਲ 'ਤੇ ਵੀ ਜ਼ੋਰ ਦਿੰਦੇ ਹਨ ਕਿ ਆਵਾਸੀਆਂ ਨੂੰ ਆਪਣਾ ਸਭਿਆਚਾਰ ਬਚਾ ਕੇ ਰੱਖਣ ਲਈ ਉਤਸ਼ਾਹਤ ਕੀਤਾ ਜਾਵੇ। ਵਿਕਸਿਤ ਮੇਜ਼ਬਾਨ ਦੇਸ਼ ਬਾਹਰੋਂ ਆਉਣ ਵਾਲੇ ਆਵਾਸੀਆਂ ਨੂੰ ਮੇਜ਼ਬਾਨ ਸਭਿਆਚਾਰ ਨੂੰ ਅਪਨਾਉਣ, ਹੋਰ ਧਰਮਾਂ ਦੇ ਆਵਾਸੀਆਂ ਨੂੰ ਇਸਾਈ ਬਣਨ ਲਈ ਮਜਬੂਰ ਨਹੀਂ ਕਰ ਸਕਦੇ ਜਦੋਂ ਕਿ ਇਨ੍ਹਾਂ ਦੇ ਆਪਣੇ ਲੋਕ ਬਹੁਤ ਘੱਟ ਗਿਣਤੀ ਵਿਚ ਚਰਚ ਜਾਂਦੇ ਹਨ।

ਹਰਾਰੀ ਅਨੁਸਾਰ, ਆਵਾਸ ਦੇ ਵਿਰੋਧੀ ਇਹ ਦਲੀਲ ਦਿੰਦੇ ਹਨ ਕਿ ਵਿਕਸਿਤ ਦੇਸ਼ਾਂ ਨੇ ਬਹੁਤ ਮਿਹਨਤ ਨਾਲ ਖੁਸ਼ਹਾਲ ਦੇਸ਼ਾਂ ਦਾ ਨਿਰਮਾਣ ਕੀਤਾ ਹੈ। ਜੇਕਰ ਸੀਰੀਆ ਜਾਂ ਹੋਰ ਦੇਸ਼ ਅਜਿਹਾ ਨਹੀਂ ਕਰ ਪਾਏ ਤਾਂ ਵਿਕਸਿਤ ਦੇਸ਼ ਉਸਦੀ ਕੀਮਤ ਕਿਉਂ ਦੇਣ। ਜੇਕਰ ਆਵਾਸੀਆਂ ਦੇ ਧਰਮ ਅਤੇ ਸਭਿਆਚਾਰ ਨੂੰ ਸਵੀਕਾਰ ਵੀ ਕਰ ਲਈਏ ਤਾਂ ਇਨ੍ਹਾਂ ਦੇ ਬੱਚਿਆਂ, ਔਰਤਾਂ ਤੋਂ ਸਮਲਿੰਗੀ ਵਿਰੋਧ ਨੂੰ ਕਿਵੇ ਸਹਿਣ ਕੀਤਾ ਜਾ ਸਕਦਾ ਹੈ। ਵਿਕਸਿਤ ਦੇਸ਼ ਜੇਕਰ ਬਹੁਤ ਜ਼ਿਆਦਾ ਆਵਾਸੀਆਂ ਨੂੰ ਲੈਂਦੇ ਹਨ ਤਾਂ ਇਨ੍ਹਾਂ ਦੇਸ਼ਾਂ ਦਾ ਹਾਲ ਵੀ ਸੀਰੀਆ, ਇਰਾਨ ਤੇ ਅਫਗਾਨਿਸਤਾਨ ਵਰਗਾ ਹੋ ਸਕਦਾ ਹੈ।

ਵਿਕਸਿਤ ਦੇਸ਼ਾਂ ਦੀ ਆਬਾਦੀ ਦੇ ਵਾਧੇ ਦੇ ਰੁਕਣ ਅਤੇ ਸਸਤੀ ਕਿਰਤ ਦੀ ਲੋੜ ਵਿਚੋਂ ਆਵਾਸ ਉਨ੍ਹਾਂ ਦੀ ਜ਼ਰੂਰਤ ਬਣਦੀ ਜਾ ਰਹੀ ਹੈ। ਸਥਾਨਕ ਕਿਰਤੀਆਂ ਵੱਲੋਂ ਰੰਗ ਅਤੇ ਨਸਲ ਦੇ ਆਧਾਰ 'ਤੇ ਹੋਏ ਪ੍ਰਤੀਕਰਮਾਂ ਦੇ ਬਾਵਜੂਦ ਉੱਥੋਂ ਦੀ ਪੂੰਜੀਪਤੀ ਜਮਾਤ ਅਤੇ ਸਰਕਾਰਾਂ ਨੇ ਆਵਾਸ ਨੂੰ ਸਹਿਣਯੋਗ ਵਰਤਾਰਾ ਬਣਾ ਲਿਆ ਹੈ। ਪੱਛਮੀ ਚਿੰਤਨ ਵਿਚ ਬਹੁਸਭਿਆਚਾਰਵਾਦ ਨੂੰ ਉਤਰ-ਆਧੁਨਿਕ ਸਮਿਆਂ ਦਾ ਇਕ ਲਾਜ਼ਮੀ ਅਤੇ ਮੰਨਣਯੋਗ ਵਰਤਾਰਾ ਮੰਨ ਲਿਆ ਗਿਆ ਹੈ। 'ਬਹੁ-ਸਭਿਆਚਾਰਵਾਦ ਸਭਿਆਚਾਰਕ ਵਿਭਿੰਨਤਾ ਦੇ ਦਿਸਣਯੋਗ ਅਤੇ ਪਹੁੰਚਯੋਗ ਉਤਪਾਦਨ ਜਿਵੇਂ ਭੋਜਨ, ਕੱਪੜੇ, ਸੰਗੀਤ, ਥੀਏਟਰ ਅਤੇ ਕਈ ਵਾਰ ਵਿਸ਼ੇਸ਼ ਕਿੱਤਿਆਂ ਵੱਲ ਇਸ਼ਾਰਾ ਕਰਦਾ ਹੈ। ਕੁਲ ਮਿਲਾ ਕੇ ਇਹ ਇਕ ਬਹੁਤ ਹਾਂ-ਪੱਖੀ ਨਤੀਜੇ ਹਨ। ਅਸੀਂ ਸਾਰੇ ਬਹੁ-ਸਭਿਆਚਾਰਕ ਸਮਾਜਾਂ ਵਿਚ ਰਹਿੰਦੇ ਹੋਏ ਬਹੁਤ ਖੁਸ਼ ਹਾਂ ਜਿਸਨੇ ਜੀਵਨ ਸ਼ੈਲੀ ਵਿਚ ਵਿਭਿੰਨਤਾ ਅਤੇ ਰੰਗ ਬਰੰਗਾਪਣ ਜਮ੍ਹਾਂ ਕੀਤਾ ਹੈ।"[6]

ਇਸ ਉਪਰੋਕਤ ਸਥਿਤੀ ਨੂੰ ਨਾਲਵਕਾਰ ਹਰਜੀਤ ਅਟਵਾਲ ਆਪਣੇ ਨਾਵਲ ਸਾਊਥਾਲ ਵਿਚ ਇਵੇਂ ਚਿਤਰਦਾ ਹੈ : 'ਇਹਦੇ (ਸਮੋਸੇ) ਵਿਚ ਮਸਾਲਾ ਕੁਝ ਵਧੇਰੇ ਤੇ ਮਿਰਚ ਘੱਟ ਹੈ। ਗੋਰਿਆਂ ਦੇ ਸਵਾਦ ਨੂੰ ਮੁੱਖ ਰੱਖ ਕੇ ਇਹ ਸਮੋਸੇ ਬਣਾਏ ਹੋਏ ਹਨ। ਉਹ ਸਮੋਸੇ ਬਣਾਉਣ ਦਾ ਸਮਾਨ ਲਿਆਉਂਦਾ ਹੈ ਤਾਂ ਜੋ ਬਣਾ ਕੇ ਦੇਖੇ ਕਿ ਇਕ ਸਮੋਸਾ ਕਿੰਨੇ ਦਾ ਪੈਂਦਾ ਹੋਇਆ। ਉਹ ਸਾਰੇ ਟੱਬਰ ਨੂੰ ਹੀ ਨਾਲ ਲਾ ਲੈਂਦਾ ਹੈ ਤੇ ਕੁਝ ਘੰਟਿਆ ਵਿਚ ਹੀ ਛੇ ਸੋ ਸਮੋਸਾ ਬਣਾ ਧਰਦਾ ਹੈ।'[7] ਸਮੋਸਾ ਉਤਰੀ ਭਾਰਤ ਤੋਂ ਬਾਅਦ ਪੱਛਮੀ ਦੇਸ਼ਾਂ ਦਾ ਮਨਪਸੰਦ ਸਨੈਕ ਬਣ ਜਾਂਦਾ ਹੈ। ਪੰਜਾਬੀ, ਗੁਜਰਾਤੀ, ਮਲਿਆਲੀ ਤੇ ਅਰਬੀ ਖਾਣਿਆਂ ਨੇ ਪੱਛਮੀ ਸਮਾਜਾਂ ਨੂੰ ਬਹੁਤ ਪ੍ਰਭਾਵਤ ਕੀਤਾ ਹੈ। ਵਿਸ਼ਵ ਦੇ ਕਿਸੇ ਵੀ ਥਾਂ ਆਵਾਸੀ ਆਪਣੇ ਨਾਲ ਹੋਰ ਸਭ ਕੁਝ ਦੇ ਨਾਲ ਨਾਲ ਆਪਣੇ ਵਿਭਿੰਨ ਕਿਸਮ ਦੇ ਵਿਅੰਜਨ ਵੀ ਨਾਲ ਲੈ ਜਾਂਦੇ ਹਨ। ਪਹਿਲਾਂ ਪਹਿਲਾਂ ਭਾਵੇਂ ਉਹ ਸਥਾਨਕ ਭੋਜਨ ਉਪਰ

ਨਿਰਭਰ ਹੋਣ ਪਰ ਹੌਲੀ ਹੌਲੀ ਉਹ ਸਥਾਨਕ ਕੱਚੇ ਮਾਲ ਵਿਚੋਂ ਆਪਣੇ ਵਿਅੰਜਨ ਤਿਆਰ ਕਰਨ ਲਈ ਸਮੱਗਰੀ ਢੂੰਡ ਲੈਂਦੇ ਹਨ। ਕਿਸੇ ਵੀ ਭਾਈਚਾਰੇ ਦੀ ਵਿਅੰਜਨ ਪ੍ਰਣਾਲੀ ਉਸ ਭਾਈਚਾਰੇ ਦੀ ਸਦੀਆਂ ਦੀ ਕਮਾਈ ਹੁੰਦੀ ਹੈ। ਇਸਦਾ ਕਿਸੇ ਦੂਸਰੇ ਭਾਈਚਾਰੇ ਨੂੰ ਮਿਲ ਜਾਣਾ ਕਿਸੇ ਕੀਮਤੀ ਤੋਹਫੇ ਤੋਂ ਘੱਟ ਨਹੀਂ ਹੁੰਦਾ। 'ਚਿਕਨ ਟਿੱਕਾ ਮਸਾਲਾ ਬ੍ਰਿਟੇਨ ਵਿਚ ਸਭ ਤੋਂ ਹਰਮਨ ਪਿਆਰੀ ਡਿਸ਼ ਹੈ। ਇਸ ਤੋਂ ਬਿਨਾਂ ਚੀਨ ਦੇ ਤਿਆਰ ਖਾਣੇ, ਮਿਡਲ ਈਸਟ ਦੇ ਕਬਾਬ ਹਾਊਸ ਅਤੇ ਉਤਰੀ ਦੇਸ਼ਾਂ ਤੋਂ ਆਏ ਖਾਣਿਆਂ ਦੀ ਇਕ ਲੰਮੀ ਲਿਸਟ ਵਿਸ਼ਵੀ ਖਾਣਿਆਂ ਦੀ ਪ੍ਰਾਪਤੀ ਵੱਲ ਸੰਕੇਤ ਕਰਦੀ ਹੈ। ਖਾਣਿਆਂ ਦੀ ਅਜਿਹੀ ਅਮੀਰੀ ਦੋ ਜਾਂ ਤਿੰਨ ਦਹਾਕੇ ਪਹਿਲਾਂ ਨਹੀਂ ਹੁੰਦੀ ਸੀ।'[8]

ਸਾਊਥਲ ਸ਼ਹਿਰ ਪੰਜਾਬੀਆਂ ਦੀ ਬਹੁਗਿਣਤੀ ਵਾਲਾ ਬ੍ਰਿਟਿਸ਼ ਸ਼ਹਿਰ ਹੈ। ਪੰਜਾਬੀਆਂ ਦਾ ਮੇਲ ਮਿਲਾਪ ਬਹੁਤ ਸਾਰੀਆਂ ਹੋਰ ਕੌਮਾਂ ਨਾਲ ਵੀ ਹੁੰਦਾ ਹੈ। ਆਵਾਸੀ ਬੰਦੇ ਨੂੰ ਕਈ ਵਾਰ ਸਥਾਨਕ ਲੋਕਾਂ ਦੀਆਂ ਵਧੀਕੀਆਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ।

'ਮਾਈਕਲ ਦਾ ਕਿਰਾਇਆ ਸੋਸ਼ਲ ਸਕਿਉਰਟੀ ਤੋਂ ਆਉਂਦਾ ਹੈ। ਕਈ ਵਾਰ ਮਾਈਕਲ ਬੰਦ ਕਰਵਾ ਦਿੰਦਾ ਹੈ ਤੇ ਦੋ ਚਾਰ ਹਫ਼ਤੇ ਦੀ ਹੇਰਾਫੇਰੀ ਵੀ ਕਰ ਜਾਂਦਾ ਹੈ।'[9] ਜੋਧ ਸਿੰਘ ਨਾਲ ਉਹ ਕਈ ਵਾਰ ਲੜ ਵੀ ਪੈਂਦਾ ਹੈ। ਪਾਕੀ ਬਾਸਟਰਡ ਤਕ ਵੀ ਕਹਿ ਜਾਂਦਾ ਹੈ।ਜੱਟ ਮਾਨਸਿਕਤਾ ਦਾ ਮਾਲਕ ਜੋਧ ਸਿੰਘ ਮਾਈਕਲ ਦੇ ਬੋਲਾਂ ਨੂੰ ਬਰਦਾਸ਼ਤ ਕਰ ਲੈਂਦਾ ਹੈ। ਪਰਵਾਸੀ ਬੰਦੇ ਨਵੀਂ ਧਰਤੀ ਦੀ ਖੁਸ਼ਹਾਲੀ ਹਾਸਲ ਕਰਨ ਦੇ ਬਦਲੇ ਇਸਨੂੰ ਝੱਲ ਲੈਂਦੇ ਹਨ।

ਹਰਜੀਤ ਅਟਵਾਲ ਆਪਣੇ ਨਾਵਲ 'ਸਾਊਥਾਲ' ਵਿਚ ਇਕ ਤੋਂ ਵਧੇਰੇ ਥਾਵਾਂ 'ਤੇ ਨਸਲਵਾਦ ਦੀ ਦ੍ਰਿਸ਼ਕਾਰੀ ਕਰਦਾ ਹੈ। ਨਾਵਲ ਦਾ ਇਕ ਮੁੱਖ ਪਾਤਰ ਜਗਮੋਹਣ ਸਿੰਘ ਨਵੇਂ ਬਣੇ ਸਵਿਮਿੰਗ ਪੂਲ ਜਾਣਾ ਚਾਹੁੰਦਾ ਹੈ ਪਰ ਕਿਉਂ ਨਹੀਂ ਜਾ ਸਕਦਾ, ਇਸ ਦੇ ਵੇਰਵੇ ਇਨ੍ਹਾਂ ਸਤਰਾਂ ਵਿਚ ਦੇਖੇ ਜਾ ਸਕਦੇ ਹਨ।

"ਪੈਰੀਵੇਲ ਸਵਿਮਿੰਗ ਪੂਲ ਪਿਛਲੇ ਸਾਲ ਹੀ ਤਿਆਰ ਹੋਇਆ ਹੈ। ਇਹ ਨਵਾਂ ਹੈ ਤੇ ਇਸ ਦਾ ਨਾਂ ਵੀ ਵੱਡਾ ਹੈ ਕਿ ਆਧੁਨਿਕ ਕਿਸਮ ਦਾ ਪੂਲ ਹੈ ਪਰ ਕੁਝ ਨਸਲਵਾਦੀ ਘਟਨਾਵਾਂ ਵਾਪਰਨ ਕਰਕੇ ਏਸ਼ੀਅਨ ਲੋਕ ਘੱਟ ਜਾਂਦੇ ਹਨ।"[10]

ਇੰਗਲੈਂਡ ਦੇ ਮੂਲ ਨਾਗਰਿਕ ਅੰਗਰੇਜ਼ ਉਨ੍ਹਾਂ ਨੂੰ ਆਵਾਸੀ ਬਣਨ ਦੀ ਇਜ਼ਾਜਤ ਤਾਂ ਦੇ ਦਿੰਦੇ ਹਨ ਪਰੰਤੂ ਉਨ੍ਹਾਂ ਨੂੰ ਸਾਂਝੇ ਪੂਲ ਵਿਚ ਨਹਾਉਣ ਤੋਂ ਬੁਰਾ ਮਨਾਉਂਦੇ ਹਨ। ਇਸਦਾ ਅਸਲ ਕਾਰਨ ਹੋ ਸਕਦਾ ਨਸਲੀ ਨਫ਼ਰਤ ਹੋਵੇ ਪਰੰਤੂ ਨਾਵਲ ਵਿਚਲੇ ਹੋਰ ਵੇਰਵਿਆਂ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਨੂੰ ਆਵਾਸੀਆਂ ਦੀਆਂ ਵਿਚਰਨ ਦੀਆਂ ਆਦਤਾ ਪਸੰਦ ਨਹੀਂ ਹਨ। ਕੱਚੇ ਪੰਜਾਬੀ ਮੁੰਡੇ ਮੀਕਾ, ਜੈਲਾ ਤੇ ਝੰਮਾ ਜਦੋਂ ਗੋਰਿਆਂ ਦੀ ਬਹੁਗਿਣਤੀ ਵਾਲੇ ਪੱਬ ਵਿਚ ਜਾਂਦੇ ਹਨ ਤਾਂ ਉਨ੍ਹਾਂ ਨੂੰ ਟੋਕਦਾ ਹੋਇਆ ਇਕ ਜਣਾ ਆਖਦਾ ਹੈ: "ਓ ਏਦਾਂ ਭੁੱਖਿਆ ਵਾਂਗੂ ਨਹੀਂ ਦੇਖੀ ਜਾਈਦਾ, ਕੋਈ ਗ਼ੁੱਸਾ ਕਰ ਜਾਊ ਤੇ ਝਗੜਾ ਹੋ ਜਾਊ।"[11]

ਸਾਊਥਲ ਇੰਗਲੈਂਡ ਦੇ ਮਹਾਂਨਗਰ ਲੰਡਨ ਦਾ ਉਪ-ਨਗਰ ਹੈ। ਏਥੇ ਪੰਜਾਬੀਆਂ ਤੇ ਦੱਖਣੀ ਏਸ਼ੀਆਈ ਲੋਕਾਂ ਦੀ ਬਹੁਗਿਣਤੀ ਹੈ। ਬਹੁਤੇ ਅੰਗਰੇਜ਼ ਇੱਥੋਂ ਆਪਣੇ ਮਕਾਨ ਵੇਚ ਕੇ ਜਾ ਚੁੱਕੇ ਹਨ। ਸਿਰਫ਼ ਉਹੀ ਅੰਗਰੇਜ਼ ਏਥੇ ਬਚੇ ਹੋਏ ਹਨ ਜਿਨ੍ਹਾਂ ਨੂੰ ਸਰਕਾਰੀ ਮਕਾਨ ਮਿਲੇ ਹੋਏ ਹਨ ਤੇ ਉਨ੍ਹਾਂ ਕੋਲ਼ ਹੋਰ ਕੋਈ ਬਦਲ ਨਹੀਂ ਹੈ। ਸਾਊਥਲ ਦੱਖਣੀ ਏਸ਼ੀਆਈ ਲੋਕਾਂ ਦਾ ਗੜ੍ਹ ਕਿਵੇਂ ਬਣ ਗਿਆ ਇਸ ਸੰਬੰਧੀ ਨਾਵਲ ਵਿਚ ਵੇਰਵੇ ਉਪਲਬਧ ਹਨ:

"ਨਸਲਵਾਦ ਦਾ ਤਜਰਬਾ ਉਨ੍ਹਾਂ ਲੋਕਾਂ ਨੂੰ ਹੀ ਹੁੰਦਾ ਹੈ ਜਿਹੜੇ ਗੋਰਿਆ ਵਿਚ ਵਿਚਰਦੇ ਹਨ, ਜਿਨ੍ਹਾਂ ਦਾ ਗੋਰਿਆਂ ਨਾਲ ਵਾਹ ਪੈਂਦਾ ਹੈ। ਇਹ ਸਾਊਥਲ ਨੂੰ ਤਾਂ ਅਸੀਂ ਆਪਣੇ ਸਭਿਆਚਾਰ ਲਈ ਜਾਂ ਆਪਣੇ ਰੰਗ ਲਈ ਇਕ ਤਰ੍ਹਾਂ ਦਾ ਕਵਚ ਬਣਾ ਲਿਆ ਹੈ। ਇੱਥੇ ਤਕ ਨਸਲਵਾਦੀ ਗੋਰੇ ਪਹੁੰਚ ਨਹੀਂ ਕਰ ਸਕਦੇ। ਜੇ ਕਰਨਗੇ ਤਾਂ ਉਣਾਸੀ ਵਾਲੇ ਦੰਗੇ ਫਿਰ ਭੜਕ ਉਠਣਗੇ।"[12]

ਪੱਛਮੀ ਦੇਸ਼ ਪਸੰਦੀਦਾ/ਲੋੜੀਂਦੇ ਆਵਾਸੀਆਂ ਨੂੰ ਆਗਿਆ ਦੇਣ ਦ ਨਾਲੇ ਗ਼ੈਰ-ਜ਼ਰੂਰੀ

ਆਵਾਸੀਆਂ ਨੂੰ ਰੋਕਣ ਲਈ ਬਹੁਤ ਸਾਰੀਆਂ ਪਾਬੰਦੀਆਂ ਲਗਾਉਂਦੇ ਹਨ। 'ਸਾਊਥਾਲ' ਨਾਵਲ ਦੇ ਜਗਮੋਹਨ ਵਰਗੇ ਪੜ੍ਹੇ ਲਿਖੇ ਪਾਤਰ ਇਨ੍ਹਾਂ ਪਾਬੰਦੀਆਂ ਦਾ ਸਮਰਥਨ ਕਰਦੇ ਹਨ। ਪੰਜਾਬੀ ਆਵਾਸੀਆਂ ਵਿਚ ਕੁਝ ਲੋਕ ਇਨ੍ਹਾਂ ਪਾਬੰਦੀਆਂ ਨੂੰ ਨਾ ਪਸੰਦ ਕਰਦੇ ਹਨ। ਪਾਲਾ ਸਿੰਘ ਇਸ ਬਾਰੇ ਆਖਦਾ ਹੈ:

"ਓ ਜੁਆਨਾ, ਇਹ ਲੋਕ ਕੋਈ ਵੱਡਾ ਗੁਨਾਹ ਨਹੀਂ ਕਰ ਰਹੇ, ਜੇ ਸਾਡਾ ਮੁਲਕ ਸਾਨੂੰ ਨੌਕਰੀ ਦੇ ਸਕਦਾ ਹੁੰਦਾ ਤਾਂ ਅਸੀਂ ਅਜਿਹੇ ਗ਼ਲਤ ਸਹਾਰੇ ਕਿਉਂ ਲੱਭਦੇ।"[13]

ਪੱਛਮੀ ਦੇਸ਼ਾਂ ਨੇ ਔਰਤਾਂ ਤੇ ਬੱਚਿਆਂ ਉਪਰ ਹਿੰਸਾ ਨੂੰ ਖਤਮ ਕਰਨ ਵਿਚ ਕਿਸੇ ਹੱਦ ਤਕ ਕਾਮਯਾਬੀ ਹਾਸਲ ਕੀਤੀ ਹੈ। ਵਿੱਦਿਆ ਦੇ ਪਾਸਾਰ ਨਾਲ ਉਨ੍ਹਾਂ ਨੇ ਆਪਣੇ ਸਮਾਜਾਂ ਵਿਚ ਇਸਨੂੰ ਇਕ ਗੁਨਾਹ ਵਜੋਂ ਸਥਾਪਤ ਕਰ ਦਿੱਤਾ ਹੈ। ਪਰੰਤੂ ਭਾਰਤ ਵਰਗੇ ਪਛੜੇ ਸਮਾਜਾਂ ਵਿਚੋਂ ਗਏ ਲੋਕਾਂ ਵਿਚ ਇਹ ਨਵੇਂ ਦੇਸ਼ ਵਿਚ ਪਹੁੰਚਕੇ ਵੀ ਖਤਮ ਨਹੀਂ ਹੋਈ। ਸਾਧੂ ਸਿੰਘ ਆਪਣੀ ਧੀ ਸੁੱਖੀ ਦਾ ਕਤਲ ਕਰਦਾ ਹੈ। ਪ੍ਰੀਤੀ ਨੂੰ ਉਸਦਾ ਪਤੀ ਗੁਰਨਾਮ ਏਨਾ ਦਬਾ ਕੇ ਰੱਖਦਾ ਹੈ ਕਿ ਉਹ ਆਪਣੇ ਪਤੀ ਦਾ ਕਤਲ ਕਰ ਦਿੰਦੀ ਹੈ। ਕੁਲਬੀਰੋ ਨੂੰ ਉਸਦਾ ਜੀਜਾ ਤੰਗ ਪਰੇਸ਼ਾਨ ਕਰਦਾ ਹੈ। ਔਰਤਾਂ ਦੇ ਹੱਕਾਂ ਵਾਸਤੇ ਲੜਨ ਵਾਲੀ ਪੰਜਾਬੀ ਔਰਤਾਂ ਦੀ ਜੱਥੇਬੰਦੀ 'ਸਿਸਟਰਜ਼ ਇਨ ਹੈਂਡਜ਼' ਦੇ ਪ੍ਰਧਾਨ ਦੇ ਕਹਿਣ ਅਨੁਸਾਰ: "ਭਾਰਤੀਆਂ ਵਿਚੋਂ ਪੰਜਾਬੀ ਮਰਦ ਆਪਣੀਆਂ ਪਤਨੀਆਂ ਦੀ ਬਹੁਤੀ ਕੁੱਟਮਾਰ ਕਰ ਰਹੇ ਆ।"[14]

'ਸਾਊਥਾਲ' ਦੇ ਬਹੁਤੇ ਮਾਂ ਬਾਪ ਪਾਤਰ ਆਪਣੇ ਬੱਚਿਆਂ ਉੱਪਰ ਆਪਣੀ ਮਰਜ਼ੀ ਥੋਪਦੇ ਹਨ। ਅੰਗਰੇਜ਼ ਨੌਜਵਾਨਾਂ ਵਿਚ ਪਲੇ ਤੇ ਪੜ੍ਹੇ ਹੋਏ ਬ੍ਰਿਟਿਸ਼ ਪੰਜਾਬੀ ਮੁੰਡੇ ਕੁੜੀਆਂ ਆਪਣੇ ਮਾਂ-ਬਾਪ ਦੀ ਮਰਜ਼ੀ ਅਨੁਸਾਰ ਨਹੀਂ ਜਿਉਂਦੇ। ਇਹੀ ਕਾਰਨ ਹੈ ਕਿ ਪੰਜਾਬੀ ਪਰਿਵਾਰਾਂ ਵਿਚ ਪੀੜ੍ਹੀ ਪਾੜਾ ਆਮ ਨਾਲੋਂ ਵਧੇਰੇ ਦਿਖਾਈ ਦਿੰਦਾ ਹੈ। ਪਰਵਾਸ ਆਵਾਸ ਦੇ ਵਰਤਾਰੇ ਵਿਚ ਪੀੜਤ ਧਿਰ ਪਰਵਾਸੀ ਬਣਦੇ ਦਿਖਾਈ ਦਿੰਦੇ ਹਨ। ਸ਼ਾਇਦ ਏਹੀ ਕਾਰਨ ਹੈ ਕਿ ਪਰਵਾਸ ਕਾਰਨ ਉਪਜੇ ਵਿਭਿੰਨ ਮਾਨਵੀ ਸੰਕਟਾਂ ਸੰਬੰਧੀ ਬਹੁਤ ਸਾਰੀਆਂ ਕਹਾਣੀਆਂ ਤੇ ਕੁਝ ਨਾਵਲ ਪੰਜਾਬੀ ਵਿਚ ਲਿਖੇ ਗਏ ਮਿਲਦੇ ਹਨ। ਪੰਜਾਬੀਆਂ ਨੂੰ ਦਰਪੇਸ਼ ਦੂਜਾ ਮਸਲਾ ਆਵਾਸ ਦਾ ਹੈ। ਜਿੱਥੇ ਪਰਵਾਸ ਦਾ ਵਰਤਾਰਾ ਵਧੇਰੇ ਕਰਕੇ ਦੂਜੀਆਂ ਧਰਤੀਆਂ 'ਤੇ ਵਾਪਰਦਾ ਹੈ, ਉੱਥੇ ਆਵਾਸ ਦਾ ਵਰਤਾਰਾ ਪੰਜਾਬੀਆਂ ਦੀ ਮਾਂ ਧਰਤੀ ਪੰਜਾਬ 'ਤੇ ਵਾਪਰਦਾ ਹੈ। ਪੰਜਾਬ ਵਿਚ ਉੱਤਰ ਪ੍ਰਦੇਸ਼, ਬਿਹਾਰ, ਰਾਜਸਥਾਨ ਤੇ ਹੋਰਨਾਂ ਸੂਬਿਆਂ ਦੇ ਲੋਕ ਮਜ਼ਦੂਰੀ ਕਰਨ ਆਉਂਦੇ ਹਨ।

ਪੰਜਾਬ ਵਿਚ ਭਈਆਂ ਦੀ ਆਮਦ ਹਰੇ ਇਨਕਲਾਬ ਦੇ ਆਉਣ ਦੇ ਤੁਰੰਤ ਬਾਅਦ ਸੱਤਵੇਂ ਦਹਾਕੇ ਵਿਚ ਸ਼ੁਰੂ ਹੁੰਦੀ ਹੈ। ਇਹ ਉਹ ਸਮਾਂ ਸੀ ਜਦੋਂ ਨਵੇਂ ਸੁਧਰੇ ਬੀਜਾਂ, ਰਸਾਇਣਕ ਖਾਦਾਂ, ਪੈਸਟੀਸਾਈਡ ਤੇ ਮਸ਼ੀਨਾ ਦੀ ਵਰਤੋਂ ਸਦਕਾ ਕਿਸਾਨਾਂ ਦੀ ਉਪਜ ਬਹੁਤ ਵਧ ਗਈ ਸੀ। ਉਨ੍ਹਾਂ ਨੇ ਸੀਰੀ ਦੇ ਸਦੀਆਂ ਪੁਰਾਣੇ ਰਿਸ਼ਤੇ ਨੂੰ ਤੋੜਕੇ ਨੌਕਰ ਵਿਚ ਬਦਲ ਦਿੱਤਾ ਸੀ। ਪਹਿਲਾਂ ਖੇਤੀਬਾੜੀ ਵਿਚ ਕਿਰਤ ਦਾ ਮਹੱਤਵ ਜ਼ਿਆਦਾ ਸੀ, ਇਸ ਲਈ ਸੀਰੀ ਉਪਜ ਵਿਚ ਇਕ ਨਿਸ਼ਚਿਤ ਹਿੱਸੇ ਦਾ ਹੱਕਦਾਰ ਹੁੰਦਾ ਸੀ। ਹੁਣ ਮੁੱਲ ਖਰੀਦੀਆਂ ਵਸਤਾਂ ਦਾ ਮਹੱਤਵ ਕਿਰਤ ਨਾਲੋਂ ਵਧ ਗਿਆ। ਕਿਸਾਨ ਨੇ ਉਪਰੋਕਤ ਮੁੱਲ ਖਰੀਦੀਆਂ ਵਸਤਾਂ ਦਾ ਖਰਚਾ ਉਪਜ ਤੋਂ ਕੱਢਣਾ ਹੁੰਦਾ ਸੀ, ਇਸ ਲਈ ਉਸਨੇ ਸੀਰੀ ਨੂੰ ਉੱਕਾ ਪੁੱਕਾ ਦਿਹਾੜੀ ਜਾਂ ਸਾਲਾਨਾ ਤਨਖਾਹ ਦੇਣੀ ਸ਼ੁਰੂ ਕਰ ਦਿੱਤੀ। ਇਸ ਦਾ ਪ੍ਰਤੀਕਰਮ ਪੰਜਾਬ ਦੇ ਪਰੰਪਰਕ ਖੇਤ ਮਜ਼ਦੂਰਾਂ ਵੱਲੋਂ ਵੀ ਹੋਇਆ। ਉਨ੍ਹਾਂ ਨੇ ਆਪਣੀ ਕਿਰਤ ਦਾ ਮੁੱਲ ਵਧਾਉਣ ਲਈ ਹੜਤਾਲਾਂ (ਖੇਤੀਬਾੜੀ ਦੇ ਕੰਮ ਤੋਂ ਇਨਕਾਰ) ਕਰਨੀਆਂ ਸ਼ੁਰੂ ਕਰ ਦਿੱਤੀਆਂ। ਜੁਆਬੀ ਕਾਰਵਾਈ ਦੇ ਤੌਰ 'ਤੇ ਕਿਸਾਨਾਂ ਨੇ ਖੇਤ ਮਜ਼ਦੂਰਾਂ ਦਾ ਜੰਗਲ-ਪਾਣੀ ਅਤੇ ਘਾਹ ਖੋਹਣ ਵਾਸਤੇ ਖੇਤਾਂ ਵਿਚ ਜਾਣਾ ਬੰਦ ਕਰ ਦਿੱਤਾ। ਸਦੀਆਂ ਪੁਰਾਣੇ ਸਾਂਝੇ ਭਾਈਚਾਰੇ ਵਿਚ ਪਈ ਇਹ ਵੱਡੀ ਤਰੇੜ ਸੀ ਤੇ ਪਿੰਡਾਂ ਵਾਸਤੇ ਇਹ ਬਹੁਤ ਔਖਾ ਸਮਾਂ ਸੀ। ਇਸਨੇ ਕਈ ਵੱਡੇ ਸਵਾਲਾਂ ਨੂੰ ਪੈਦਾ ਕੀਤਾ। ਜ਼ਮੀਨਾਂ ਦੀ ਮਾਲਕੀ ਕੁਝ ਇਕ ਭਾਈਚਾਰਿਆਂ ਕੋਲ਼ ਹੀ ਕਿਉਂ ਹੈ? ਬੇਜ਼ਮੀਨੇ ਲੋਕ ਜਾਣ ਤਾਂ ਕਿੱਥੇ ਜਾਣ?

ਕੀ ਇਹ ਲੋਕ ਹਮੇਸ਼ਾਂ ਹੀ ਜ਼ਮੀਨ ਮਾਲਕਾਂ 'ਤੇ ਨਿਰਭਰ ਰਹਿਣਗੇ?

ਪੰਜਾਬ ਵਿਚ ਪੰਜਾਬੀ ਖੇਤ ਮਜ਼ਦੂਰਾਂ ਦੇ ਬਦਲ ਵਜੋਂ ਭਈਏ 1960 ਤੋਂ ਵਿਚ ਪੰਜਾਬ ਵਿਚ ਆਉਣਾ ਸ਼ੁਰੂ ਕਰ ਦਿੰਦੇ ਹਨ। ਪਹਿਲਾਂ ਪਹਿਲ ਇਨ੍ਹਾਂ ਦੀ ਗਿਣਤੀ ਘੱਟ ਹੁੰਦੀ ਸੀ ਪਰੰਤੂ ਜਿਉਂ ਜਿਉਂ ਪੰਜਾਬ ਵਿਚ ਝੋਨੇ ਦੀ ਲਵਾਈ ਦਾ ਰਕਬਾ ਵਧਦਾ ਗਿਆ ਤਿਉਂ ਤਿਉਂ ਝੋਨੇ ਦੀ ਲਵਾਈ ਤੇ ਕਟਾਈ ਮੌਕੇ ਇਨ੍ਹਾਂ ਦੀ ਆਮਦ ਵਿਚ ਵਾਧਾ ਹੁੰਦਾ ਗਿਆ। ਮਜ਼ਦੂਰੀ ਦੀ ਮੰਡੀ ਵਿਚ ਆਪਣੇ ਬਦਲ ਵਜੋਂ ਭਈਆਂ ਨੂੰ ਹਾਜ਼ਰ ਹੋਏ ਦੇਖਕੇ ਪੰਜਾਬੀ ਮਜਦੂਰਾਂ ਨੇ ਆਪਣੀਆਂ ਹੜਤਾਲਾਂ ਬੰਦ ਕਰ ਦਿੱਤੀਆਂ। ਉਨ੍ਹਾਂ ਵਿਚੋਂ ਕੁਝ ਖੇਤ ਮਜ਼ਦੂਰੀ/ਸੀਰੀਪੁਣਾ ਕਿਸਾਨਾਂ ਦੀਆਂ ਸ਼ਰਤਾਂ ਅਨੁਸਾਰ ਕਰਦੇ ਰਹੇ ਪਰੰਤੂ ਸਵੈਮਾਣ ਕਰਕੇ ਵਧੇਰੇ ਸਿਆਣੇ ਪੰਜਾਬੀ ਖੇਤ ਮਜ਼ਦੂਰਾਂ ਨੇ ਰੁਜ਼ਗਾਰ ਦੇ ਨਵੇਂ ਰਸਤੇ ਤਲਾਸ਼ ਲਏ। ਭਈਆਂ ਦੀ ਆਮਦ ਦਾ ਜਿੱਥੇ ਕਿਸਾਨਾਂ ਨੂੰ ਸਸਤੀ ਮਜ਼ਦੂਰੀ ਦੇ ਰੂਪ ਵਿਚ ਲਾਭ ਹੋਇਆ ਉੱਥੇ ਪੰਜਾਬੀ ਮਜ਼ਦੂਰਾਂ ਨੂੰ ਇਸਦਾ ਡਾਹਢਾ ਦੁੱਖ ਹੋਇਆ। ਰਾਮ ਸਰੂਪ ਅਣਖੀ ਦੇ ਨਾਵਲ 'ਭੀਮਾ' ਵਿਚ ਇਸ ਦੁੱਖ ਦੀ ਪੇਸ਼ਕਾਰੀ ਇਕ ਮਜ਼ਦੂਰ ਦੇ ਇਨ੍ਹਾਂ ਸ਼ਬਦਾਂ ਰਾਹੀਂ ਹੁੰਦੀ ਹੈ:

"ਸਾਡੇ ਮੁੰਡੇ ਦਿਹਾੜੀ 'ਤੇ ਜਾਣੋ ਹਟਾਤੇ ਇਨ੍ਹਾਂ ਭਈਆਂ ਨੇ... ਉਹ ਤਾਂ ਦਿਹਾੜੀ ਵਧੌਣ ਨੂੰ ਫਿਰਦੇ ਹੁੰਦੇ, ਇਹ ਭਈਏ ਘੱਟ ਪੈਸਿਆਂ 'ਤੇ ਹੀ ਕੰਮ ਕਰਨ ਤੁਰ ਪੈਂਦੇ।"[15]

ਪੰਜਾਬੀ ਦਲਿਤ ਪਾਤਰ ਦੇ ਇਹ ਬੋਲ ਪੰਜਾਬੀ ਖੇਤ ਮਜ਼ਦੂਰਾਂ ਦੀ ਬੇਵਸੀ ਵਾਲੀ ਹਾਲਤ ਨੂੰ ਬਿਆਨ ਕਰਦੇ ਹਨ। 'ਭੀਮਾ' ਨਾਵਲ ਦਾ ਮੁੱਖ ਪਾਤਰ 'ਭੀਮਾ' ਬਿਹਾਰ ਤੋਂ ਆਇਆ ਹੋਇਆ ਇਕ ਆਵਾਸੀ ਮਜ਼ਦੂਰ ਹੈ।

ਹਿੰਦੀ ਤੇ ਭੋਜਪੁਰੀ ਭਾਸ਼ਾਵਾਂ ਵਾਲੇ ਖੇਤਰਾਂ ਵਿਚੋਂ ਆਉਣ ਵਾਲੇ ਮਜ਼ਦੂਰਾਂ ਦਾ ਸੰਬੋਧਨੀ ਸ਼ਬਦ 'ਭਈਆ' ਹੈ। ਪੰਜਾਬੀਆਂ ਨੇ ਇਨ੍ਹਾਂ ਮਜ਼ਦੂਰਾਂ ਦੇ ਸੰਬੋਧਨੀ ਸ਼ਬਦ ਨੂੰ ਹੀ ਇਨ੍ਹਾਂ ਦੇ ਵਿਅਕਤੀਗਤ ਅਤੇ ਸਮੂਹ ਦੇ ਨਾਮ ਵਜੋਂ ਅਪਨਾ ਲਿਆ। 'ਭੀਮਾ' ਨਾਵਲ ਅਤੇ ਪੰਜਾਬ ਦੇ ਯਥਾਰਥ ਵਿਚ ਇਹ ਭਈਏ ਪੰਜਾਬੀ ਦਲਿਤਾਂ ਦੀ ਬੇਵਸੀ ਦਾ ਕਾਰਨ ਤਾਂ ਬਣਦੇ ਹਨ ਪਰ ਨਾਵਲੀ ਵੇਰਵਿਆਂ ਤੋਂ ਪਤਾ ਚੱਲਦਾ ਹੈ ਕਿ ਉਹ ਖੁਦ ਵੀ ਵਖਤਾਂ ਦੇ ਮਾਰੇ ਹੋਏ ਹਨ।

"ਕਿਸੇ ਕਿਸੇ ਸਾਲ ਉਨ੍ਹਾਂ ਦੀ ਫਸਲ ਨੂੰ ਪਾਣੀ ਮਾਰ ਦਿੰਦਾ। ਕੈਸੀ ਅਤੇ ਰੀਡਕ ਨਦੀਆਂ ਚੜ੍ਹਕੇ ਆ ਜਾਂਦੀਆਂ ਅਤੇ ਤਬਾਹੀ ਮਚਾ ਦਿੰਦੀਆਂ। ਕਦੇ-ਕਦੇ ਤਾਂ ਅਗਲੀ ਫਸਲ ਵੀ ਨਹੀਂ ਬੀਜੀ ਜਾਂਦੀ ਸੀ। ਭੁੱਖੇ ਮਰਨ ਦੀ ਨੌਬਤ ਆ ਜਾਂਦੀ।"[16]

ਨਾਵਲਕਾਰ ਦੇ ਪਾਤਰ ਚਿਤਰਣ ਅਨੁਸਾਰ ਭੀਮਾ ਰੰਗ ਦਾ ਸਾਂਵਲਾ ਤੇ ਖੜ੍ਹੇ ਕੰਨਾਂ ਵਾਲਾ ਬੰਦਾ ਹੈ। ਇਰਵਿੰਗ ਸਟੋਨ ਦੇ ਨਾਵਲ 'ਲਸਟ ਫਾਰ ਲਾਈਫ' ਦਾ ਨਾਇਕ ਵਾਨ ਗਾਗ ਵੀ ਖੜ੍ਹੇ ਕੰਨ ਵਾਲਾ ਹੈ। ਭੀਮਾ ਆਪਣੇ ਮਿਹਨਤੀ ਸੁਭਾਅ ਤੇ ਇਮਾਨਦਾਰਾਨਾ ਤਬੀਅਤ ਦੇ ਸਿਰ 'ਤੇ ਕਿਸਾਨ ਗੁਰਜੰਟ ਸਿੰਘ ਦੇ ਪਰਿਵਾਰ ਵਿਚ ਹੀ ਆਪਣੀ ਜਗ੍ਹਾ ਨਹੀਂ ਬਣਾਉਂਦਾ ਬਲਕਿ ਪਿੰਡ ਵਿਚ ਅਖੀਰਲੀ ਉਮਰ ਵਿਚ ਪੰਚ ਬਣਕੇ ਆਪਣਾ ਸਤਿਕਾਰਯੋਗ ਰੁਤਬਾ ਬਣਾਉਂਦਾ ਹੈ। ਇਹ ਰੁਤਬਾ ਉਸਦੀ ਮੌਤ ਤੋਂ ਬਾਅਦ ਸੰਗਮਰਮਰ ਦੇ ਆਦਮ ਕੱਦ ਬੁੱਤ ਵਿਚ ਤਬਦੀਲ ਹੋ ਜਾਂਦਾ ਹੈ। ਇੱਥੋਂ ਤਕ ਕਿ ਕਮਜ਼ੋਰ ਮਰਦ ਗੁਰਜੰਟ ਸਿੰਘ ਦੀ ਪਤਨੀ ਨਾਲ ਭੀਮੇ ਦੇ ਸੰਬੰਧ ਵੀ ਉਸਦੀ ਇੱਜ਼ਤਦਾਰ ਸ਼ਖ਼ਸੀਅਤ ਨੂੰ ਝਰੀਟ ਤਕ ਨਹੀਂ ਲੱਗਣ ਦਿੰਦੇ। ਇਹ ਵਰਤਾਰਾ ਪੰਜਾਬੀ ਸਭਿਆਚਾਰ ਦੇ ਮੋਕਲ਼ੇ ਸੁਭਾਅ ਵੱਲ ਸੰਕੇਤ ਕਰਦਾ ਹੈ। ਇਹ ਮਨੁੱਖ ਦੀਆਂ ਕਾਮੁਕ ਜ਼ਰੂਰਤਾਂ ਦੀ ਸਥਾਪਤ ਨੈਤਿਕਤਾ ਨੂੰ ਤੋੜਦਾ ਹੋਇਆ ਨਵੀਂ ਨੈਤਿਕਤਾ ਸਥਾਪਤ ਕਰਦਾ ਪ੍ਰਤੀਤ ਹੁੰਦਾ ਹੈ। ਜੇਕਰ ਗੁਰਜੰਟ ਆਪਣੀ ਪਤਨੀ ਚਰਨੋ ਦੀਆਂ ਸਰੀਰਕ ਜ਼ਰੂਰਤਾਂ ਪੂਰੀਆਂ ਨਹੀਂ ਕਰਦਾ ਤਾਂ ਉਹ ਭੀਮੇ ਰਾਹੀਂ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਦੀ ਹੈ। ਭੀਮਾ ਇਕ ਆਵਾਸੀ ਅਰਥਾਤ ਬਾਹਰਲਾ (other) ਬੰਦਾ ਹੈ ਪਰੰਤੂ ਪਿੰਡ ਦੇ ਲੋਕਾਂ ਨੂੰ ਚਰਨੋ ਤੇ ਭੀਮੇ ਪ੍ਰਤੀ ਕੋਈ ਇਤਰਾਜ਼ ਨਹੀਂ ਹੈ। ਇਹ ਵਰਤਾਰਾ ਲੁਕਵੇਂ ਰੂਪ ਵਿਚ ਨਹੀਂ ਬਲਕਿ ਜ਼ਾਹਰਾ ਰੂਪ ਵਿਚ ਵਾਪਰਦਾ ਹੈ। ਚਰਨੋ ਆਪਣੇ ਸੀਰੀ ਰਹੇ ਗੀਲੇ ਦੀ ਪਤਨੀ ਕੋਲ਼ ਇਹ ਗੱਲ ਸਵੀਕਾਰ ਕਰਦੀ ਹੋਈ ਆਖਦੀ ਹੈ:

"ਕਰਤਾਰੋ ਤੈਥੋਂ ਕੀ ਭੁੱਲਿਆ ਹੋਇਐ। ਤੂੰ ਤਾਂ ਜਾਣੀ ਜਾਣ ਐਂ, ਭੈਣੇ। ਭੀਮੇ ਦੇ ਪੈਰੋਂ ਜੜ ਲੱਗੀ ਮੇਰੀ।"[17]

ਚਰਨੋ ਦੇ ਮੁੰਡੇ ਸੁਦਾਗਰ ਦਾ ਮੜ੍ਹੰਗਾ ਭੀਮੇ 'ਤੇ ਗਿਆ ਹੈ। ਸੰਭਵ ਹੈ ਭੀਮੇ ਦਾ ਮੁੰਡਾ ਹੋਣ ਕਾਰਨ ਸੁਦਾਗਰ ਦਾ ਰਿਸ਼ਤਾ ਸਿਰੇ ਨਾ ਚੜ੍ਹਦਾ ਪਰੰਤੂ ਕਿਸਾਨੀ ਸਮਾਜ ਵਿਚ ਰਿਸ਼ਤਾ ਮੁੰਡੇ ਦੀ ਥਾਂ ਜਮੀਨ ਨੂੰ ਹੁੰਦਾ ਹੈ। ਚਰਨੋ ਵੀ ਇਸ ਗੱਲ ਪ੍ਰਤੀ ਸੁਚੇਤ ਹੈ: "ਹੋਰ ਕਰਤਾਰੋ, ਤੂੰ ਸਿਆਣੀ ਐਂ। ਨਹੀਂ ਤਾਂ ਇਹ ਭਈਏ ਜੇ ਨੂੰ ਕੌਣ ਜੱਟ ਦੇ ਦੂ ਆਵਦੀ ਧੀ।"[18]

ਭੀਮੇ ਬਾਰੇ ਸਭ ਨੂੰ ਪਤਾ ਹੋਣ ਦੇ ਬਾਵਜੂਦ ਪਿੰਡ ਵਿਚ ਉਸਦਾ ਕੋਈ ਵਿਰੋਧ ਨਹੀਂ ਪੈਦਾ ਹੁੰਦਾ। ਹਾਲਾਂਕਿ ਇਤਿਹਾਸ ਦਾ ਇਹ ਉਹ ਸਮਾਂ ਹੈ ਜਿਸ ਬਾਰੇ ਅਮਰਿਤਿਆ ਸੇਨ ਆਪਣੀ ਕਿਤਾਬ 'Identity and Violence' ਵਿਚ ਕਹਿੰਦਾ ਹੈ, "ਦੁਨੀਆਂ ਨੂੰ ਅੱਜ ਧਰਮਾਂ ਸਭਿਆਚਾਰਾਂ ਦੇ ਸਮੂਹ ਦੇ ਰੂਪ ਵਿਚ ਦੇਖਿਆ ਜਾਣ ਲੱਗਾ ਹੈ। ਉਸਦੀਆਂ ਹੋਰ ਪਛਾਣਾਂ ਜਿਵੇਂ ਵਰਗ, ਲਿੰਗ, ਕਿੱਤਾ, ਭਾਸ਼ਾ, ਵਿਗਿਆਨ, ਨੈਤਿਕਤਾ ਤੇ ਰਾਜਨੀਤੀ ਨੂੰ ਅਣਗੌਲਿਆ ਕਰ ਦਿੱਤਾ ਜਾਂਦਾ ਹੈ।"[19] ਪੰਜਾਬ ਵਿਚ ਭੀਮੇ ਦੀ ਪਛਾਣ ਇਕ ਬਿਹਾਰੀ ਭਈਏ ਵਜੋਂ ਹੈ। ਬਿਹਾਰ ਵਿਚ ਉਸਦੀ ਪਛਾਣ ਇਕ ਪੰਜਾਬੀ ਵਜੋਂ ਹੈ। ਉਹ ਆਪਣੇ ਆਪ ਨੂੰ ਭੀਮਾ ਯਾਦਵ ਪੰਜਾਬੀ ਦੱਸਦਾ ਹੈ। ਲੋਕਾਂ ਵਿਚ ਉਸਦੀ ਅਸਲ ਪਹਿਚਾਣ ਇਕ ਮਿਹਨਤੀ ਤੇ ਇਮਾਨਦਾਰ ਵਿਅਕਤੀ ਵਜੋਂ ਹੈ। ਭੀਮੇ ਦਾ ਬਿਹਾਰ ਤੋਂ ਪੰਜਾਬ ਤੱਕ ਦਾ ਸਫ਼ਰ ਸੌਖਾ ਨਹੀਂ ਹੈ। ਜਿਵੇਂ ਦੂਜੇ ਦੇਸ਼ਾਂ ਨੂੰ ਪਰਵਾਸ ਕਰਦੇ ਪੰਜਾਬੀ ਨੌਜਵਾਨ ਰਸਤੇ ਵਿਚ ਮਾਰੇ ਜਾਂਦੇ ਹਨ ਉਵੇਂ ਬਿਹਾਰ ਤੋਂ ਪੰਜਾਬ ਤਕ ਸੈਕਿੰਡ ਕਲਾਸ ਅਨਰਿਜ਼ਰਵਡ ਡੱਬੇ ਦੇ ਅੰਦਰ ਬੈਠੇ ਬਿਹਾਰੀ ਨੌਜਵਾਨ ਵੀ ਅਕਸਰ ਰਾਹ ਵਿਚ ਆਪਣੀ ਜਾਨ ਗਵਾ ਬੈਠਦੇ ਹਨ। "ਤਿਲਕਪੁਰ ਪਿੰਡ ਦੇ ਉਹ ਦੋ ਮੁੰਡੇ ਗੱਡੀ ਦੀ ਛੱਤ 'ਤੇ ਉਹਦੇ ਕੋਲ ਹੀ ਬੈਠੇ ਸਨ ਅਤੇ ਉਹ ਤਿੰਨੇ ਗੱਲਾਂ ਕਰਦੇ ਇਕੱਠੇ ਹੀ ਡਿੱਗੇ ਸਨ।"[20]

ਪੰਜਾਬ ਵਿਚ ਚਾਵਲ ਦੀ ਖੇਤੀ ਏਨੇ ਵੱਡੇ ਪੱਧਰ ਤੇ ਪ੍ਰਵਾਨ ਚੜ੍ਹੀ ਕਿ ਚਾਵਲ ਦੀ ਪਨੀਰੀ ਲਾਉਣ ਦੇ ਮਾਹਰ ਭਈਆਂ ਦੀ ਮੰਗ ਬਹੁਤ ਵਧ ਗਈ। ਕਿਸਾਨ ਟਰੈਕਟਰ ਟਰਾਲੀਆਂ ਲੈ ਕੇ ਸਟੇਸ਼ਨਾਂ 'ਤੇ ਪਹੁੰਚਣ ਲੱਗੇ। ਪੂਰਬ ਤੋਂ ਪੰਜਾਬ ਵੱਲ ਆਉਣ ਵਾਲੀਆਂ ਰੇਲ ਗੱਡੀਆਂ ਦੇ ਨਾਮ 'ਭਈਆ ਐਕਸਪਰੈਸ' ਰੱਖੇ ਜਾਣ ਲੱਗੇ।

"ਸੀਟ ਕਹਾਂ ਸੇ ਮਿਲੇਗੀ, ਗਾੜੀ ਤੋ ਭਈਆ ਐਕਸਪਰੈਸ ਬਨੀ ਪੜੀ ਹੈ।"[21]

'ਭੀਮਾ' ਨਾਵਲ ਵਿਚ ਪ੍ਰਾਪਤ ਵੇਰਵਿਆਂ ਤੋਂ ਪਤਾ ਚੱਲਦਾ ਹੈ ਕਿ ਭਈਆ ਭਾਈਚਾਰਾ ਸਿਰਫ਼ ਪਿੰਡਾਂ ਵਿਚ ਹੀ ਨਹੀਂ ਬਲਕਿ ਇਹ ਭਾਈਚਾਰਾ ਵਧੇਰੇ ਸਥਾਈ ਰੂਪ ਵਿਚ ਪੰਜਾਬ ਦੇ ਸ਼ਹਿਰਾਂ ਦਾ ਹਿੱਸਾ ਵੀ ਬਣ ਚੁੱਕਾ ਹੈ। 'ਇਮਾਰਤ ਉਸਾਰੀ, ਰਿਕਸ਼ਾ, ਹੇਅਰ ਡਰੈਸਿੰਗ, ਸੜਕ ਉਸਾਰੀ, ਪੀ.ਓ.ਪੀ., ਕੱਪੜੇ ਵੇਚਣ, ਸਬਜ਼ੀ ਰੇਹੜੀ, ਦੁੱਧ ਉਤਪਾਦਨ, ਅਧਿਆਪਨ, ਨਰਸਿੰਗ, ਘਰੇਲੂ ਨੌਕਰ, ਚੌਕੀਦਾਰੀ ਆਦਿ[22] ਵਿਚ ਅਨੇਕਾਂ ਗ਼ੈਰ ਪੰਜਾਬੀ ਕੰਮ ਕਰ ਰਹੇ ਹਨ। ਇਨ੍ਹਾਂ ਅਵਾਸੀਆਂ ਨੇ ਖੇਤੀਬਾੜੀ ਦੇ ਕੰਮ ਵਿਚ ਵਧੇਰੇ ਹੱਥਾਂ ਦੀ ਲੋੜ ਨੂੰ ਹੀ ਪੂਰਾ ਨਹੀਂ ਕੀਤਾ ਬਲਕਿ ਸ਼ਹਿਰਾਂ ਵਿਚ ਵੀ ਬਹੁਤ ਸਾਰੇ ਕੰਮਾਂ ਨੂੰ ਆਸਾਨ ਤੇ ਸਸਤਾ ਬਣਾ ਦਿੱਤਾ। ਇਸ ਰੁਝਾਨ ਸਦਕਾ ਪਹਿਲਾਂ ਤੋਂ ਬਹੁਸਭਿਆਚਾਰਕ ਪੰਜਾਬੀ ਸਮਾਜ ਹੋਰ ਵਧੇਰੇ ਬਹੁਸਭਿਆਚਾਰਕ ਬਣ ਗਿਆ ਹੈ। ਅਜਿਹੀ ਸਥਿਤੀ ਨੂੰ ਇੰਗਲੈਂਡ ਦੇ ਪ੍ਰਸੰਗ ਵਿਚ ਦੇਖਦਾ ਹੋਇਆ ਸੀ. ਡਬਲਯੂ. ਵਾਟਸਨ ਕਹਿੰਦਾ ਹੈ, "ਬਹੁ-ਸਭਿਆਚਾਰਵਾਦ ਵੱਖਰੇ ਵੱਖਰੇ ਭੋਜਨ, ਕੱਪੜੇ, ਸੰਗੀਤ, ਥੀਏਟਰ ਅਤੇ ਕਈ ਵਾਰ ਵਿਸ਼ੇਸ਼ ਕਿੱਤਿਆਂ ਦੀ ਦਿਖਾਈ ਦਿੰਦੀ ਸਥਿਤੀ ਵੱਲ ਇਸ਼ਾਰਾ ਕਰਦਾ ਹੈ। ਅਸੀਂ ਸਾਰੇ ਇਕ ਬਹੁ ਸਭਿਆਚਾਰਕ ਸਮਾਜ ਵਿਚ ਰਹਿੰਦੇ ਹੋਏ ਖੁਸ਼ ਹਾਂ। ਇਹ ਸਾਨੂੰ ਬਹੁਰੰਗੀਆਂ ਜੀਵਨ ਸ਼ੈਲੀਆਂ ਦੀ ਚੋਣ ਦਿੰਦਾ ਹੈ ਅਤੇ ਇਕ ਗਾਹਕ ਦੇ ਤੌਰ 'ਤੇ ਇਹ ਸਾਡੀ ਚੋਣ ਦਾ ਦਾਇਰਾ ਚੌੜਾ ਕਰਦਾ ਹੈ।"[23]

ਬਿਨਾ ਸ਼ੱਕ ਵਾਟਸਨ ਉਨ੍ਹਾਂ ਪੱਛਮੀ ਲੋਕਾਂ ਦੀ ਪ੍ਰਤੀਨਿਧਤਾ ਕਰਦਾ ਹੈ ਜਿਹੜੇ ਧਰਤੀ ਦੇ ਕਿਸੇ ਇਲਾਕੇ ਨੂੰ ਆਪਣੇ ਪਿਉ ਦੀ ਜਾਇਦਾਦ ਨਹੀਂ ਸਮਝਦੇ। ਉਹ ਆਵਾਸੀਆਂ ਪ੍ਰਤੀ ਸ਼ਹਿਣਸ਼ੀਲ ਤੇ ਸਵਾਗਤੀ ਪਹੁੰਚ ਅਪਣਾਉਂਦਾ ਹੈ। ਪੰਜਾਬੀ ਭਾਈਚਾਰਾ ਕਿਉਂਕਿ ਵਿਸ਼ਵ ਦੇ

ਪਰਵਾਸ ਧਾਰਨ ਕਰਨ ਵਾਲੇ ਭਾਈਚਾਰਿਆਂ ਦੀ ਪਹਿਲੀ ਕਤਾਰ ਵਿਚ ਸ਼ਾਮਲ ਹੈ, ਇਸ ਲਈ ਇਸ ਭਾਈਚਾਰੇ ਨੂੰ ਵਾਟਸਨ ਵਰਗੇ ਦਿਆਲੂ ਮੇਜ਼ਬਾਨਾਂ ਦਾ ਨਜ਼ਰੀਆਂ ਬਹੁਤ ਪਸੰਦ ਹੁੰਦਾ ਹੈ। ਪਰੰਤੂ ਪੰਜਾਬੀ ਪਰਵਾਸੀਆਂ ਵਿਚ ਉਹ ਲੋਕ ਵੀ ਸ਼ਾਮਲ ਹਨ ਜਿਹੜੇ ਪੰਜਾਬ ਵਿਚ ਆ ਰਹੇ ਆਵਾਸੀਆਂ ਪ੍ਰਤੀ ਅਜਿਹੀ ਦਿਆਲਾਤਾ ਭਰੀ ਪਹੁੰਚ ਅਪਣਾਉਣ ਤੋਂ ਭੱਜਦੇ ਹਨ। ਸੰਸਾਰ ਵਿਚ ਜੇਕਰ ਕੋਈ ਭਾਈਚਾਰਾ ਕੁਝ ਕਾਰਨਾਂ/ਮਜਬੂਰੀਆਂ ਕਾਰਨ ਦੂਜੇ ਥਾਂ 'ਤੇ ਵਸਣਾ ਚਾਹੁੰਦਾ ਹੈ ਤਾਂ ਉਸਨੂੰ ਅਜਿਹਾ ਕਰਨ ਦੀ ਆਜ਼ਾਦੀ ਹੋਣੀ ਚਾਹੀਦੀ ਹੈ। ਭਾਵੇ ਇਸ ਨਾਲ ਸਥਾਨਥ ਸਭਿਆਚਾਰਕ ਰੂਪਾਂਤਰਣ ਦਾ ਡਰ ਵੀ ਹੋਵੇ। ਮਨੁੱਖ ਅਤੇ ਸਭਿਆਚਾਰ ਦੀ ਤੁਲਨਾ ਕਰੀਏ ਤਾਂ ਮਨੁੱਖੀ ਜਾਨਾਂ ਜ਼ਿਆਦਾ ਕੀਮਤੀ ਮੰਨੀਆ ਜਾਣਗੀਆਂ। ਯੂਰਪੀਅਨ ਯੂਨੀਅਨ ਵਿਚਲੇ ਪਰਵਾਸ ਬਾਰੇ ਚਰਚਾ ਕਰਦਿਆਂ ਯੁਵਲ ਨਹ ਹਰਾਰੀ ਲਿਖਦਾ ਹੈ, "ਯੂਰਪੀਅਨ ਯੂਨੀਅਨ ਫਰਾਂਸੀਸੀ, ਜਰਮਨ, ਸਪੈਨਿਸ਼ ਤੇ ਗਰੀਕ ਲੋਕਾਂ ਦੇ ਸਭਿਆਚਾਰਕ ਵੱਖਰੇਵਿਆਂ ਤੋ ਪਾਰ ਜਾਣ ਦੇ ਦਾਅਵੇ ਨਾਲ ਹੋਂਦ ਵਿਚ ਆਈ ਸੀ। ਜੇਕਰ ਇਹ ਅਫ਼ਰੀਕਾ ਅਤੇ ਮੱਧ ਏਸ਼ੀਆਂ ਤੋਂ ਆਉਣ ਵਾਲੇ ਰਫਿਊਜੀਆਂ ਦੇ ਸਭਿਆਚਾਰਕ ਵੱਖਰੇਵਿਆਂ ਨਾਲ ਕਾਮਯਾਬੀ ਨਹੀਂ ਨਜਿਠਦੀ ਤਾਂ ਇਹ ਟੁੱਟ ਸਕਦੀ ਹੈ। ਇਹ ਖ਼ੁਸ਼ੀ ਵਾਲੀ ਗੱਲ ਹੈ ਕਿ ਪਹਿਲੇ ਪੜਾਅ 'ਤੇ ਯੂਰਪੀਅਨ ਯੂਨੀਅਨ ਨੇ ਖੁਸ਼ਹਾਲ ਬਹੁ-ਸਭਿਆਚਾਰਕ ਪ੍ਰਬੰਧ ਉਸਾਰ ਕੇ ਬਹੁਤ ਸਾਰੇ ਰਫਿਊਜੀਆਂ ਨੂੰ ਆਪਣੇ ਵਿਚ ਜਜ਼ਬ ਕਰ ਲਿਆ ਹੈ।"[24] 000

## ਹਵਾਲੇ ਅਤੇ ਟਿੱਪਣੀਆਂ:


1. Yuval Hoah Harari, Sapiens- A Brif History of Mankind, Vintage Books, London, 2011, P-370.
2. Yuval Hoah Harari, 21 Lessons for the 21th Century, Jonathan Cope, London, 2018, P-147
3. United Nations High Commissoner for Refuges, 'Global Trents : Forced Displament in 2016', ਉਪਰੋਕਤ ਪੁਸਤਕ ਪੰਨਾ-148
4. ਕਰਮਜੀਤ ਸਿੰਘ ਕੁੱਸਾ, ਅੱਗ ਦਾ ਗੀਤ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਪੰਨਾ-51
5. Yuval Hoah Harari, 21 Lessons for 21st Century, Page-140
6. C.W. Watson, Multiculturalism, Viva Books, Pvt. Ltd. New Delhi, 2005, P-107
7. ਹਰਜੀਤ ਅਟਵਾਲ, ਸਾਊਥਾਲ, ਸੰਗਮ ਪਬਲੀਕੇਸ਼ਨ, ਸਮਾਣਾ, 2013, ਪੰਨਾ-53
8. C.W. Wastonm, ਉਹੀ ਪੰਨਾ-58
9. ਹਰਜੀਤ ਅਟਵਾਲ, ਉਹੀ ਪੰਨਾ-98
10. ਉਹੀ, ਪੰਨਾ-153
11. ਉਹੀ, ਪੰਨਾ-257
12. ਉਹੀ, ਪੰਨਾ-170
13. ਉਹੀ, ਪੰਨਾ-86
14. ਉਹੀ, ਪੰਨਾ-117
15. ਰਾਮ ਸਰੂਪ ਅਣਖੀ, ਭੀਮਾ, ਯੂਨੀਸਟਾਰ ਬੁਕਸ ਪ੍ਰਾਈ. ਲਿਮ. ਚੰਡੀਗੜ੍ਹ, 2011, ਪੰਨਾ-173
16. ਉਹੀ, ਪੰਨਾ-67
17. ਉਹੀ, ਪੰਨਾ-63
18. ਉਹੀ, ਪੰਨਾ-63
19. Amartya Sen, Identity and Violence.
20. ਰਾਮ ਸਰੂਪ ਅਣਖੀ, ਉਹੀ ਪੰਨਾ-92
21. ਉਹੀ, ਪੰਨਾ-77
22. ਬਲਜਿੰਦਰ ਨਸਰਾਲੀ, ਮਸਲਾ ਪਰਵਾਸੀ ਮਜ਼ਦੂਰਾਂ ਦਾ, ਪੰਜਾਬੀ ਟ੍ਰਿਬਿਊਨ, ਨਵੰਬਰ, 27, 2005, ਮੈਗਜ਼ੀਨ ਪੰਨਾ-1
23. C.W. Watson, Multiculturalism, Viva Books Private
24. Yuval Hoah Harari, 21 Lessons for the 21st Century, P.139.



***(ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ - 07)***

# ‘ਰੁੱਤਾਂ’ ਕਾਵਿ ਸੰਗ੍ਰਹਿ– ਸੁਫ਼ਨੇ ਤੇ ਹਕੀਕਤਾਂ ਵਿਚਲਾ ਤਣਾਉ

**ਅਮਨਦੀਪ ਕੌਰ**

‘ਰੁੱਤਾਂ’ ਮਨਜੀਤ ਪਾਲ ਕੌਰ ਦੀ ਅੰਤਮ ਕਾਵਿ-ਪੁਸਤਕ ਹੈ ਜੋ ਉਹਨਾਂ ਦੇ ਫੌਤ ਹੋਣ ਤੋਂ ਬਾਅਦ 2020 ਵਿਚ ਪ੍ਰਕਾਸ਼ਤ ਹੁੰਦੀ ਹੈ। ਇਸ ਪੁਸਤਕ ਵਿਚਲੀਆਂ ਕਵਿਤਾਵਾਂ ਵਿਚ ਮਨਜੀਤਪਾਲ ਦੀ ਕਾਵਿ ਸਾਧਨਾ ਦੇ ਬਿੰਦੂ ਨੂੰ ਦੇਹ ਦੀ ਸੀਮਾ ਦੀ ਪੇਸ਼ਕਾਰੀ ਵਜੋਂ ਪਛਾਣਿਆ ਜਾ ਸਕਦਾ ਹੈ। ਦੇਹ ਜੋ ਮਿੱਟੀ ਦੇ ਮੈਟਾਫ਼ਰ ਵਜੋਂ ਵੀ ਇਸ ਕਵਿਤਾ ਵਿਚ ਪੇਸ਼ ਹੁੰਦੀ ਹੈ। ਇਹ ਮਿੱਟੀ ਜ਼ਿੰਦਗੀ ਵਿਚ ਕਈ ਸੁਫ਼ਨੇ, ਖ਼ਾਹਿਸ਼ਾਂ ਲੈ ਕੇ ਆਉਂਦੀ ਹੈ। ਪਰ ਔਰਤ ਦੀ ਜ਼ਿੰਦਗੀ ਵਿਚ ਜਦੋਂ ਉਸ ਦੀਆਂ ਸੱਧਰਾਂ, ਹਕੀਕਤਾਂ ਵਿਚ ਤਬਦੀਲ ਨਹੀਂ ਹੁੰਦੀਆਂ ਤਾਂ ਤਣਾਉ ਦੀ ਸਥਿਤੀ ਪੈਦਾ ਹੋ ਜਾਂਦੀ ਹੈ ਜੋ ਕਈ ਰੂਪਾਂ ਵਿਚ ਉਜਾਗਰ ਹੁੰਦੀ ਹੈ।

ਅਤੀਤ ਅਤੇ ਭਵਿੱਖ ਵਿਚਲਾ ਜੋ ਰਿਸ਼ਤਾ ਹੈ ਉਸ ਨੂੰ ਕਵਿਤਰੀ ਅਤੀਤ ਵਿਚ ਹੰਢਾਏ ਸੁਖ, ਆਨੰਦ, ਪਿਆਰ ਅਤੇ ਤਸੱਵੁਰ ਦੇ ਮਨੋਭਾਵਾਂ ਨੂੰ ਕਵਿਤਾ ਰਾਹੀਂ ਪੇਸ਼ ਕਰਦੀ ਹੈ। ਅਤੇ ਜੀਵਨ ਦੇ ਅੱਧਖੜ ਪੜਾਅ ਲੰਘਣ ਉਪਰੰਤ ਜਿਸ ਸਰੀਰਕ ਸੰਤਾਪ ਜਾਂ ਮਾਨਸਿਕ ਬੇਕਿਰਕੀ ਨੂੰ ਵਿਅਕਤੀ ਝੱਲਦਾ ਹੈ, ਉਸ ਨੂੰ ਵੀ ਕਵਿਤਰੀ ਬਹੁਤ ਸ਼ਿੱਦਤ ਨਾਲ ਪ੍ਰੋਖ ਅਤੇ ਸੂਖਮ ਰੰਗ ਵਿਚ ਪੇਸ਼ ਕਰਦੀ ਹੈ। ਮਨਜੀਤਪਾਲ ਦੀ ਇਹ ਕਵਿਤਾ ਉਸ ਦੇ ਪਹਿਲੇ ਲਿਖੇ ਕਾਵਿ-ਸੰਗ੍ਰਿਹਾਂ ਨਾਲ ਸੰਬੰਧ ਅਤੇ ਭਿੰਨਤਾ ਵਿਚ ਬੱਝੀ ਹੋਈ ਹੈ।

ਮਨਜੀਤਪਾਲ ਨੇ ‘ਪਿਆਸਾ’ ਕਵਿਤਾ ਵਿਚ ਮਨ ਦੀ ਸਹਿਜ ਬਿਰਤੀ ਵਜੋਂ ਅਤੇ ਮਿਲਾਪ ਦੇ ਸੰਕਲਪਾਂ ਨੂੰ ਪ੍ਰਗਟਾਉਣ ਦਾ ਯਤਨ ਕੀਤਾ ਹੈ। ਅਜਿਹੀਆਂ ਕਵਿਤਾਵਾਂ ਉਸ ਦੀ ਭਾਸ਼ਾ ਅਤੇ ਸ਼ਬਦ ਚੋਣ ਗੁਰਬਾਣੀ ਦੀ ਵਿਚਾਰਾਤਮਕ ਸ਼ਬਦਾਵਲੀ ਦੇ ਨਾਲ ਬਹੁਤ ਹੱਦ ਤਕ ਮੇਲ ਖਾਂਦੀ ਹੈ:

*ਪੀਆ ਦਰਸ ਦਾ ਪਿਆਸਾ ਮਨ*
*ਪਲ ਪਲ ਨਿੱਤ ਨਿੱਤ*
*ਕਰੇ ਮਿਲਨ ਦੀ ਆਸਾ*
*ਨਾ ਬਿਲਲਾਵੇ, ਨਾ ਚੀਤ ਪੁਕਾਰ ਕਰੇ*
*ਐਸੀ ਗੂੜੀ ਆਸਾ*
*ਕੁਦਰਤ ਹੱਥ ਲਿਟਾ ਸੌਂਪਿਆ*
*ਪੱਕੀ ਪੀਡੀ ਆਸਾ*
*ਆਪ ਸਾਜ, ਆਪੇ ਸੰਵਾਰੇ*
*ਹਰ ਬਿਧ ਆਲੇ ਆਸਾ*
*ਰਿਸ਼ਮ ਰਿਸ਼ਮ ਚੁਗਿਰਦੇ ਚਾਨਣ*
*ਧਿਆਏ ਉਰਜਾ ਆਸਾ*
*ਮਨ ਪਿਆਸਾ ਪੀਆ ਮਿਲਣ ਦੀ ਆਸਾ।*

ਦਰਸ, ਬਿਲਲਾਵੇ, ਚੀਤ-ਪੁਕਾਰ, ਆਸਾ, ਸਾਜ, ਹਰ ਬਿਧ ਧਿਆਏ ਆਦਿ ਬਹੁਤ ਸਾਰੇ ਸ਼ਬਦ ਗੁਰਬਾਣੀ ਵਿਚੋਂ ਸਹਿਜੇ ਪਛਾਣੇ ਜਾ ਸਕਦੇ ਹਨ। ਇਹ ਅਭਿਆਸ ਦ੍ਰਿਸ਼ਟਮੂਲਕ ਜਗਤ ਵਿਚ ਪਿਆਰ ਅਤੇ ਮਿਲਾਪ ਦੇ ਸੰਕਲਪਾਂ ਨੂੰ ਅਧਿਆਤਮਕ ਪਹਿਰਣ ਦੇਣ ਦਾ ਯਤਨ ਕਰਦੇ ਹਨ। ਅਜਿਹੇ ਪ੍ਰਭਾਵ ਵਿਚ ਇਹ ਕਵਿਤਾ ਉਸ ਦੀ ਦੇਹ ਨਾਲ ਸੰਬੰਧ ਤੇ ਵਿੱਥ ’ਤੇ ਆ ਜਾਂਦੀ ਹੈ।

ਜਿੱਥੇ ਉਹ ਦੇਹ ਦੇ ਭੌਤਿਕ ਪਰਪੰਚ ਨੂੰ ਪ੍ਰਗਟ ਕਰਦੀ ਹੈ। ਉਹ ਇਹਨਾਂ ਕਵਿਤਾਵਾਂ ਵਿਚ ਨਾ ਤਾਂ ਇਸ਼ਕ ਦੇ ਸੰਕਲਪ ਨੂੰ ਅੰਤਮ ਅਰਥਾਂ ਵਿਚ ਅਧਿਆਤਮਕ ਰੰਗਤ ਦੇਂਦੀ ਹੈ ਅਤੇ ਨਾ ਹੀ ਮਿਲਾਪ ਦੇ ਸੰਕਲਪ ਨੂੰ ਕਿਸੇ ਸਤਹੀ ਕਿਸਮ ਦੇ ਭੌਤਿਕ ਅਨੁਭਵ ਨਾਲ ਜੋੜਦੀ ਹੈ। ਇਹ ਇਸ ਕਵਿਤਾ ਦਾ ਖਾਸਾ ਹੈ।

ਮਨਜੀਤਪਾਲ ਦੀ ਕਵਿਤਾ ਵਿਚ ਸ਼ਬਦ ਚਿੱਤਰਾਂ ਦੀ ਭਰਮਾਰ ਹੈ। ਛੋਟੀ ਜਿਹੀ ਕਵਿਤਾ ਵਿਚ ਉਹ ਸਮੁੱਚੇ ਜੀਵਨ ਦ੍ਰਿਸ਼ ਨੂੰ ਬਹੁਤ ਹੀ ਭਾਵਪੂਰਤ ਢੰਗ ਨਾਲ ਪ੍ਰਗਟਾਉਣ ਵਾਲੀ ਸਮਰੱਥ ਸ਼ਾਇਰਾ ਹੈ। ਇਹ ਜੀਵਨ ਦ੍ਰਿਸ਼ ਮੈਟਾਫ਼ਰ ਰੂਪ ਵਿਚ ਬਹੁਤ ਵਾਰ ਪ੍ਰਕਿਰਤੀ ਵਿਚੋਂ ਲਏ ਜਾਂਦੇ ਹਨ। ਇਹਨਾਂ ਦ੍ਰਿਸ਼ਾਂ ਵਿਚ ਜਵਾਨੀ ਤੇ ਸੁੰਦਰਤਾ ਨੂੰ ਮੌਤ ਤੇ ਨਾਸ਼ਵਾਨਤਾ ਵਿਚ ਰੂਪਾਂਤਰਤ ਕਰ ਕੇ ਪ੍ਰਗਟ ਕੀਤਾ ਜਾਂਦਾ ਹੈ। ਦੇਹ ਦੀ ਖੂਬਸੂਰਤੀ ਦਾ ਚਿੱਤਰ ਮਿੱਟੀ ਦੇ ਰੂਪ ਵਿਚ ਵਟਿਆ ਦਿਖਾਈ ਦੇਂਦਾ ਹੈ। 'ਸਬਰ' ਨਾਂ ਦੀ ਕਵਿਤਾ ਇਸ ਦ੍ਰਿਸ਼ਟੀ ਤੋਂ ਪੜ੍ਹੀ ਤੇ ਵਿਚਾਰੀ ਜਾ ਸਕਦੀ ਹੈ:

*ਠੰਡੀ ਠੰਡੀ ਵਾਅ ਰੁਮਕ ਰਹੀ*
*ਉਚੇ ਦਰਖ਼ਤਾਂ ਦੀਆਂ ਲੰਬੀਆਂ ਟਾਹਣਾਂ*
*ਪੱਤ ਹਰੇ ਹਰੇ ਲਹਿਰਾਉਂਦੇ*
*ਮਨ ਨੂੰ ਭਾਉਂਦੇ*
*ਕੁਝ ਕਹਿਣ ਨੂੰ ਜਾਪਣ ਉਕਸਾਉਂਦੇ*
*ਰਤਾ ਕੁ ਤਿਖੇਰੀ ਵਾਅ ਝੁਲਦੀ*
*ਪੀਲੇ ਪੱਤੇ ਛੱਡ ਟਾਹਣਾਂ*
*ਧਰਤ ਨੂੰ ਕੱਜਣ ਲੱਗਦੇ*
*ਵੇਲਾ ਵਿਹਾਇਆ, ਜੀਕਣ ਰੇਤਾ ਕਰਾਉਂਦੇ*
*ਮਿੱਟੀ ਨੇ ਆਖਿਰ ਮਿੱਟੀ 'ਚ ਰਲਨਾ*
*ਸੁਭਾਗੇ ਪੈੜ ਜਿਨ੍ਹਾਂ ਦੀ ਮਿੱਟੀ 'ਤੇ*
*ਘੜੀ ਦੋ ਘੜੀ ਟਿਕ ਜਾਂਦੀ*
*ਸਬਰ ਦੀ ਸੁਲੱਖਣੀ ਘੜੀ ਮਿਲ ਜਾਂਦੀ।*

ਇਸ ਕਵਿਤਾ ਵਿਚ ਉੱਚੇ ਲੰਮੇ ਦਰੱਖਤਾਂ ਦੀ ਹਰਿਆਵਲ ਨੂੰ ਪ੍ਰਕਿਰਤੀ ਦੀ ਦੂਸਰੀ ਇਕਾਈ 'ਠੰਡੀ ਠੰਡੀ ਵਾ' ਨਾਲ ਸਮਸਰ ਕੀਤਾ ਗਿਆ ਜੋ ਦੇਹ ਦੇ ਰੂਪਕ ਵਜੋਂ ਵਿਚਾਰੇ ਜਾ ਸਕਦੇ ਹਨ। ਦੇਹ ਦੀ ਖ਼ੂਬਸੂਰਤੀ ਤੇ ਜੀਵਨ ਦੀ ਖੁਸ਼ਹਾਲੀ ਆਪਣੇ ਆਪ ਵਿਚ ਪੂਰਨ ਨਹੀਂ ਸਗੋਂ ਇਸ ਦਾ ਸੰਬੰਧ ਜੋ ਜੀਵਨ ਦੇ ਚੌਗਿਰਦੇ ਨਾਲ ਹੈ ਉਹ ਜੀਵਨ ਨੂੰ ਪ੍ਰਭਾਵਤ ਕਰਦਾ ਹੈ। ਜੀਵਨ ਦੀ ਇਹ ਖੁਸ਼ਹਾਲੀ ਅਤੇ ਦੇਹ ਦੀ ਖੂਬਸੂਰਤੀ ਜਿਸ ਨੂੰ ਦਰੱਖਤ ਅਤੇ ਉਸ ਦੀਆਂ ਲੰਮੀਆਂ ਟਾਹਣੀਆਂ ਨਾਲ ਪ੍ਰਗਟਾਇਆ ਗਿਆ ਹੈ, ਦਾ ਅੰਤਮ ਸੱਚ ਮਿੱਟੀ ਹੈ। ਹਰੇ ਪੱਤਿਆਂ ਦਾ ਪੀਲੇ ਪੱਤਿਆਂ ਵਿਚ ਵਟਣਾ, ਦਰਖਤ ਤੋਂ ਟੁੱਟਣਾ, ਜ਼ਮੀਨ 'ਤੇ ਡਿੱਗਣਾ ਅਤੇ ਫਿਰ ਜ਼ਮੀਨ ਦੀ ਮਿੱਟੀ ਵਿਚ ਮਿੱਟੀ ਹੋ ਜਾਣਾ ਬੰਦੇ ਦੀ ਦੇਹ ਮੁਖੀ ਹੋਂਦ ਦੇ ਖ਼ਤਮ ਹੋਣ ਦਾ ਸੂਚਕ ਬਣ ਜਾਂਦਾ ਹੈ। ਇਉਂ ਮਨਜੀਤਪਾਲ ਅਜਿਹੇ ਸ਼ਬਦ ਚਿੱਤਰ ਸਿਰਜਦੀ ਹੈ ਜਿਸ ਵਿਚ ਮਨੁੱਖੀ ਦੇਹ ਦਾ ਅੰਤਮ ਸੱਚ ਉਸ ਤੋਂ ਪਹਿਲਾਂ ਦੇਹ ਤੇ ਜੀਵਨ ਦਾ ਸੁਹੱਪਣ ਵੀ ਹੈ।

ਇਸੇ ਵਿਚਾਰ ਦੀ ਪੁਸ਼ਟੀ ਮਨਜੀਤਪਾਲ 'ਬਾਜ਼ੀਆਂ' ਕਵਿਤਾ ਵਿਚ ਪ੍ਰੋੜ ਰੂਪ ਵਿਚ ਕਰਦੀ ਨਜ਼ਰ ਆਉਂਦੀ ਹੈ:

*ਜੀ ਅਸੀਂ ਮਿੱਟੀ ਦੀਆਂ ਬਾਜ਼ੀਆਂ*
*ਖੇਡ ਖੇਡ ਉਕਤਾ ਗਏ ਓ*

*ਤਾਈਓਂ ਟੁੱਟੀਆਂ ਤੇ ਭੱਜੀਆਂ*
*ਨੱਕ ਬੁਲ੍ਹ ਟੇਰਦੇ ਓ*
*ਮਿੰਨ੍ਹਾ ਮਿੰਨ੍ਹਾ ਹੱਸਦੇ ਓ*
*ਤੁਹਮਤਾਂ ਨੂੰ ਸੱਦਦੇ ਓ*
*ਜੀ ਅਸੀਂ ਟੁੱਟੀਆਂ*
*ਮਿੱਟੀ ਦਾ ਖਿਡੌਣਾ ਬੰਦਾ*
*ਮਿੱਟੀ ਮਿੱਟੀ 'ਚ ਰਲ ਜਾਣਾ ਆਖਿਰ*
*ਬਸ ਏਨਾ ਜਾਣ ਨੇਓ*
*ਫੰਕਾਰੇ ਕਾਹਤੇ ਮਾਰ ਦੇਓ*
*ਜੀ ਅਸੀਂ ਮਿੱਟੀ ਦੀਆਂ ਬਾਜ਼ੀਆਂ*

'ਮਿੱਟੀ' ਦਾ ਮੈਟਾਫ਼ਰ ਬੜਾ ਪ੍ਰਬਲ ਰੂਪ ਵਿਚ ਉਭਰ ਕੇ ਸਾਹਮਣੇ ਆਉਂਦਾ ਹੈ। ਮਿੱਟੀ ਇਸ ਕਾਵਿ ਸੰਗ੍ਰਹਿ ਵਿਚ ਬੰਦੇ ਦੀ ਭੌਤਿਕ ਹੋਂਦ ਅਤੇ ਆਤਮਕ ਬਿਰਤੀ ਦੀ ਧਾਰਨੀ ਹੈ। ਸਮੁੱਚੇ ਪੰਜਾਬੀ ਕਾਵਿ- ਗੁਰਬਾਣੀ, ਸੂਫ਼ੀ ਅਤੇ ਆਧੁਨਿਕ ਕਵਿਤਾ ਵਿਚ ਮਿੱਟੀ ਨੂੰ ਵਿਭਿੰਨ ਰੂਪਾਂ ਅਤੇ ਅਰਥਾਂ ਵਜੋਂ ਪੇਸ਼ ਕੀਤਾ ਗਿਆ ਹੈ। ਸ਼ਿਵ ਕੁਮਾਰ ਬਟਾਲਵੀ ਦੀਆਂ ਹੇਠ ਲਿਖਿਤ ਸਤਰਾਂ ਵਿਚ ਮਿੱਟੀ ਨੂੰ ਪਰੰਪਰਕ ਬੰਦਿਸ਼ਾਂ ਦੇ ਰੂਪ ਵਜੋਂ ਵੀ ਪੇਸ਼ ਕੀਤਾ ਗਿਆ।

*ਸੱਜਣ ਜੀ*
*ਦਿਸੇ ਸਭ ਜੱਗ ਤਾਈਂ*
*ਗਰਭ ਜੂਨ ਵਿਚ ਮਰਨਾ*
*ਜੰਮਣੋਂ ਪਹਿਲਾਂ ਔਧ ਹੰਢਾਈਏ*
*ਫੇਰ ਹੰਢਾਈਏ ਸ਼ਰਮਾਂ*
*ਮਰ ਕੇ ਕਰੀਏ*
*ਇਕ ਦੂਜੇ ਦੀ*
*ਮਿੱਟੀ ਦੀ ਪਰਕਰਮਾ*
*ਪਰ ਜੇ ਮਿੱਟੀ ਵੀ ਮਰ ਜਾਏਂ*
*ਤਾਂ ਜਿਊ ਕੇ ਕੀ ਕਰਨਾ?*

ਉਪਰੋਕਤ ਸਤਰਾਂ ਵਿਚ 'ਮਿੱਟੀ' ਦੇ ਮਰ ਜਾਣ ਤੋਂ ਭਾਵ ਕਿ ਸਮਾਜਕ ਬੰਦਿਸ਼ਾਂ ਵਿਚ ਰਹਿ ਕੇ ਬੰਦਾ ਮਰਿਆਂ ਬਰਾਬਰ ਹੁੰਦਾ ਹੈ। ਉਸ ਦੇ ਚਾਅ, ਮਲਾਰ, ਰੀਝਾਂ, ਸੁਪਨੇ ਅਧੂਰੇ ਰਹਿ ਜਾਂਦੇ ਹਨ। ਬੰਦਾ ਮਰਿਆਦਾ ਦੇ ਘੇਰਿਆਂ ਵਿਚ ਜਕੜਿਆ ਰਹਿੰਦਾ ਹੈ। ਉਹ ਮਰਿਯਾਦਾਵਾਂ ਦੀ ਵਲਗਣ ਤੋਂ ਬਾਹਰ ਨਹੀਂ ਨਿਕਲ ਸਕਦਾ। ਜਿਸ ਦਾ ਦੁਖ ਉਹ ਤਾਉਮਰ ਭੋਗਦਾ ਰਹਿੰਦਾ ਹੈ। ਦਾਇਰਿਆਂ ਵਿਚ ਘਿਰਿਆ ਬੰਦਾ ਆਪਣੇ ਸੁਪਨਿਆਂ ਨੂੰ ਹਕੀਕਤਾਂ ਦਾ ਜਾਮਾ ਨਹੀਂ ਪਹਿਨਾ ਸਕਦਾ।ਤਾਂ ਹੀ ਸ਼ਿਵ ਕੁਮਾਰ ਜਿਉਂਦੇ ਬੰਦੇ ਦੀ ਮਿੱਟੀ ਨੂੰ ਮਰਿਆਂ ਦੇ ਸਮਰੂਪ ਰੱਖਦਾ ਹੈ। ਇਸੇ ਲਈ ਸ਼ਿਵ ਕੁਮਾਰ ਦੀ ਸਮੁੱਚੀ ਕਵਿਤਾ ਦੁਖ ਦੇ ਜਸ਼ਨ ਭਾਵ ਦੁੱਖ ਵਿਚੋਂ ਸੰਤੁਸ਼ਟੀ ਦੀ ਭਾਲ ਕਰਦੀ ਹੈ, ਤਪੜ ਵਿਛੋੜੇ ਦਾ ਰਾਗ ਅਲਾਪਦੀ ਹੈ। ਮਨਜੀਤ ਪਾਲ ਦੀ ਕਵਿਤਾ ਵਿਚ ਮਿੱਟੀ ਦੇ ਮਹਿਬੂਬ ਨਾਲ ਮਿੱਟੀ ਬਾਤ ਪਾਉਂਦੀ ਹੈ। ਮਨਜੀਤਪਾਲ ਦੀ ਕਵਿਤਾ ਵਿਚ ਮਿੱਟੀ ਬੋਝ ਨਹੀਂ ਬਣਦੀ ਜਿਸ ਤਰ੍ਹਾਂ ਸ਼ਿਵ ਦੀ ਕਵਿਤਾ ਵਿਚ ਨਜ਼ਰ ਆਉਂਦਾ ਹੈ।

*ਕੌਣ ਲੋਕ ਤੇ ਕੈਸਾ ਝੇੜਾ*
*ਮੈਂ ਰਾਂਝਣ ਦੀ ਰਾਂਝਾ ਮੇਰਾ*

*ਮਿੱਟੀ 'ਚ ਮਿੱਟੀ ਵਿਚ ਰਲ ਗਈ ਜੀ, ਸਈਓ।*

ਮਿੱਟੀ ਬੰਦੇ ਦੀ ਦੇਹ ਦੀ ਸੂਚਕ ਹੈ ਪਰ ਇਸ ਕਵਿਤਾ ਵਿਚ ਮਿੱਟੀ ਦਾ ਮੈਟਾਫ਼ਰ ਦੇਹ ਤੋਂ ਅਗਾਂਹ ਰੂਪ ਵਿਚ ਤਬਦੀਲ ਹੋ ਜਾਂਦਾ ਹੈ। ਦੇਹ ਦੇ ਆਪਣੇ ਦੁੱਖ ਹਨ। ਦੇਹ ਦੁੱਖ ਬੰਦੇ ਦੇ ਸੁਪਨੇ ਟੁੱਟਣ ਨਾਲ ਵਧੇਰੇ ਤੀਬਰ ਰੂਪ ਵਿਚ ਉਭਰਦੇ ਹਨ। ਬਾਬਾ ਬੁਲ੍ਹੇਸ਼ਾਹ ਵੀ ਬੰਦੇ ਦੇ ਦੁੱਖਾਂ ਦੀ ਕਹਾਣੀ ਇਉਂ ਪਾਉਂਦੇ ਹਨ:

*ਰੰਗ ਬਰੰਗੀ ਸੂਲ ਉਪੱਠੇ, ਚੰਬੜ ਜਾਵਣ ਮੈਨੂੰ,*
*ਦੁਖ ਅਗਲੇ ਮੈਂ ਨਾਲ ਲੈ ਜਾਵਾ, ਪਿਛਲੇ ਸੌਂਪਾਂ ਕੈਨੂ*

ਮਨਜੀਤ ਪਾਲ ਦੀ ਕਵਿਤਾ ਵੀ ਬੁਲ੍ਹੇ ਸ਼ਾਹ ਦੀਆਂ ਕਾਵਿ ਸਤਰਾਂ ਵਾਂਝ ਬੀਤੀ ਉਮਰ ਦੇ ਹੰਢਾਏ ਦੁੱਖਾਂ ਦੀ ਵਿਥਿਆ ਨੂੰ ਬਿਆਨ ਕਰਦੀ ਹੈ ਜੋ ਅਭੁੱਲਣਯੋਗ ਹਨ। ਉਸ ਦੇ ਕਾਵਿ ਸੰਗ੍ਰਹਿ 'ਰੁੱਤਾਂ' ਵਿਚ ਬੰਦੇ ਦੇ ਜੀਵਨ ਦੇ ਉਸ ਪੜਾਅ ਦੇ ਵਿਚਾਰਾਂ ਤੇ ਭਾਵਪੂਰਤ ਧਿਆਨ ਕਰਦੇ ਹਨ, ਜਿਸ ਵਿਚ ਤਾਉਮਰ ਸਮਾਜਕ ਵਲਗਣਾਂ ਤੋਂ ਬਾਹਰ ਨਾ ਜਾ ਕੇ ਦੁੱਖ ਭੋਗਦਾ ਹੈ ਅਤੇ ਇਹ ਦੁਖ ਉਸ ਦੀਆਂ ਸਿਮਰਤੀਆਂ ਵਿਚ ਸਮਾਏ ਰਹਿੰਦੇ ਹਨ। ਜਦੋਂ ਬੰਦੇ ਦੇ ਪਿਛਲੇ ਸੁਪਨੇ, ਇੱਛਾਵਾਂ ਸਾਕਾਰ ਨਹੀਂ ਹੋਏ ਹੁੰਦੇ ਤਾਂ ਭਵਿੱਖਵਾਦੀ ਸੁਪਨੇ ਮਨ ਵਿਚ ਸਜਾਈ ਜਾਣ ਦਾ ਦਵੰਦ ਪੈਂਦਾ ਹੁੰਦਾ ਹੈ। ਬੁਲ੍ਹੇ ਸ਼ਾਹ ਦੀਆਂ ਉਪਰੋਕਤ ਸਤਰਾਂ ਦੇ ਕੇਂਦਰੀ ਥੀਮ ਦੁਆਲੇ ਹੀ ਮਨਜੀਤ ਪਾਲ ਦਾ ਸਮੁੱਚਾ ਕਾਵਿ ਸੰਗ੍ਰਹਿ ਬੱਝਾ ਹੋਇਆ ਹੈ। ''ਫ਼ਜ਼ਰ ਵੇਲਾ'' ਵਿਚ ਜੀਵਨ ਦੇ ਮੁੱਢਲੇ ਪੜਾਅ ਵਿਚ ਬੰਦੇ ਦੇ ਸਿਰਜੇ ਸੁਪਨੇ, ਖ਼ੁਆਬ ਖੌਰੂ ਪਾਉਂਦੇ ਹਨ ਪਰ ਜਦੋਂ ਉਮਰ ਦੇ ਪੜਾਵਾਂ ਦਾ ਲੰਘਾ ਵਾਹਾਅ ਤੁਰਦਾ ਹੈ ਤਾਂ ਉਹ ਸੁਪਨੇ ਮਨ ਦੀਆਂ ਤਹਿਆਂ ਵਿਚ ਖਲਬਲੀ ਪਾਉਂਦੇ ਹਨ, ਜੋ ਫ਼ਜ਼ਰ ਵੇਲੇ ਵੀ ਤੰਗ ਕਰਦੇ ਹਨ।

*ਚੰਨ ਦੀ ਬੁੱਕਲ 'ਚ ਬੈਠੇ ਤਾਰੇ*
*ਦਰਦ ਮੇਰੇ ਦੀ ਬਾਤ ਪਾਉਂਦੇ*
*ਤੇ ਰੋਂਦੇ ਰਹੇ ਰਾਤ ਸਾਰੀ*
*ਚੰਨ ਨੂੰ ਪਰਚਾਉਣਾ ਹੀ ਭੁੱਲ ਗਿਆ।*

ਇਸ ਤਰ੍ਹਾਂ ਮਨਜੀਤ ਪਾਲ ਦੀ ਕਵਿਤਾ ਸਮੁੱਚੇ ਪੰਜਾਬੀ ਨਾਰੀ ਕਾਵਿ ਨਾਲੋਂ ਵੱਖਰੀ ਪਛਾਣ ਰੱਖਦੀ ਹੈ। ਉਸ ਦੀ ਕਵਿਤਾ ਵਿਚਲੀ ਔਰਤ ਪੰਜਾਬੀ ਨਾਰੀ-ਕਾਵਿ ਵਿਚਲੇ ਨਾਰੀ ਬਿੰਬ ਵਾਂਝ ਨਹੀਂ ਹੈ। ਉਹ ਪੰਜਾਬੀ ਦੀਆਂ ਦੂਸਰੀਆਂ ਕਵਿਤਰੀਆਂ ਵਾਂਝ ਮਰਦ ਦੀ ਹੋਂਦ ਨੂੰ ਨਕਾਰਦੀ ਨਹੀਂ ਸਗੋਂ ਔਰਤ ਤੇ ਮਰਦ ਦੀ ਹੋਂਦ ਨੂੰ ਇਕ ਦੂਜੇ ਦੇ ਪੂਰਕ ਰੱਖਦੀ ਹੈ। ਅਤੇ ਮਰਦ ਤੋਂ ਬਿਨਾਂ ਜ਼ਿੰਦਗੀ ਨੂੰ ਬੋਝ ਮੰਨਦੀ ਹੈ।

ਮਨਜੀਤਪਾਲ ਦੀ ਕਾਵਿਕ ਸ਼ੈਲੀ ਦਾ ਵੱਡਾ ਗੁਣ ਇਹ ਵੀ ਹੈ ਕਿ ਉਹ ਪਿਆਰ ਤੋਂ ਵਿਛੁੰਨੀ ਤੇ ਵਿਛੜੀ ਹੋਈ ਨਾਰ ਦੀ ਭਾਵਨਾ ਨੂੰ ਪੇਸ਼ ਨਹੀਂ ਕਰਦੀ ਸਗੋਂ ਮਰਦ ਤੋਂ ਸੱਖਣੇਪਣ ਵਾਲੀ ਜ਼ਿੰਦਗੀ ਅਧੂਰੀ ਮੰਨਦੀ ਹੈ। ਜ਼ਿੰਦਗੀ ਜਿਉਣ ਦੀ ਚਾਹਤ ਜਿਸ ਰੂਪ ਵਿਚ ਮਨਜੀਤ ਪਾਲ ਕਾਵਿ ਵਿਚੋਂ ਨਜ਼ਰ ਆਉਂਦੀ ਹੈ ਉਸ ਵਿਚ ਔਰਤ ਦੀ ਹੋਂਦ ਤੇ ਹੋਣੀ ਦੇ ਮਸਲੇ ਬੜੇ ਛੋਟੇ ਲੱਗਦੇ ਹਨ। ਉਸ ਦੀ ਕਵਿਤਾ ਵਿਚਲੀ ਔਰਤ ਦਾ ਆਪਣਾ ਸੰਸਾਰ ਹੈ। ਉਹ ਔਰਤ ਦੀਆਂ ਨਾ ਪੂਰੀਆਂ ਹੋਣ ਵਾਲੀਆਂ ਰੀਝਾਂ, ਸੁਪਨੇ, ਖ਼ੁਆਬਾਂ ਬਾਰੇ ਫ਼ਿਕਰਮੰਦ ਤਾਂ ਹੈ ਪਰ ਉਸਦਾ ਝੋਰਾ ਆਪਣੇ ਨਾਲ ਚੁੱਕੀ ਨਹੀਂ ਫਿਰਦੀ। ਸਗੋਂ ਵਿਛੋੜੇ ਤੇ ਦਰਦ ਦੇ ਪਲਾਂ ਵਿਚ ਜ਼ਿੰਦਗੀ ਨੂੰ ਜਿਉਣ ਦੀ ਚਾਹਤ ਬੁਲੰਦ ਰੱਖਦੀ ਹੈ ਜੋ ਉਸ ਦੀ ਕਵਿਤਾ ਦਾ ਵਿਸ਼ੇਸ਼ ਗੁਣ ਹੈ। 000

***(MCM DAV College for Women, Sector 36, Chandigarh***
***Phone: +91-98145-80318***

## ਧੁੱਪ ਛਾਂ ਦੇ ਖ਼ਤ (ਨਾਵਲ) ਹਰਵਿੰਦਰ ਭੰਡਾਲ

ਹਰਵਿੰਦਰ ਭੰਡਾਲ ਪੰਜਾਬੀ ਕਵਿਤਾ, ਚਿੰਤਨ ਅਤੇ ਇਤਿਹਾਸਕਾਰੀ ਦੇ ਖੇਤਰ ਦਾ ਸੰਜੀਦਾ ਲੇਖਕ ਹੈ। ਉਸਦੀ ਕਵਿਤਾ ਸਮਕਾਲ ਦੇ ਉਪਭੋਗਤਾਵਾਦੀ ਦੌਰ ਵਿੱਚ ਮਨੁੱਖੀ ਹੋਂਦ 'ਤੇ ਛਾਏ ਬਹੁਪਾਸਾਰੇ ਸੰਕਟਾਂ ਨੂੰ ਚਿੰਤਨੀ ਨੀਝ ਨਾਲ ਮੁਖ਼ਾਤਿਬ ਹੁੰਦੀ ਹੈ। ਉਸਨੇ ਭਾਰਤ ਦੇ ਆਜ਼ਾਦੀ ਅੰਦੋਲਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਣ ਦੇ ਬਾਵਜੂਦ ਇਤਿਹਾਸਕਾਰੀ ਦੇ ਹਾਸ਼ੀਏ 'ਤੇ ਰਹਿਣ ਵਾਲੀਆਂ ਇਨਕਲਾਬੀ ਤਹਿਰੀਕਾਂ ਅਤੇ ਸੁਤੰਤਰਤਾ ਸੰਗਰਾਮੀਆਂ 'ਤੇ ਮਹੱਤਵਪੂਰਨ ਪੁਸਤਕਾਂ ਲਿਖੀਆਂ ਹਨ। ਸਾਲ 2021 ਵਿਚ ਹਰਵਿੰਦਰ ਭੰਡਾਲ 'ਮੈਲੀ ਮਿੱਟੀ' ਨਾਵਲ ਲਿਖ ਕੇ ਬਿਰਤਾਂਤਕਾਰੀ ਵੱਲ ਪ੍ਰਵੇਸ਼ ਕਰਦਾ ਹੈ।

ਇਸ ਸਾਲ ਭੰਡਾਲ ਵੱਲੋਂ ਲਿਖਤ ਨਾਵਲ 'ਧੁੱਪ ਛਾਂ ਦੇ ਖ਼ਤ' (ਪੰਨੇ 190, ਮੁੱਲ 300 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਪੰਜਾਬ ਦੇ ਸ਼ਹਿਰੀ ਮੱਧਵਰਗੀ ਅਤੇ ਪੇਂਡੂ ਨਿਮਨਵਰਗੀ ਪਰਿਵਾਰਾਂ ਵਿਚ ਔਰਤ ਦੀ ਹਾਸ਼ੀਅਤ ਸਥਿਤੀ 'ਤੇ ਕੇਂਦਰਤ ਹੈ। ਨਾਵਲੀ ਬਿਰਤਾਂਤ ਮਰਦ ਪ੍ਰਧਾਨ ਸਮਾਜਕ ਬਣਤਰਾਂ ਵਿਚ ਨਾਰੀ ਵਰਗ ਦੇ ਹੁੰਦੇ ਆ ਰਹੇ ਦਮਨ ਨੂੰ ਖ਼ਤੋ ਕਿਤਾਬਤ ਦੀ ਸ਼ੈਲੀ ਦੁਆਰਾ ਸੂਖਮ ਚਿੰਤਨੀ ਲਹਿਜੇ ਵਿਚ ਫੜਦਾ ਹੈ। ਭਾਰਤੀ ਸਮਾਜ ਦੀ ਪਿੱਤਰੀ ਸੱਤਾ ਵਿਚ ਔਰਤ ਪ੍ਰਤੀ ਮਰਦ ਦਾ ਸਮੁੱਚਾ ਵਿਵਹਾਰ ਬਸਤੀਵਾਦੀ ਕਿਸਮ ਦਾ ਰਿਹਾ ਹੈ। ਪੂੰਜੀਵਾਦੀ ਦੇਸ਼ਾਂ ਦਾ ਬਸਤੀਵਾਦੀ ਮਾਡਲ ਜਿਸ ਤਰ੍ਹਾਂ ਗ਼ਰੀਬ, ਪਛੜੇ ਅਤੇ ਤੀਜੀ ਦੁਨੀਆ ਦੇ ਦੇਸ਼ਾਂ ਦੇ ਸਮਾਜ, ਇਤਿਹਾਸ, ਆਰਥਿਕਤਾ ਅਤੇ ਲੋਕ ਜੀਵਨ ਨੂੰ ਆਪਣੇ ਹਿੱਤਾਂ ਲਈ 'ਬਰਬਾਦ' ਕਰ ਕੇ ਆਪਣੀ ਸਰਵਸ੍ਰੇਸ਼ਟਤਾ ਦਾ ਪਰਚਮ ਲਹਿਰਾਂਦਾ ਹੈ, ਉਸੇ ਲਹਿਜੇ ਵਿਚ ਭਾਰਤੀ ਮਰਦਾਵੀਂ ਧੌਂਸ ਨੇ ਔਰਤ ਨੂੰ ਉਸਦੀ ਆਜ਼ਾਦ ਖਸਲਤ ਅਤੇ ਸਹਿਜ ਮਾਨਵੀ ਹੋਂਦ ਤੋਂ ਵਿਛੁੰਨ ਕੇ ਇਕ ਵਸਤੂ ਜਾਂ ਟੈਰੇਟਰੀ ਵਾਂਗ ਇਸਤੇਮਾਲ ਕੀਤਾ ਹੈ। ਇਸੇ ਕਰਕੇ ਨਾਰੀਵਾਦੀ ਸਾਹਿਤ ਮਰਦਾਵੀਂ ਸੱਤਾ ਦੇ ਹਰ ਵਸਤੂ ਵਰਤਾਰੇ 'ਤੇ ਸਵਾਲੀਆ ਦ੍ਰਿਸ਼ਟੀ ਰੱਖਦਾ ਹੋਇਆ ਹਰ ਕਿਸਮ ਦੇ ਵੱਖਰੇਵੇਂ, ਅਸਮਾਨਤਾ ਅਤੇ ਦਾਬੇ ਪ੍ਰਤੀ ਨਾਬਰ, ਉਗਰ ਤੇ ਚਿੰਤਨੀ ਨੀਝ ਰੱਖਦਾ ਆਪਣਾ ਮੌਲਿਕ ਸਾਹਿਤ ਸ਼ਾਸਤਰ ਉਸਾਰਦਾ ਹੈ।

ਹਰਵਿੰਦਰ ਭੰਡਾਲ ਦਾ ਇਹ ਨਾਵਲ ਵੀ ਨਾਰੀਵਾਦੀ ਦ੍ਰਿਸ਼ਟੀ ਤੋਂ ਔਰਤ ਦੀ ਸਾਲਮ ਹੋਂਦ 'ਤੇ ਪਸਰੇ ਮਰਦਾਵੇਂ ਪਰਛਾਵੇਂ ਪ੍ਰਤੀ ਕ੍ਰਿਟੀਕ ਵਾਂਗ ਪੇਸ਼ ਹੋਈ ਰਚਨਾ ਹੈ। ਨਾਵਲ ਦੇ ਤਿੰਨ ਹਿੱਸਿਆਂ ਵਿਚ ਤਿੰਨ ਔਰਤਾਂ ਵੱਲੋਂ ਆਪਣੇ ਸਕੂਲ/ਕਾਲਿਜ ਦੇ ਪੁਰਾਣੇ ਅਧਿਆਪਕਾਂ ਨੂੰ ਖ਼ਤ ਲਿਖੇ ਜਾਂਦੇ ਹਨ। ਇਨ੍ਹਾਂ ਖ਼ਤਾਂ ਵਿਚ ਅਕਾਦਮਿਕ ਸਿੱਖਿਆ ਦੀ ਸਮੁੱਚੀ ਸਿਧਾਂਤਕੀ, ਮਰਦ ਔਰਤ ਸਮਾਨਤਾ ਦੇ ਥੋਥੇ ਨਾਅਰੇ, ਧਾਰਮਿਕ ਸਿੱਖਿਆਵਾਂ ਅਤੇ ਮਰਦਾਵੀਂ 'ਸੂਝ ਬੂਝ' ਵਿਚੋਂ ਔਰਤ ਲਈ ਨਿਕਲਦੀਆਂ ਸਮਝੌਤੀਆਂ ਉਨ੍ਹਾਂ ਦੀ ਤਲਖ ਜ਼ਿੰਦਗੀ ਅੱਗੇ ਚਕਨਾਚੂਰ ਹੁੰਦੀਆਂ ਪੇਸ਼ ਹੋਈਆਂ ਹਨ। ਉਕਤ ਨਾਰੀ ਪਾਤਰ ਸਹਿਪਾਠੀ ਜੀਵਨ ਦੀਆਂ ਸਹੇਲੀਆਂ ਕ੍ਰਮਵਾਰ ਕੁਲਜੀਤ, ਦਿਵਿਆ ਅਤੇ ਨੇਹਾ ਹਨ ਜੋ ਕਿ ਆਪਣੇ ਆਦਰਸ਼ਵਾਦੀ ਅਧਿਆਪਕਾਂ ਨੂੰ ਮਰਦ ਪ੍ਰਧਾਨ ਵਿਵਸਥਾ ਵਿਚ ਔਰਤ ਨੂੰ ਮਿਲਦੀ ਚਿਤਕਬਰੀ ਧੁੱਪ ਛਾਂ ਵੱਲੋਂ ਲਿਖੇ ਖ਼ਤਾਂ ਦੁਆਰਾ ਸੰਬੋਧਤ ਹਨ। ਨਾਵਲ ਦੇ ਇਹ ਤਿੰਨੋਂ ਨਾਰੀ ਪਾਤਰ ਪਿੱਤਰੀ ਸੱਤਾ ਵਿਚ ਸਬਰ ਤੇ ਜਬਰ ਨਾਲ ਪਥਰਾ ਦਿੱਤੀ ਗਈ ਔਰਤ-ਜ਼ਿੰਦਗੀ ਦੇ ਬੁਲਾਰੇ ਹਨ ਜਿਨ੍ਹਾਂ ਦੁਆਰਾ ਲੇਖਕ ਨੇ ਘਰ, ਪਰਿਵਾਰ, ਰਿਸ਼ਤਾ ਪ੍ਰਬੰਧ ਅਤੇ ਤਮਾਮ ਮਾਨਵ ਸਿਰਜਤ ਸੰਸਥਾਵਾਂ ਵਿਚ ਨਾਰੀ ਦੀ ਦੁਜੈਲੀ ਹੋਂਦ ਨੂੰ ਨਾਰੀ ਪੁਜ਼ੀਸ਼ਨ ਦੇ ਤਿੰਨ ਭਿੰਨ-ਭਿੰਨ ਉਚਾਰਾਂ ਤੋਂ ਪੇਸ਼ ਕਰ ਕੇ ਨਾਵਲ ਦੀ ਰਚਨਾ ਸ਼ੈਲੀ ਵਿਚ ਨਵਾਂ ਪ੍ਰਯੋਗ ਕਰਨ ਦੀ

ਕੋਸ਼ਿਸ਼ ਕੀਤੀ ਹੈ। ਇਹ ਨਾਵਲ ਪੁਰਸ਼ ਵਿਵਸਥਾ ਪ੍ਰਤੀ ਨਾਰੀ ਤੱਕਣੀ ਦਾ ਇਕ ਗਲਪੀ ਮਾਡਲ ਉਸਾਰਦਾ ਹੈ। ਇਸ ਮਾਡਲ ਤਹਿਤ ਮੱਧਵਰਗੀ ਘਰਾਂ ਵਿਚ ਲੜਕੀਆਂ ਦੇ ਸੁਪਨੇ ਪਿੱਤਰ ਸੱਤਾ ਦੀ ਮਰਦਾਵੀਂ ਧਮਕ ਨਾਲ ਟੁੱਟਦੇ ਹਨ, ਸਨਾਤਨੀ ਸਕੂਲਾਂ ਵਿਚ ਸਿੱਖਿਆ ਦੇ ਨਾਂ ਹੇਠਾਂ ਲੜਕੀਆਂ ਨੂੰ ਮਰਦਾਵੇਂ ਦਾਬੇ ਵਿਚ ਘੁਟਣ ਭਰਿਆ ਅਪੰਗ ਜੀਵਨ ਜੀਉਣ ਦੀ ਸਿਖਲਾਈ ਮਿਲਦੀ ਹੈ ਅਤੇ ਵਿਆਹ ਦੀ ਸੰਸਥਾ ਵਿਚ 'ਸ਼ੁੱਧ ਕਵਿਤਾ ਦੇ ਦਿਨਾਂ ਅੰਦਰ ਨੀਰਸ ਵਾਰਤਕ' ਵਰਗੇ ਪਲ ਮਾਨਣ ਨੂੰ ਮਿਲਦੇ ਹਨ। ਇਸ ਵਰਤਾਰੇ ਨੂੰ ਕੁਲਜੀਤ, ਦਿਵਿਆ ਅਤੇ ਨੇਹਾ ਕ੍ਰਮਵਾਰ ਔਰਤ ਦੇ ਬਚਪਨ, ਜਵਾਨੀ ਅਤੇ ਅਧੇੜ ਉਮਰ ਦੇ ਕਾਲ਼ ਖੰਡਾਂ ਵਿਚਲੇ ਪਿੱਤਰੀ ਦਮਨ ਨਾਲ ਪਰਿਭਾਸ਼ਤ ਕਰਦੀਆਂ ਹਨ। ਇਹ ਨਾਰੀ ਪਾਤਰ ਆਪਣੇ ਹਿੱਸੇ ਦੀ ਜ਼ਿੰਦਗੀ ਜੀਉਣ ਦੇ ਕਈ ਤਰੱਦਦ ਕਰਦੀਆਂ ਹਨ। ਕੁਲਜੀਤ ਤੇ ਦਿਵਿਆ ਮਰਦਾਵੀਂ ਮਰਿਆਦਾ ਵੱਲੋਂ ਤੈਅਸ਼ੁਦਾ 'ਨਾਜਾਇਜ਼' ਰਿਸ਼ਤਿਆਂ ਵਿਚੋਂ ਜਾਇਜ਼ ਸਕੂਨ ਤਲਾਸ਼ਦੀਆਂ ਭਟਕਣ ਦੀਆਂ ਸ਼ਿਕਾਰ ਹਨ ਅਤੇ ਪਛਾਣ ਬੋਧ ਦਾ ਸੰਕਟਾਂ ਉਨ੍ਹਾਂ ਦੀ ਸ਼ਖ਼ਸੀਅਤ 'ਤੇ ਹਾਵੀ ਰਹਿੰਦਾ ਹੈ।

ਹਰਵਿੰਦਰ ਭੰਡਾਲ ਨੇ ਮੱਧਵਰਗੀ ਸੰਸਕ੍ਰਿਤੀ ਦੀ ਘੁਟਣ ਵਿਚ ਕਤਰਾ ਕਤਰਾ ਖੁਰਦੀ ਨਾਰੀ ਹੋਂਦ ਦੇ ਤਿੰਨ ਪਾਸਾਰ ਪੇਸ਼ ਕੀਤੇ ਹਨ। ਪਹਿਲਾ ਪਾਸਾਰ ਨਿਮਨਵਰਗੀ ਕਿਸਾਨ ਪਰਿਵਾਰ ਦੀ ਧੀ ਕੁਲਜੀਤ ਹੈ ਜਿਸਦਾ ਜੀਵਨ ਦਰਿਆ ਕੰਢੇ ਵੱਸਦੇ ਰੇਤਲੇ ਜੀਵਨ ਨਾਲ ਜੁੜਿਆ ਹੈ। ਉਸਨੂੰ ਆਪਣੀ ਜ਼ਿੰਦਗੀ ਦੇ ਘਸਮੈਲ਼ੇ ਯਥਾਰਥ ਦੀ ਯਥਾਯੋਗ ਸਲਾਮਤੀ ਲਈ ਆਪਣੇ ਪਿਤਾ ਅਤੇ ਭਰਾ ਦੇ ਮਰਦਾਵੇਂ ਦਾਬੇ ਹੇਠਾਂ ਸਹਿਕਣਾ ਪੈਂਦਾ ਹੈ। ਇੱਥੋਂ ਤਕ ਕਿ ਉਸਨੂੰ ਦਾਦੀ ਅੰਦਰ ਲੁਕੀ ਮਰਦਾਵੀਂ ਸੱਤਾ ਦੀ ਮਾਰ ਤੋਂ ਵੀ ਬਚਣਾ ਪੈਂਦਾ ਹੈ। ਦਾਦੀ ਪਾਤਰ ਜੈਂਡਰਲੈੱਸ ਸੱਤਾ ਦਾ ਪ੍ਰਤੀਨਿਧ ਪਾਤਰ ਹੈ ਜਿਹੜਾ ਪਿੱਤਰੀ ਸੱਤਾ ਦੇ ਤਾਉਮਰ ਦਮਨ ਹੇਠਾਂ ਇਸ ਸੱਤਾ ਦਾ ਹੀ ਇਕ ਕੇਂਦਰ ਬਣ ਜਾਂਦਾ ਹੈ। ਕੁਲਜੀਤ ਦਾ ਦੁਨੀਆ ਤੇ ਦਰਿਆ ਤੋਂ ਲੁਕਿਆ ਪਿੰਡ ਉਸ ਲਈ ਤਸੀਹਾ ਕੇਂਦਰ ਤੇ ਸ਼ਰਨਗਾਹ ਦੀ ਦੋਹਰੀ ਪਰਤ ਵਾਂਗ ਹੈ ਜਿੱਥੇ ਉਸਦੇ ਲਈ ਸਕੂਲ ਕਾਲਿਜ ਦੇ ਕਿਸੇ ਵਿਸ਼ੇ ਦੀ ਖੋਖਲੀ ਕਲਾਤਮਕਤਾ ਨਾਲੋਂ ਜ਼ਿਆਦਾ ਮਰਦਾਵੀਂ ਧੌਂਸ ਵਿਚ ਸਾਹ ਲੈਣ ਦੀ ਕਲਾ ਆਉਣੀ ਜ਼ਰੂਰੀ ਹੈ। ਦਮਿਤ ਮਾਹੌਲ ਵਿਚੋਂ ਨਿਕਲ ਕੇ ਕੁਲਜੀਤ ਕਾਲਿਜ ਵਿਚ ਦਾਖਿਲ ਹੁੰਦੀ ਹੈ ਜਿੱਥੇ ਆਪਣੀਆਂ ਸਹੇਲੀਆਂ ਦੇ ਦੇਹੀ ਜਸ਼ਨਾਂ ਵਾਲੀ ਅਖੌਤੀ ਆਜ਼ਾਦੀ ਤੋਂ ਵਿੱਥ ਰੱਖ ਕੇ ਆਪਣੀ ਚਿੰਤਨੀ ਸੂਝ ਨੂੰ ਪ੍ਰਗਟਾਂਦੀ ਹੈ। ਉਹ ਆਪਣੇ ਖ਼ਤ ਵਿਚ ਆਪਣੇ ਅਧਿਆਪਕ ਦੀਪਕ ਨੂੰ ਆਪਣੀ ਧੁੰਦਲੀ ਤੇ ਮੈਲ਼ਖੋਰੀ ਜ਼ਿੰਦਗੀ ਦੇ ਦਿਸਦੇ ਤੇ ਲੁਕਵੇਂ ਪਾਸਾਰਾਂ ਬਾਰੇ ਚਾਨਣਾ ਪਾ ਕੇ ਸੁਰਖ਼ੁਰੂ ਹੋ ਜਾਂਦੀ ਹੈ। ਕੁਲਜੀਤ ਦੀ ਬੇਪਛਾਣ ਜ਼ਿੰਦਗੀ ਵਿਚ ਦਿਹਾਤੀ ਜੀਵਨ ਅੰਦਰ ਔਰਤ ਮਰਦ ਭੇਦਭਾਵ, ਗ਼ਰੀਬੀ, ਨਿਮਨ ਕਿਸਾਨੀ ਦੇ ਸੰਕਟ, ਅਨਪੜ੍ਹਤਾ ਆਦਿ ਨਾਲ ਜੁੜੇ ਉਚਾਰ ਵਿਸ਼ੇਸ਼ ਤੌਰ 'ਤੇ ਦਰਜ ਹੋਏ ਹਨ। ਖ਼ਤ ਦੇ ਅੰਤ 'ਤੇ ਕੁਲਜੀਤ ਰਿਸ਼ਤਾ ਨਾਤਾ ਸੰਸਾਰ ਵਿਚਲੀ ਮਰਦਾਵੀਂ ਪ੍ਰਧਾਨਤਾ ਤੋਂ ਉਦਾਸੀਨ ਹੋ ਕੇ ਇਕੱਲਤਾ ਵਿਚੋਂ ਸਕੂਨ ਤੇ ਆਤਮ ਵਿਸ਼ਵਾਸੀ ਜੀਵਨ ਜੀਉਣ ਦੀ ਅਭਿਲਾਸ਼ੀ ਹੋ ਜਾਂਦੀ ਹੈ।

ਨਾਵਲ ਦੀ ਖ਼ਤੋ ਕਿਤਾਬਤ ਦਾ ਦੂਜਾ ਅਤੇ ਤੀਜਾ ਪਾਸਾਰ ਨਾਰੀ ਪਾਤਰ ਦਿਵਿਆ ਅਤੇ ਨੇਹਾ ਦੇ ਉਚਾਰ ਤੋਂ ਪ੍ਰਗਟ ਹੁੰਦਾ ਹੈ। ਦਿਵਿਆ ਅਤੇ ਨੇਹਾ ਸਨਾਤਨੀ ਹਿੰਦੂ ਸਕੂਲਾਂ ਦੀਆਂ ਵਿਦਿਆਰਥਣਾਂ ਹਨ ਜਿਸ ਵਿਵਸਥਾ ਨੂੰ ਲੇਖਕ 'ਵਿਧਵਾ ਬਣਾਉਣ ਦੇ ਕਾਰਖਾਨੇ' ਵਾਲੇ ਖੌਫਜ਼ਦਾ ਮੈਟਾਫਰ ਨਾਲ ਪੇਸ਼ ਕਰਦਾ ਹੈ। ਇਸ ਦਾਬਾਮੂਲਕ ਸੰਸਕ੍ਰਿਤੀ ਵਿਚੋਂ ਦਿਵਿਆ ਸਕੂਲ ਦੇ ਬੱਸ ਚਾਲਕ ਹਰਿੰਦਰ ਨਾਲ ਮੁਹੱਬਤ ਕਰ ਬੈਠਦੀ ਹੈ ਜਿਸਦਾ ਖਮਿਆਜ਼ਾ ਉਸਨੂੰ ਪਿਆਰ ਵਿਆਹ ਉਪਰੰਤ ਭੋਗਣਾ ਪੈਂਦਾ ਹੈ। ਹਰਿੰਦਰ ਪ੍ਰੇਮੀ ਤੋਂ ਪਤੀ ਤੇ ਪਤੀ ਤੋਂ ਮਾਲਿਕ ਬਣ ਜਾਂਦਾ ਹੈ ਜਿਸ ਮਾਹੌਲ ਵਿਚ ਦਿਵਿਆ ਲਈ ਸਹੁਰਾ ਘਰ ਕੰਨਸਨਟਰੇਸ਼ਨ ਕੈਂਪ ਵਾਂਗ ਪੇਸ਼ ਆਉਂਦਾ ਹੈ। ਨਸ਼ੇੜੀ ਹਰਿੰਦਰ ਤੋਂ ਦੁਖੀ ਹੋ ਕੇ ਦਿੱਵਿਆ, ਚੰਦਰ ਸ਼ੇਖਰ ਨਾਲ ਸੰਬੰਧ ਕਾਇਮ ਕਰ ਲੈਂਦੀ ਹੈ ਪਰ ਮਰਦਾਵੀਂ ਵਿਵਸਥਾ ਦੀ ਮਾਇਆ ਵਿਚ ਉਹ ਰੂਹ ਦੇ ਸਕੂਨ ਤੋਂ ਸੱਖਣੀ ਹੀ ਰਹਿੰਦੀ ਹੈ। ਨਾਵਲ ਦੀ ਤੀਜਾ ਪਾਤਰ ਨੇਹਾ ਮੱਧਵਰਗੀ ਘਰਾਂ ਅਤੇ ਸਨਾਤਨੀ ਸਕੂਲਾਂ ਦੇ ਦਮਨ ਕਰਕੇ ਖੰਡਤ, ਬੇਪਛਾਣ ਅਤੇ ਅਜਨਬੀ ਬੋਧ

ਭਰੀ ਸ਼ਖ਼ਸੀਅਤ ਬਣ ਜਾਂਦੀ ਹੈ। ਅਧਿਆਪਕਾਂ ਵੱਲੋਂ ਗਿਆਨ ਦੀ ਦੇਵੀ ਕਹੀ ਜਾਂਦੀ ਸਰਸਵਤੀ (ਨੇਹਾ) ਸਹੁਰੇ ਘਰ ਦੀ ਦੂਜੀ ਕੈਦ ਵਿਚ ਪੁੱਜ ਕੇ ਹਿੰਦੂ ਧਰਮ ਦੇ ਸੰਸਕਾਰਾਂ ਦੀ ਜਕੜ ਵਿਚ ਫਸ ਜਾਂਦੀ ਹੈ। ਉਸਦੇ ਪਤੀ ਰਾਕੇਸ਼ ਦੇ ਘਰ ਸੰਸਕਾਰ ਤੇ ਵਪਾਰ ਤੋਂ ਇਲਾਵਾ ਕੁੱਝ ਨਹੀਂ ਤੇ ਨੇਹਾ ਨੂੰ ਕੱਟੜ ਹਿੰਦੂਵਾਦੀ ਸਹੁਰਾ ਪਰਿਵਾਰ ਦੇ ਸਾਰੇ ਮੈਂਬਰ ਭਾਰਤੀ ਨੋਟਾਂ ਦੀਆਂ ਵੱਖ ਵੱਖ ਕੀਮਤਾਂ ਜਾਪਦੇ ਹਨ। ਨੇਹਾ ਪਾਤਰ ਕੋਲ਼ ਮਰਦਾਵੀਂ ਵਿਵਸਥਾ ਦੇ ਸਾਰੇ ਸੰਦਾਂ ਵਿਚ ਔਰਤ ਦੀ ਜ਼ਿੰਦਗੀ ਦੀਆਂ ਕਤਰਾਂ ਨੂੰ ਆਤਮਸਾਤ ਕਰਨ, ਸਮਝਣ, ਮਹਿਸੂਸ ਕਰਨ ਦੀ ਅਗੰਮੀ ਸ਼ਕਤੀ ਹੈ। ਇਸ ਖ਼ਤੋ ਕਿਤਾਬਤ ਦੀ ਇਕ ਲੜੀ ਵਰਤਮਾਨ ਰਾਜਨੀਤੀ ਵਿਚ ਹਾਵੀ ਦੱਖਣਪੰਥੀ ਧਿਰਾਂ ਦੀਆਂ ਦਮਨਮੂਲਕ ਨੀਤੀਆਂ ਨਾਲ ਵੀ ਜੁੜੀ ਹੈ। ਨੇਹਾ ਦਾ ਸਹੁਰਾ ਪਰਿਵਾਰ ਹਿੰਦੂ ਸੰਗਠਨ ਦੀ ਸ਼ਾਖ਼ਾ ਨਾਲ ਜੁੜਿਆ ਹੈ ਜਿਸਦੀਆਂ ਸਨਾਤਨੀ ਵਿਚਾਰ ਪੱਧਤੀਆਂ ਦੇ ਸਮਕਾਲੀ ਸਿਆਸੀ ਰੁਝਾਨਾਂ ਵਿਚ ਨਾਰੀ ਵਰਗ, ਘੱਟ ਗਿਣਤੀ ਸਮੂਹਾਂ ਅਤੇ ਹੋਰ ਸੰਘਰਸ਼ਸ਼ੀਲ ਤਬਕਿਆਂ ਨੂੰ 'ਗ਼ੈਰ' ਹੋਣ ਦੇ ਨੁਕਤਾ ਨਿਗਾਹ ਤੋਂ ਦੇਖਣ/ਮਸਲਣ ਦਾ ਰੁਝਾਨ ਭਾਰੂ ਹੈ। ਭਾਰਤੀ ਸਮਾਜ ਅਤੇ ਇਤਿਹਾਸ ਦੀਆਂ ਬਹੁਲਤਾਵਾਦੀ ਮਿਸਾਲਾਂ ਨੂੰ ਵਿਚਾਰਧਾਰਾ ਦੀ ਇਕਹਿਰੀ ਰੰਗਤ ਵਿਚ ਰੰਗਣ ਅਤੇ ਡਰ ਦੀ ਰਾਜਨੀਤੀ ਦੁਆਰਾ ਧਰਮ, ਜਾਤ, ਵਰਗਾਂ ਦੇ ਧਰੁਵੀਕਰਨ ਕਰਕੇ ਸੱਤਾ ਸਿਆਸਤ 'ਤੇ ਹਾਵੀ ਰਹਿਣ ਸਮੇਤ ਕਾਰਪੋਰੇਟ ਪੱਖੀ ਨੀਤੀਆਂ ਸੰਬੰਧੀ ਨਾਵਲ ਦੇ ਕਈ ਪ੍ਰਵਚਨ ਲੇਖਕ ਦੀ ਵਿਚਾਰਧਾਰਕ ਭਾਸ਼ਣੀ ਸੁਰ ਵੀ ਅਖਤਿਆਰ ਕਰ ਲੈਂਦੇ ਹਨ। ਇਸ ਵਰਤਾਰੇ ਪ੍ਰਤੀ ਨੇਹਾ ਦੀ ਸਮੁੱਚੀ ਮਨਬਚਨੀ ਘਰ, ਸਿਆਸਤ, ਸਮਾਜ ਪ੍ਰਤੀ ਮੁਲਾਂਕਣੀ ਟਿੱਪਣੀਆਂ ਭਰੀ ਹੈ। ਅਜਿਹੇ ਮਾਹੌਲ ਵਿਚ ਨੇਹਾ ਨੂੰ ਆਪਣੀ ਆਜ਼ਾਦੀ ਦਾ ਮਸਲਾ ਇਸ 'ਘਰ' ਰੂਪੀ ਪ੍ਰਯੋਗਸ਼ਾਲਾ ਵਿਚ ਪੱਥਰ ਦੇ ਸ਼ਹਿਰ ਅੰਦਰ ਗੁਲਦਾਉਦੀਆਂ ਲੱਭਣ ਦੇ ਪ੍ਰਤੀਕ ਨਾਲ ਪੇਸ਼ ਕੀਤਾ ਗਿਆ ਹੈ। ਨਾਵਲ ਦੀਆਂ ਤਿੰਨੋਂ ਨਾਰੀ ਪਾਤਰਾਂ ਆਪਣੇ ਆਦਰਸ਼ਵਾਦੀ ਅਧਿਆਪਕਾਂ ਪ੍ਰਤੀ ਮੂਕ ਮੁਹੱਬਤੀ ਭਾਵਨਾ ਵਿਚ ਵੀ ਪੇਸ਼ ਹਨ ਪਰ ਖ਼ਤੋ ਕਿਤਾਬਤ ਦੇ ਅੰਤ 'ਤੇ ਹਰ ਕਿਸਮ ਦੀ ਮੁਹੱਬਤ, ਈਰਖਾ, ਮਰਿਆਦਾ, ਸਦਾਚਾਰ ਵਾਲੀ ਪਿੱਤਰੀ ਸੱਤਾ ਦੇ ਬੋਧ ਤੋਂ ਮੁਕਤੀ ਦੀ ਇੱਛਾ ਰੱਖਦੀਆਂ ਹਨ। ਨਾਵਲਕਾਰ ਕੋਲ ਪਾਤਰਾਂ ਦੇ ਖਿਆਲਾਂ ਨੂੰ ਪ੍ਰਗਟਾਉਣ ਵਾਲੀ ਸੰਵਾਦੀ ਭਾਸ਼ਾ ਅਤੇ ਤਰੋਤਾਜ਼ਾ ਮੈਟਾਫਰ ਹਨ। ਇਕ ਇਕ ਪਾਤਰ ਦੀ ਮਨਬਚਨੀ ਨਾਲ ਨਾਵਲੀ ਬਿਰਤਾਂਤ ਦੀ ਉਸਾਰੀ ਕਰ ਕੇ ਸਮਕਾਲੀ ਨਾਵਲ ਪਰੰਪਰਾ ਵਿਚ ਹਰਵਿੰਦਰ ਭੰਡਾਲ ਨੇ ਵੱਖਰਾ ਕਲਾਤਮਕ ਵਾਧਾ ਕੀਤਾ ਹੈ। ਵਿਚਾਰਾਂ ਦੇ ਭਾਰੂਪਣ, ਦੋਹਰਾਅ ਅਤੇ ਕਿਤੇ ਕਿਤੇ ਭਾਸ਼ਣੀ ਸੁਰ ਵਾਲੇ ਕਲਾ ਦੋਸ਼ਾਂ ਦੇ ਬਾਵਜੂਦ ਇਹ ਰਚਨਾ ਨਾਰੀਵਾਦੀ ਨਾਵਲ ਚਿੰਤਨ ਵਿਚ ਅਹਿਮ ਵਾਧਾ ਹੈ। **–(ਡਾ.) ਜੇ.ਬੀ. ਸੇਖੋਂ**

## ਨਾਬਰ (ਨਾਵਲ) ਜਰਨੈਲ ਸਿੰਘ ਸੇਖਾ

ਜਰਨੈਲ ਸਿੰਘ ਸੇਖਾ ਪਰਵਾਸੀ ਪੰਜਾਬੀ ਗਲਪ ਵਿਚ ਇਕ ਸਥਾਪਤ ਹਸਤਾਖਰ ਹੈ। ਉਸ ਨੇ ਹੁਣ ਤਕ ਚਾਰ ਨਾਵਲ, ਦੋ ਕਹਾਣੀ ਸੰਗ੍ਰਹਿ, ਇਕ ਸਫ਼ਰਨਾਮਾ ਅਤੇ ਸਵੈ ਜੀਵਨੀ ਲਿਖੀ ਹੈ। ਉਸ ਦੇ ਨਾਵਲ 'ਭਗੌੜਾ' ਦਾ ਹਿੰਦੀ ਵਿਚ ਉਲੱਥਾ ਹੋਇਆ ਹੈ ਤੇ ਸਫ਼ਰਨਾਮਾ 'ਵੈਨਕੂਵਰ ਸੇ ਲਾਇਲਪੁਰ' ਉਰਦੂ ਅਨੁਵਾਦ ਵਿਚ ਛਪਿਆ ਹੈ। ਉਹ ਪਹਿਲਾਂ ਪੰਜਾਬ ਵਿਚ (ਬਾਘਾ ਪੁਰਾਣਾ ਤੇ ਮੋਗਾ) ਵਿਚ ਵੱਖ-ਵੱਖ ਸਾਹਿਤ ਸਭਾਵਾਂ ਵਿਚ ਕਾਰਜਸ਼ੀਲ ਰਿਹਾ ਅਤੇ ਪਰਵਾਸ ਉਪਰੰਤ ਪੰਜਾਬੀ ਲੇਖਕ ਮੰਚ ਵੈਨਕੂਵਰ, ਕੈਨੇਡਾ ਵਿਚ ਕਿਰਿਆਸ਼ੀਲ ਰਿਹਾ ਹੈ। ਭਾਵੇਂ ਆਪਣੇ ਲੰਬੇ ਸਫ਼ਰ ਵਿਚ ਜਰਨੈਲ ਸਿੰਘ ਸੇਖਾ ਨੇ ਵਾਰਤਕ 'ਤੇ ਵੀ ਕਲਮ ਚਲਾਈ ਹੈ ਪਰ ਉਸਦਾ ਕਾਰਜ ਖੇਤਰ ਗਲਪ ਹੀ ਰਿਹਾ ਹੈ। ਹੁਣ ਉਹ ਆਪਣਾ ਪੰਜਵਾਂ ਨਾਵਲ 'ਨਾਬਰ' (ਪੰਨੇ 147, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਲੈ ਕੇ ਹਾਜ਼ਰ ਹੋਇਆ ਹੈ।

'ਨਾਬਰ' ਨਾਵਲ ਦੇ ਸਿਰਲੇਖ ਤੋਂ ਹੀ ਪੁਸਤਕ ਦੇ ਕੱਥ ਤੇ ਵੱਥ ਬਾਰੇ ਸਹਿਜੇ ਹੀ ਅੰਦਾਜ਼ਾ ਹੋ

ਜਾਂਦਾ ਹੈ। ਨਾਵਲ ਰੂੜ੍ਹ ਹੋ ਚੁੱਕੀਆਂ ਸਥਾਪਤੀਆਂ ਤੇ ਪਰੰਪਰਾਵਾਂ ਦੀ ਟੁੱਟ-ਭੱਜ ਅਤੇ ਉਸ ਟੁੱਟ-ਭੱਜ ਦੇ ਮਲਬੇ 'ਤੇ ਉਸਰ ਰਹੇ ਉਸਾਰ ਬਾਰੇ ਚਰਚਾ ਛੇੜਦਾ ਹੈ। ਇਹ ਨਾਵਲ ਪੰਜਾਬੀ ਔਰਤ ਦੀ ਹੋਣੀ ਨੂੰ ਵੱਖ-ਵੱਖ ਧਰਾਤਲਾਂ ਦੇ ਸੰਦਰਭ ਵਿਚ ਪੇਸ਼ ਕਰਦਾ ਹੈ। ਪੰਜਾਬੀ ਸਮਾਜ ਦੀਆਂ ਕਦਰਾਂ-ਕੀਮਤਾਂ ਤੇ ਪਰੰਪਰਾਵਾਂ ਕਿਵੇਂ ਔਰਤ ਦੀ ਹੋਣੀ ਨੂੰ ਪ੍ਰਭਾਵਤ ਤੇ ਨਿਰਧਾਰਤ ਕਰਦੀਆਂ ਹਨ, ਨੂੰ ਨਾਵਲ ਵਿਚ ਆਵਾਸ ਤੇ ਪਰਵਾਸ ਦੇ ਪਰਿਪੇਖ ਵਿਚ ਉਜਾਗਰ ਕੀਤਾ ਗਿਆ ਹੈ। ਵਾਸਤਵ ਵਿਚ ਮਰਦ ਪ੍ਰਧਾਨ ਸਮਾਜ ਵਿਚ ਸਥਾਪਤ ਮੁੱਲ-ਪ੍ਰਬੰਧ ਮਰਦ ਲਈ ਲਚਕੀਲਾ ਤੇ ਔਰਤ ਲਈ ਸਖ਼ਤ ਹੈ। ਔਰਤ ਮਰਦਾਵੇਂ ਸਮਾਜ ਵਿਚ ਮਰਦ ਦੀਆਂ ਵਧੀਕੀਆਂ ਨੂੰ ਹਰ ਹਾਲਤ ਵਿਚ ਸਹਿਣ ਕਰਨ ਲਈ ਮਜਬੂਰ ਹੁੰਦੀ ਹੈ। ਪਰ ਔਰਤ ਦੀ ਤ੍ਰਾਸਦੀ ਉਸ ਵੇਲੇ ਹੋਰ ਵੀ ਅਸਹਿ ਹੋ ਜਾਂਦੀ ਹੈ ਜਦੋਂ ਉਸ ਦੀ ਹੋਣੀ ਨੂੰ ਤੈਅ ਕਰਨ ਲਈ ਔਰਤ ਹੀ ਮਰਦਾਵੇਂ ਇਖ਼ਲਾਕ ਵਿਚ ਕਾਰਜਸ਼ੀਲ ਹੁੰਦੀ ਹੈ। ਨਾਵਲ ਵਿਚ ਸ਼ਾਮ ਕੌਰ ਤੇ ਐਲੀਸਾ ਦੇ ਪਾਤਰ ਦਰਸਾਉਂਦੇ ਹਨ ਕਿ ਉਹ ਵਰਗ ਚੇਤਨਾ ਤੋਂ ਕੋਰੀ ਔਰਤ ਆਪਣੀਆਂ ਪਰਿਸਥਿਤੀਆਂ ਲਈ ਜ਼ਿੰਮੇਵਾਰ ਕਾਰਕਾਂ ਦੀ ਨਿਸ਼ਾਨਦੇਹੀ ਕਰਨ ਦੀ ਥਾਂ ਜਾਂ ਤਾਂ ਮਰਦ ਦੇ ਪਰਛਾਵੇਂ ਹੇਠ ਆਪਣਾ ਆਪਾ ਸੁਰੱਖਿਅਤ ਮਹਿਸੂਸ ਕਰਦੀ ਹੈ ਜਾਂ ਫਿਰ ਉਹ (ਮਰਦ ਵਿਰੋਧੀ ਪੈਂਤੜਾ ਅਪਣਾਉਂਦੀ ਵਿਖਾਈ ਦਿੰਦੀ ਹੈ। ਰਾਜਬੀਰ ਆਪਣੀਆਂ ਪਰਿਵਾਰਕ, ਸਮਾਜਕ ਤੇ ਰਾਜਨੀਤਕ ਸਥਿਤੀਆਂ ਕਾਰਨ ਐਲੀਸਾ ਦੇ ਦ੍ਰਿਸ਼ਟੀਕੋਣ ਤੋਂ ਵਧੇਰੇ ਪ੍ਰਭਾਵਤ ਹੁੰਦੀ ਔਰਤ ਦੀ ਹੋਣੀ ਨੂੰ ਸਮਝਣ ਵੱਲ ਅਗਰਸਰ ਨਹੀਂ ਦਿੰਦੀ ਬਲਕਿ ਆਪਣੀ ਸਥਿਤੀ ਲਈ ਮਰਦ ਨੂੰ ਹੀ ਦੋਸ਼ੀ ਗਰਦਾਨਦੀ ਪ੍ਰਤੀਤ ਹੁੰਦੀ ਹੈ।

ਹੱਥਲਾ ਨਾਵਲ ਉੱਤਮ ਪੁਰਖੀ ਸ਼ੈਲੀ ਵਿਚ ਲਿਖੀ ਨਾਇਕਾ ਪ੍ਰਧਾਨ ਕਿਰਤ ਹੈ। ਰਾਜਬੀਰ ਕਹਾਣੀ ਦੀ ਨਾਇਕਾ ਦੇ ਰੂਪ ਵਿਚ ਪ੍ਰਤੀਪਾਦਤ ਹੁੰਦੀ ਹੈ। ਰਾਜਬੀਰ ਦੀ ਮਾਂ ਸ਼ਾਮ ਕੌਰ ਦੇ ਜੀਵਨ ਵੇਰਵਿਆਂ ਰਾਹੀਂ ਪੰਜਾਬੀ ਔਰਤ ਦੀਆਂ ਸਮਾਜ-ਸਭਿਆਚਾਰਕ, ਆਰਥਿਕ ਤੇ ਮਨੋਵਿਗਿਆਨਕ ਸਥਿਤੀਆਂ ਰਾਹੀਂ ਅਸਿੱਧੇ ਰੂਪ ਵਿਚ ਪੰਜਾਬੀ ਔਰਤ ਦੇ ਅਤੀਤ ਨੂੰ ਰੂਪਮਾਨ ਕੀਤਾ ਗਿਆ ਹੈ ਜਦਕਿ ਰਾਜਬੀਰ ਦੇ ਜੀਵਨ ਵੇਰਵੇ ਪੰਜਾਬੀ ਔਰਤ ਦੇ ਵਰਤਮਾਨ ਨੂੰ ਚਿਤਰਪਟ 'ਤੇ ਉਘਾੜਦੇ ਹਨ। ਰਾਜਬੀਰ ਦੀ ਧੀ ਰਿਸ਼ਮ ਦੀ ਸਮਾਜ-ਸਭਿਆਚਾਰਕ ਤੇ ਮਨੋਵਿਗਿਆਨਕ ਸਮਝ ਰਾਹੀਂ ਪੰਜਾਬੀ ਔਰਤ ਦੇ ਭਵਿੱਖ ਦਾ ਤਸੁਵੱਰ ਕੀਤਾ ਜਾ ਸਕਦਾ ਹੈ। ਰਾਜਬੀਰ ਦੀ ਸਹੇਲੀ ਤਨਵੀਰ ਭਾਵੇਂ ਕਥਾ ਵਿਚ ਸਹਾਇਕ ਪਾਤਰ ਵਜੋਂ ਪ੍ਰਸਤੁਤ ਹੋਈ ਹੈ ਪਰ ਉਸ ਦੀ ਸਮਾਜ ਤੇ ਜ਼ਿੰਦਗੀ ਪ੍ਰਤੀ ਪਹੁੰਚ ਰਾਜਬੀਰ ਦੇ ਮੁਕਾਬਲੇ ਵਧੇਰੇ ਸੰਤੁਲਤ ਵਿਖਾਈ ਦਿੰਦੀ ਹੈ। ਰਿਸ਼ਮ ਦੇ ਪਾਤਰ ਰਾਹੀਂ ਔਰਤ ਮਰਦ ਦੇ ਭਵਿੱਖ ਦੇ ਸੰਭਾਵੀ ਰਿਸ਼ਤੇ ਤੇ ਵਰਗ ਚੇਤਨਾ ਭਰਪੂਰ ਔਰਤ ਨੂੰ ਤਨਵੀਰ ਦੇ ਦ੍ਰਿਸ਼ਟੀਕੋਣ ਦੇ ਉਸਾਰ ਵਜੋਂ ਵੇਖਿਆ ਜਾ ਸਕਦਾ ਹੈ।

ਨਾਵਲ ਦੀ ਕੇਂਦਰੀ ਸੁਰ ਪੰਜਾਬੀ ਔਰਤ ਦੇ ਅਤੀਤ ਤੇ ਵਰਤਮਾਨ ਦੇ ਜੀਵਨ ਵੇਰਵਿਆਂ ਤੇ ਸਥਿਤੀਆਂ ਤੋਂ ਭਵਿੱਖ ਦੀ ਰਾਹ ਤਲਾਸ਼ਣ ਵੱਲ ਅਗਰਸਰ ਹੈ। ਇਸ ਤੋਂ ਇਲਾਵਾ ਕਥਾ ਵਿਚ ਪੰਜਾਬ ਸੰਕਟ ਦੇ ਸਮੇਂ ਤੋਂ ਬਦਲਦੀਆਂ ਸਿਆਸੀ ਤੇ ਧਾਰਮਿਕ ਸਥਿਤੀਆਂ ਨੂੰ ਵੀ ਪੇਸ਼ ਕੀਤਾ ਗਿਆ ਹੈ। ਹਾਲਾਂਕਿ ਹਰੀ ਕ੍ਰਾਂਤੀ ਬਾਅਦ ਖੇਤੀ ਅਰਥਚਾਰੇ ਵਿਚ ਆਈ ਖੜੋਤ ਵੀ ਪਰਵਾਸ ਦਾ ਮੂਲ ਕਾਰਨ ਸੀ ਪਰ ਪੰਜਾਬ ਸੰਕਟ ਦਾ ਸਮਾਂ ਪਰਵਾਸ ਦੇ ਪ੍ਰੇਰਕ ਵਜੋਂ ਅਹਿਮ ਭੂਮਿਕਾ ਨਿਭਾਉਂਦਾ ਰੂਪਮਾਨ ਹੋਇਆ ਹੈ। ਜਿੱਥੇ ਪੰਜਾਬ ਸੰਕਟ ਦਾ ਸਮਾਂ ਪੰਜਾਬ ਦੇ ਅਰਥਚਾਰੇ, ਧਾਰਮਿਕ, ਰਾਜਨੀਤਕ ਤੇ ਸਮਾਜ-ਸਭਿਆਚਾਰਕ ਸਥਿਤੀਆਂ ਲਈ ਨਾਕਾਰਾਤਮਕ ਰਿਹਾ ਹੈ ਉੱਥੇ ਹੀ ਗੁਰਚੇਤਨ ਤੇ ਜੋਧੇ ਵਰਗੇ ਪਾਤਰ ਇਸ ਸਮੇਂ ਨੂੰ ਆਪਣੇ ਨਿੱਜੀ ਮੁਫ਼ਾਦ ਲਈ ਵਰਤਦੇ ਮਾਨਵੀ ਸੰਵੇਦਨਾ ਤੋਂ ਕੋਰੇ ਵਿਖਾਈ ਦਿੰਦੇ ਹਨ। ਉਹ ਦੋਨੋਂ ਪੰਜਾਬ ਸੰਕਟ ਦੇ ਸਮੇਂ ਨੂੰ ਪਰਵਾਸ ਹਿਤ ਵਰਤਣ ਤਕ ਸੀਮਤ ਨਹੀਂ ਰਹਿੰਦੇ ਬਲਕਿ ਕੈਨੇਡਾ ਵਿਚ ਵੀ ਧਰਮ ਨੂੰ ਆਪਣੀਆਂ ਕਾਮੁਕ ਅਕਾਂਖਿਆਵਾਂ, ਲਾਲਚਾਂ, ਇੱਛਾਵਾਂ, ਲੋੜਾਂ ਆਦਿ ਲਈ ਵਰਤਦੇ ਹਨ।

ਨਾਵਲ ਵਿਚ ਮਰਦ ਦੀ ਜਾਗੀਰੂ ਮਾਨਸਿਕਤਾ ਨੂੰ ਔਰਤ ਦੀ ਹੋਣੀ ਵਿਚ ਨਿਰਣਾਇਕ

ਭੂਮਿਕਾ ਨਿਭਾਉਂਦੇ ਵੇਖਿਆ ਜਾ ਸਕਦਾ ਹੈ। ਸ਼ਾਮ ਕੌਰ ਦੀ ਹੋਣੀ ਲਈ ਜਿੱਥੇ ਸਮਾਜਕ ਪ੍ਰਬੰਧ ਜ਼ਿੰਮੇਵਾਰ ਹੈ ਉੱਥੇ ਨਾਇਬ ਦੀ ਜਾਗੀਰੂ ਮਾਨਸਿਕਤਾ ਵੀ ਪ੍ਰੇਰਕ ਵਜੋਂ ਕਿਰਿਆਸ਼ੀਲ ਹੈ। ਨਾਇਬ ਆਪਣੀ ਭਾਬੀ ਦੀ ਦੇਹੀ ਨੂੰ ਭੋਗਣਾ ਆਪਣਾ ਜਾਗੀਰੂ ਹੱਕ ਸਮਝਦਾ ਹੈ। ਸ਼ਾਮ ਕੌਰ ਦੀ ਸਥਿਤੀ ਉਸ ਸਮੇਂ ਹੋਰ ਵੀ ਭਿਆਨਕ ਹੋ ਜਾਂਦੀ ਹੈ ਜਦੋਂ ਅਜਾਇਬ ਦੀ ਮਾਂ ਵੀ ਵਰਗ ਸੋਝੀ ਦੀ ਅਣਹੋਂਦ ਵਿਚ ਜਗੀਰੂ ਮਾਨਸਕਿਤਾ ਕਾਰਨ ਸ਼ਾਮ ਕੌਰ ਦੇ ਪੱਖ ਵਿਚ ਡਟਣ ਦੀ ਥਾਂ ਆਪਣੇ ਪੁੱਤ ਨਾਇਬ ਦੇ ਪੱਖ ਵਿਚ ਭੁਗਤਦੀ ਹੈ। ਸ਼ਾਮ ਕੌਰ ਲਈ ਨਾਇਬ ਨਾਲ ਸਮਝੌਤਾ ਕਰਨ ਤੋਂ ਇਲਾਵਾ ਕੋਈ ਰਾਹ ਨਹੀਂ ਬਚਦਾ। ਅਸਲ ਵਿਚ ਸ਼ਾਮ ਕੌਰ ਦੂਹਰੇ ਸ਼ੋਸ਼ਣ ਦੀ ਸ਼ਿਕਾਰ ਹੁੰਦੀ ਹੈ। ਇਕ ਪਾਸੇ ਉਹ ਸਮਾਜਕ ਪ੍ਰਬੰਧ ਤੇ ਜਗੀਰੂ ਮਾਨਸਿਕਤਾ ਅਧੀਨ ਆਪਣੀ ਹੋਣੀ ਭੋਗਣ ਲਈ ਮਜਬੂਰ ਹੈ ਦੂਜੇ ਗਰਭ ਗਰਾਉਣ 'ਤੇ ਅਜਾਇਬ ਸਿੰਘ ਵੱਲੋਂ ਤ੍ਰਿਸਕਾਰ ਦੀ ਭਾਗੀ ਬਣਦੀ ਹੈ। ਅਜਾਇਬ ਸਿੰਘ ਇੰਗਲੈਂਡ ਤੇ ਕੈਨੇਡਾ ਦੇ ਲੰਮੇ ਪਰਵਾਸ ਬਾਅਦ ਵੀ ਜਗੀਰੂ ਮੁੱਲਾਂ ਤੋਂ ਆਪਣੇ ਆਪ ਨੂੰ ਆਜ਼ਾਦ ਨਹੀਂ ਕਰ ਪਾਉਂਦਾ। ਅਜਾਇਬ ਦੇ ਰਾਹੀਂ ਨਾਵਲ ਵਿਚ ਪੰਜਾਬੀ ਮਰਦ ਦੇ ਦੋਹਰੇ ਕਿਰਦਾਰ ਤੇ ਪੰਜਾਬੀ ਮੁੱਲ ਪ੍ਰਬੰਧ ਦੇ ਮਰਦ ਪ੍ਰਤੀ ਲਚਕੀਲੇਪਣ ਨੂੰ ਨੰਗਾ ਕੀਤਾ ਗਿਆ ਹੈ।

ਜਰਨੈਲ ਸਿੰਘ ਸੇਖਾ ਨਾਵਲ 'ਨਾਬਰ' ਰਾਹੀਂ ਜਗੀਰੂ ਕਦਰਾਂ-ਕੀਮਤਾਂ ਤੇ ਮਰਦ ਪ੍ਰਧਾਨ ਸਮਾਜ ਦੇ ਸ਼ੋਸ਼ਣਕਾਰੀ ਰਵੱਈਏ ਵਿਰੁੱਧ ਪੰਜਾਬੀ ਔਰਤ ਦੀ ਨਾਬਰੀ ਨੂੰ ਉਭਾਰਨ ਦੀ ਕੋਸ਼ਿਸ਼ ਵਿਚ ਹੈ। ਇਉਂ ਉਹ ਐਲੀਸਾ ਨੂੰ ਰੈਡੀਕਲ ਨਾਰੀਵਾਦ ਅਤੇ ਰਿਸ਼ਮ ਨੂੰ ਉਦਾਰਵਾਦੀ ਨਾਰੀਵਾਦ ਦੇ ਪਰਿਪੇਖ ਤੋਂ ਉਭਾਰਦਾ ਹੈ। ਨਾਵਲ ਵਿਚ ਰਾਜਬੀਰ ਦਾ ਸਫ਼ਰ ਰੈਡੀਕਲ ਤੋਂ ਉਦਾਰਵਾਦ ਵਿਚ ਢਲਦਾ ਪ੍ਰਤੀਤ ਹੁੰਦਾ ਹੈ। ਇਹ ਵੀ ਪ੍ਰਮਾਣਤ ਹੁੰਦਾ ਹੈ ਕਿ ਔਰਤ ਦੀ ਹੋਣੀ ਲਈ ਜਿੰਨੀਆਂ ਮਰਦ ਪ੍ਰਧਾਨ ਸਮਾਜ ਦੀਆਂ ਕਦਰਾਂ ਤੇ ਪਰੰਪਰਾਵਾਂ ਜ਼ਿੰਮੇਵਾਰ ਹਨ ਓਨਾ ਹੀ ਜਾਗੀਰੂ ਮੁੱਲ ਪ੍ਰਬੰਧ ਨੂੰ ਸਮਰਪਿਤ ਜਾਂ ਉਸ ਨਾਲ ਸਹਿਮਤ ਔਰਤ (ਅਜਾਇਬ ਦੀ ਮਾਂ, ਅੰਸ਼ਿਕ ਰੂਪ ਵਿਚ ਸ਼ਾਮ ਕੌਰ) ਵੀ ਹੈ।

ਉੱਤਮ ਪੁਰਖੀ ਬਿਰਤਾਂਤਕ ਸ਼ੈਲੀ ਵਿਚ ਪਿਛਲਝਾਤ ਦੀ ਜੁਗਤ ਨਾਲ ਰਚੇ ਗਏ ਇਸ ਨਾਵਲ ਦੀ ਕੇਂਦਰੀ ਪਾਤਰ ਰਾਜਬੀਰ ਹੈ ਜਿਸ ਦੇ ਇਰਦ-ਗਿਰਦ ਸਾਰੀ ਕਥਾ ਬੁਣੀ ਗਈ ਹੈ । ਪਾਤਰ ਉਸਾਰੀ ਬਿਰਤਾਂਤਮੁਖੀ ਦੀ ਥਾਂ ਘਟਨਾਵੀ ਵਿਧੀ ਨਾਲ ਕੀਤੀ ਗਈ ਹੈ। ਕਹਾਣੀ ਦੀ ਤੋਰ ਤੇਜ਼ ਹੈ ਜਿਸ ਕਾਰਨ ਇਸ ਵਿਚ ਰੌਚਿਕਤਾ ਦਾ ਅੰਸ਼ ਕਾਫੀ ਹੈ। ਬਿਰਤਾਂਤ ਦੀ ਬੁਣਤ ਘਟਨਾਵਾਂ ਦੀ ਸੰਘਣਤਾ ਕਾਰਨ ਸੰਘਣੀ ਤੇ ਬੱਝਵੀਂ ਹੈ। ਕਥਾ ਰਸ ਨਾਲ ਭਰਪੂਰ ਹੋਣ ਕਾਰਨ ਪਾਠਕ ਦੀ ਜਗਿਆਸਾ ਬਣੀ ਰਹਿੰਦੀ ਹੈ। ਪਰ ਨਾਵਲ ਵਿਚ ਕੱਥ ਦੇ ਪੱਧਰ 'ਤੇ ਕੁਝ ਨਵਾਂ ਪ੍ਰਤੀਤ ਨਹੀਂ ਹੁੰਦਾ। ਕਈ ਥਾਂਵਾਂ 'ਤੇ ਮੌਕਾ ਮੇਲ ਦੀ ਜੁਗਤ ਵਰਤੀ ਗਈ ਹੈ। ਚੰਦਨ ਦਾ ਰਾਜਬੀਰ ਨੂੰ ਜ਼ਖਮੀ ਹਾਲਤ ਵਿਚ ਮਿਲਣਾ ਤੇ ਉਸ ਦਾ ਵੀ ਇਕੱਲਤਾ ਦਾ ਸ਼ਿਕਾਰ ਹੋਣਾ ਤੇ ਰਾਜਬੀਰ ਦਾ ਆਪਣੀ ਧੀ ਤੇ ਜਵਾਈ ਦੇ ਕਮਰੇ ਵਿਚੋਂ ਆ ਰਹੀਆਂ ਆਵਾਜ਼ਾਂ ਕਾਰਨ ਬੇਚੈਨ ਹੋਣਾ ਤੇ ਚੰਦਨ ਦਾ ਨੰਬਰ ਲੱਭਣਾ, ਨਾਨਕ ਸਿੰਘ ਦੀ ਨਾਵਲ ਨਿਗਾਰੀ ਦੀ ਯਾਦ ਦਵਾਉਂਦਾ ਹੈ।

ਸਮੁੱਚੇ ਤੌਰ 'ਤੇ ਆਵਾਸ ਤੇ ਪਰਵਾਸ ਵਿਚ ਪੰਜਾਬੀ ਔਰਤ ਦੀ ਹੋਣੀ ਤੇ ਔਰਤ ਦੀ ਨਾਬਰੀ ਦੀ ਬਾਤ ਪਾਉਂਦੇ ਨਾਵਲ 'ਨਾਬਰ' ਦਾ ਸਵਾਗਤ ਕਰਨਾ ਬਣਦਾ ਹੈ। **-ਪਰਗਟ ਸਿੰਘ ਬਰਾੜ**

## ਰਾਵੀ ਦੀਆਂ ਛੱਲਾਂ (ਕਹਾਣੀ ਸੰਗ੍ਰਹਿ) ਮੁਖਤਾਰ ਗਿੱਲ

ਰੀਵਿਊ ਲਈ ਪੇਸ਼ ਕਹਾਣੀ ਸੰਗ੍ਰਹਿ 'ਰਾਵੀ ਦੀਆਂ ਛੱਲਾਂ' (ਆਜ਼ਾਦ ਬੁੱਕ ਡੀਪੂ, ਅੰਮ੍ਰਿਤਸਰ, ਮੁੱਲ 400 ਰੁਪਏ, ਪੰਨੇ 240) ਗਲਪਕਾਰ ਮੁਖ਼ਤਾਰ ਗਿੱਲ ਦੀਆਂ ਚੋਣਵੀਆਂ ਕਹਾਣੀਆਂ ਦਾ ਸੰਗ੍ਰਹਿ ਹੈ। ਇਸ ਵਿਚ ਕੁੱਲ ਤੀਹ ਕਹਾਣੀਆਂ ਸ਼ਾਮਲ ਹਨ। ਇਹ ਕਹਾਣੀਆਂ ਮੁਖ਼ਤਾਰ ਗਿੱਲ ਦੇ ਕਥਾ ਸਫ਼ਰ ਦੀਆਂ ਗਵਾਹੀ ਵੀ ਹਨ ਤੇ ਰਾਵੀ ਦੇ ਨਾਲ ਲੱਗਦੇ ਖਿੱਤੇ ਦੇ ਜਨ ਜੀਵਨ ਦਾ ਸਜੀਵ ਚਿਤਰ ਵੀ ਉਲੀਕਦੀਆਂ ਹਨ। ਦਰਿਆ ਦੇ ਨਾਲ ਲੱਗਦੇ ਇਲਾਕੇ ਦਾ ਜੀਵਨ ਹਮੇਸ਼ਾ ਚੁਣੌਤੀ

ਭਰਿਆ ਰਿਹਾ ਹੈ। ਇਸ ਖ਼ਿੱਤੇ ਵਿਚ ਵਸਣ ਵਾਲੇ ਲੋਕ ਦਰਿਆ ਦੀਆਂ ਨਿਆਮਤਾਂ ਮਾਣਨ ਦੇ ਨਾਲ-ਨਾਲ ਇਸਦਾ ਰੋਹ ਵੀ ਝੱਲਦੇ ਹਨ। ਹੜ੍ਹਾਂ ਦੀ ਸਥਿਤੀ ਵਿਚ ਆਪਣਾ ਘਰ ਬਾਰ, ਪਸ਼ੂ, ਫਸਲਾਂ ਗੁਆ ਬੈਠਦੇ ਹਨ। ਇਸਦੇ ਬਾਵਜੂਦ ਉਹਨਾਂ ਅੰਦਰ ਜ਼ਿੰਦਗੀ ਨੂੰ ਮੁੜ ਜਿਉਣ ਦੀ ਚਾਹਤ ਤੇ ਜਜ਼ਬਾ ਕਾਇਮ ਰਹਿੰਦਾ ਹੈ। ਇਸ ਤਰ੍ਹਾਂ ਦੀ ਹਿੰਮਤ ਤੇ ਹੌਸਲਾ ਵੀ ਉਹਨਾਂ ਨੂੰ ਦਰਿਆ ਤੋਂ ਹੀ ਮਿਲਦਾ ਹੈ।

ਮੁਖ਼ਤਾਰ ਗਿੱਲ ਦੀਆਂ ਕਹਾਣੀਆਂ ਵਿਚ ਅਜਿਹੇ ਹੀ ਭਾਵਪੂਰਤ ਵਿਸ਼ੇ ਤੇ ਜ਼ਿੰਦਾਦਿਲ ਪਾਤਰ ਸਿਰਜੇ ਹੋਏ ਹਨ। ਉਸ ਦੀਆਂ ਬਹੁਤ ਸਾਰੀਆਂ ਕਹਾਣੀਆਂ ਵਿਚ ਰਾਵੀ ਦੀਆਂ ਛੱਲਾਂ ਦੇ ਛਿੱਟੇ ਨਜ਼ਰ ਆਉਂਦੇ ਹਨ ਪਰੰਤੂ 'ਮੋਰ ਘੁੱਗੀਆਂ ਦਾ ਮਾਤਮ', 'ਕਾਲੀ ਘਟਾ ਵਿਕ ਗਈ', 'ਸੰਦਲੀ ਸੁਪਨਿਆਂ ਦਾ ਮਾਤਮ' ਕਹਾਣੀਆਂ ਵਿਚ ਉਕਤ ਰੰਗ ਵਧੇਰੇ ਗੂੜ੍ਹਾ ਹੈ। 'ਮੋਰ ਘੁੱਗੀਆਂ ਦਾ ਮਾਤਮ' ਕਹਾਣੀ ਦਾ ਕੇਂਦਰੀ ਪਾਤਰ ਪਹਿਲਾਂ ਦੁਬਈ ਦੀ ਕਿਸੇ ਕੰਪਨੀ ਵਿਚੋਂ ਸ਼ੋਸ਼ਣ ਤੇ ਤਸ਼ੱਦਦ ਦਾ ਸ਼ਿਕਾਰ ਹੋ ਕੇ ਪਿੰਡ ਪਰਤ ਆਉਂਦਾ ਹੈ ਤੇ ਪਿੰਡ ਪਹੁੰਚ ਕੇ ਹੜ੍ਹਾਂ ਦੀ ਮਾਰ ਨਾਲ ਸਭ ਕੁਝ ਤਬਾਹ ਹੋਇਆ ਦੇਖਦਾ ਹੈ। ਅਜਿਹੀ ਘੋਰ ਉਦਾਸੀ ਵਿਚ ਵੀ ਉਸ ਅੰਦਰ ਜਿਉਣ ਦੀ ਚਾਹ ਖਤਮ ਨਹੀਂ ਹੁੰਦੀ ਸਗੋਂ ਉਹ ਆਪਣੇ ਸਕੂਲ ਸਮੇਂ ਦੀ ਸ਼ਿੰਦਰ ਨਾਲ ਨੇੜਤਾ ਵਿਚੋਂ ਜ਼ਿੰਦਗੀ ਦਾ ਨਵਾਂ ਰਾਹ ਤਲਾਸ਼ਣ ਵੱਲ ਜਾਂਦਾ ਹੈ।

ਮੁਖ਼ਤਾਰ ਗਿੱਲ ਦੀਆਂ ਕਹਾਣੀਆਂ ਵਿਚ ਨਾਰੀ ਵੇਦਨਾ ਦਾ ਜ਼ਿਕਰ ਵੱਡੇ ਪੱਧਰ 'ਤੇ ਹੋਇਆ ਹੈ। ਕਹਾਣੀਆਂ ਵਿਚ ਨਾਰੀ ਦੇ ਅਨੇਕਾਂ ਰੂਪ ਚਿਤਰੇ ਗਏ ਹਨ। ਪਹਿਲੀ ਕਹਾਣੀ 'ਬੀਤੇ ਦੇ ਨਕਸ਼' ਦੀ ਮੈਂ ਪਾਤਰ ਆਪਣੇ ਬਾਪ ਦੀ ਮੌਤ ਤੋਂ ਬਾਅਦ ਆਪਣੀਆਂ ਛੋਟੀਆਂ ਭੈਣਾਂ ਨੂੰ ਪੜ੍ਹਾਉਣ ਤੇ ਘਰ ਦਾ ਆਰਥਿਕ ਬੋਝ ਚੁੱਕਣ ਲਈ ਜਦੋਂ ਕਿਰਤ ਵੇਚ ਕੇ ਗੁਜ਼ਾਰਾ ਨਹੀਂ ਹੁੰਦਾ ਤਾਂ ਆਪਣਾ ਸਰੀਰ ਵੇਚਣ ਲਈ ਮਜ਼ਬੂਰ ਹੋ ਜਾਂਦੀ ਹੈ। ਆਪਣੀ ਜ਼ਿੰਦਗੀ 'ਤੇ ਝਾਤ ਮਾਰਦੀ ਹੋਈ ਆਪਣੀ ਤੁਲਨਾ ਮੋਚੀ ਦੀਆਂ ਚੱਪਲਾਂ ਨਾਲ ਕਰਦੀ ਹੈ। 'ਆਖਰੀ ਚੂੜੀਆਂ' ਕਹਾਣੀ ਦੀ ਕੇਂਦਰੀ ਪਾਤਰ ਨਾਈ ਜਾਤ ਨਾਲ ਸੰਬੰਧਤ ਹੈ। ਲੋਕਾਂ ਦੇ ਘਰਾਂ ਵਿਚ ਵਿਆਹਾਂ-ਸ਼ਾਦੀਆਂ ਦੇ ਕੰਮ ਕਰਦਿਆਂ ਤੇ ਆਪਣੀ ਵਿਆਹ ਦੀ ਉਮਰ ਟੱਪਦਿਆਂ ਦੇਖ ਉਸਦੇ ਮਨ ਵਿਚ ਜਿਹੜੇ ਉਬਾਲ ਉੱਠਦੇ ਹਨ ਉਨ੍ਹਾਂ ਨੂੰ ਚੂੜੀਆਂ ਭੰਨ ਕੇ ਸ਼ਾਂਤ ਕਰਦੀ ਹੈ। 'ਖਿਲਰੇ ਟੋਟੇ', 'ਕਾਲੀ ਘਟਾ ਵਿਕ ਗਈ', 'ਸੁੱਕੀ ਖੂਹੀ', 'ਸੰਦਲੀ ਸੁਪਨਿਆਂ ਦਾ ਮਾਤਮ', 'ਅਗਲੀ ਫਸਲ', 'ਸ਼ਾਮਲਾਟ', 'ਅੰਗੂਠੇ 'ਤੇ ਨੀਲੀ ਸਿਆਹੀ ਦਾ ਨਿਸ਼ਾਨ' ਆਦਿ ਕਹਾਣੀਆਂ ਦਾ ਬਿਰਤਾਂਤ ਨਾਰੀ ਵੇਦਨਾ 'ਤੇ ਉੱਸਰਿਆ ਹੋਇਆ ਹੈ। ਕਿਤੇ ਅਨਜੋੜ ਵਿਆਹ ਦਾ ਦੁਖਾਂਤ ਹੈ, ਕਿਤੇ ਨਿਮਨ ਕਿਸਾਨੀ ਵਿਚ ਜੰਮੀ ਧੀ ਲਈ ਵਿਆਹ ਨਾ ਹੋਣ ਦਾ ਰੁਦਨ ਹੈ, ਕਿਤੇ ਜਿਨਸੀ ਲੋੜਾਂ ਪੂਰੀਆਂ ਨਾ ਹੋਣ ਦੀ ਪੀੜ ਹੈ, ਕਿਤੇ ਵਸਤ ਵਾਂਗ ਵਰਤੇ ਜਾਣ ਦੀ ਕਥਾ ਹੈ।

ਮੁਖ਼ਤਾਰ ਗਿੱਲ ਨੇ ਆਪਣੀਆਂ ਕਹਾਣੀਆਂ ਦਾ ਕਾਲ ਆਜ਼ਾਦੀ ਤੋਂ ਬਾਅਦ ਸਮਕਾਲ ਤਕ ਲਿਆ ਹੈ। ਇਸ ਦੌਰਾਨ ਪਿੰਡਾਂ ਦੀ ਭਾਈਚਾਰਕ ਸਾਂਝ ਕਿਵੇਂ ਟੁੱਟਣਾ ਸ਼ੁਰੂ ਕਰਦੀ ਹੈ, ਇਕ ਦੂਜੇ ਦੇ ਦੁੱਖ-ਸੁੱਖ ਵਿਚ ਕੰਮ ਆਉਣ ਵਾਲੇ ਰਿਸ਼ਤੇ ਨਾਤੇ ਕਿਸ ਤਰ੍ਹਾਂ ਪਰਾਏ ਹੋ ਜਾਂਦੇ ਹਨ, ਕਹਾਣੀਆਂ ਵਿਚ ਇਸ ਬਿਰਤਾਂਤ ਦਾ ਵਿਕਾਸ ਦੇਖਣ ਨੂੰ ਮਿਲਦਾ ਹੈ। 'ਸਿਸਕਦੇ ਰਿਸ਼ਤਿਆਂ ਦਾ ਸੱਚ' ਕਹਾਣੀ ਦਾ ਕੇਂਦਰੀ ਪਾਤਰ ਰਿਸ਼ਤਿਆਂ ਹੱਥੋਂ ਬੇਕਦਰੀ ਹੰਢਾਉਂਦਾ ਹੈ। ਏਥੇ ਪ੍ਰਸੰਗ ਇਹ ਬਣਦਾ ਹੈ ਕਿ ਇਕ ਭਰਾ ਆਪਣੇ ਦੂਸਰੇ ਭਰਾ ਦੀ ਜ਼ਮੀਨ ਹਾਸਲ ਕਰਨ ਲਈ ਉਸਨੂੰ ਨਸ਼ੇ 'ਤੇ ਲਾ ਕੇ ਅਣਵਿਆਹਿਆ ਰੱਖਦਾ ਹੈ।

ਰਿਸ਼ਤਿਆਂ ਵੱਲੋਂ ਬੇਗਾਨਗੀ ਦਾ ਦਸਤੂਰ ਸਮਕਾਲ ਵਿਚ ਆ ਕੇ ਹੋਰ ਵੀ ਗਹਿਰਾ ਹੋ ਜਾਂਦਾ ਹੈ। ਸਮਕਾਲ ਵਿਚ ਪੱਛਮ ਦੀ ਚਕਾਚੌਂਧ ਨੇ ਵੱਡੀ ਗਿਣਤੀ ਨੌਜਵਾਨ ਵਰਗ ਨੂੰ ਖਿੱਚਿਆ ਹੈ। ਪਿਛਲੇ ਦਹਾਕੇ ਤੋਂ ਵੱਡੀ ਗਿਣਤੀ ਵਿਚ ਨੌਜਵਾਨਾਂ ਦੇ ਪਰਵਾਸ ਕਾਰਨ ਪੰਜਾਬ ਦਾ ਪੈਸਾ ਵਿਦੇਸ਼ਾਂ ਵਿਚ ਪਹੁੰਚ ਰਿਹਾ ਹੈ। ਨੌਜਵਾਨ ਪੀੜ੍ਹੀ ਵਿਦੇਸ਼ਾਂ ਵਿਚ ਬੈਠੀ ਹੈ ਤੇ ਉਹਨਾਂ ਦੇ ਬਜ਼ੁਰਗ ਪਿੰਡਾਂ ਵਿਚ ਬੇਗਾਨਗੀ ਹੰਢਾ ਰਹੇ ਹਨ। ਮੁਖ਼ਤਾਰ ਗਿੱਲ ਨੇ ਆਪਣੀਆਂ ਕੁਝ ਕਹਾਣੀਆਂ ਵਿਚ ਇਸ ਸੰਕਟ ਨੂੰ

ਵੀ ਉਭਾਰਿਆ ਹੈ। 'ਤ੍ਰਕਾਲਾਂ ਦੇ ਸਿਆਹ ਰੰਗ' ਕਹਾਣੀ ਪੰਜਾਬ ਦੇ ਵਰਤਮਾਨ ਤੇ ਭਵਿੱਖ ਦੀ ਤਸਵੀਰਕਸ਼ੀ ਕਰਦੀ ਹੈ। ਬੱਚੇ ਵਿਦੇਸ਼ ਵਿਚ ਪਹੁੰਚ ਕੇ ਡਰੱਗ ਮਾਫ਼ੀਆ ਨਾਲ ਰਲ਼ ਕੇ ਮਾਂ-ਪਿਉ ਨਾਲ ਕੋਈ ਸੰਪਰਕ ਨਹੀਂ ਰੱਖਦੇ। ਪਤਨੀ ਦੀ ਮੌਤ ਬਾਅਦ ਮੈਂ ਪਾਤਰ ਬਿਰਧ ਆਸ਼ਰਮ ਵਿਚ ਚਲਾ ਜਾਂਦਾ ਹੈ। ਇਸੇ ਤਰ੍ਹਾਂ 'ਆਥਣ ਵੇਲਾ' ਕਹਾਣੀ ਵਿਚ ਕਾਮਰੇਡ ਨਵਰਾਹੀ ਆਪਣੇ ਅੰਤ ਸਮੇਂ ਵਿਚ ਇਕੱਲਤਾ ਤੇ ਬੇਗਾਨਗੀ ਹੰਢਾਉਂਦਾ ਹੈ। ਇਸ ਸੰਕਟ ਵਿਚੋਂ ਨਿਕਲਣ ਲਈ ਕੋਈ ਆਸ ਦੀ ਕਿਰਨ ਨਹੀਂ ਨਜ਼ਰ ਆਉਂਦੀ। 'ਮੋਹ ਮਮਤਾ ਦਾ ਰਿਣ' ਕਹਾਣੀ ਵਿਚ ਲੇਖਕ ਨੇ ਧੀਆਂ ਵੱਲੋਂ ਪਹਿਲਕਦਮੀ ਕਰਕੇ ਇਸਦਾ ਬਦਲ ਸਿਰਜਣ ਦੀ ਕੋਸ਼ਿਸ਼ ਕੀਤੀ ਹੈ। ਕਹਾਣੀ ਦੀ ਕੇਂਦਰੀ ਪਾਤਰ ਸੁਖਬੀਰ ਕੌਰ ਆਪਣੇ ਭਰਾਵਾਂ ਵੱਲੋਂ ਬੇਕਦਰੀ ਹੰਢਾਉਂਦੀ ਆਪਣੀ ਮਾਂ ਦੀ ਦੇਖਭਾਲ ਲਈ ਕਨੇਡਾ ਤੋਂ ਆਉਂਦੀ ਹੈ।'ਇਮਲੀ ਦਾ ਬਿਰਖ' ਕਹਾਣੀ ਦਾ ਕੇਂਦਰੀ ਪਾਤਰ ਵਿਦੇਸ਼ ਵਿਚੋਂ ਸਭ ਕੁਝ ਛੱਡ ਕੇ ਪਿੰਡ ਆ ਕੇ ਰਹਿਣ ਲੱਗ ਜਾਂਦਾ ਹੈ।

ਮੁਖ਼ਤਾਰ ਗਿੱਲ ਦੀਆਂ ਕਹਾਣੀਆਂ ਦਾ ਕਲਾਤਮਿਕ ਪੱਖ ਵੀ ਵਿਚਾਰਨਯੋਗ ਹੈ। ਕਹਾਣੀਆਂ ਵਿਚ ਦ੍ਰਿਸ਼ ਚਿਤਰਨ ਬਹੁਤ ਖ਼ੂਬਸੂਰਤ ਹੈ। 'ਫਾਸਲੇ' ਕਹਾਣੀ ਵਿਚ ਹਸਪਤਾਲ ਦਾ ਦ੍ਰਿਸ਼ ਤੇ ਮੈਂ ਪਾਤਰ ਦੇ ਮਨ ਵਿਚ ਚਲਦੇ ਵਲਵਲੇ ਬਿਰਤਾਂਤ ਨਾਲ ਇਕ ਮਿਕ ਹੋ ਕੇ ਪੇਸ਼ ਹੋਏ ਹਨ। 'ਤ੍ਰਕਾਲਾਂ ਦੇ ਪਰਛਾਵੇਂ' ਕਹਾਣੀ ਵਿਚ ਪੇਂਡੂ ਜੀਵਨ ਦਾ ਦ੍ਰਿਸ਼ ਚਿਤਰਨ ਬਹੁਤ ਯਥਾਰਥਕ ਹੈ। 'ਸ਼ੂਕਦੀ ਨਦੀ ਦਾ ਕਹਿਰ' ਕਹਾਣੀ ਵਿਸ਼ੇ ਪੱਖ ਤੋਂ ਬਹੁਤ ਖ਼ੂਬਸੂਰਤ ਹੈ ਪਰ ਉਸਦਾ ਸਿਰਲੇਖ ਗੁੰਝਲਦਾਰ ਹੈ। ਇਸੇ ਤਰ੍ਹਾਂ 'ਅੰਗੂਠੇ 'ਤੇ ਨੀਲੀ ਸਿਆਹੀ ਦਾ ਨਿਸ਼ਾਨ' ਕਹਾਣੀ ਦਾ ਸਿਰਲੇਖ ਬਹੁਤ ਵੱਡਾ ਹੋਣ ਕਾਰਨ ਵਿਸ਼ੇ ਦੇ ਪ੍ਰਭਾਵ ਨੂੰ ਮੱਧਮ ਕਰ ਦਿੰਦਾ ਹੈ। ਕਹਾਣੀਆਂ ਦਾ ਬਿਰਤਾਂਤਕ ਸੰਗਠਨ ਇਕਹਿਰਾ ਹੈ। ਬਿਰਤਾਂਤ ਇਕੋ ਘਟਨਾ/ਵਿਚਾਰ ਨੂੰ ਲੈ ਕੇ ਉਸਾਰਿਆ ਗਿਆ ਹੋਣ ਕਾਰਨ ਬੇਲੋੜਾ ਵਿਸਥਾਰ ਨਹੀਂ ਹੈ। ਇਸੇ ਕਾਰਨ ਕਹਾਣੀ ਵਿਚ ਰੌਚਕਤਾ ਹੈ ਤੇ ਪ੍ਰਭਾਵ ਬੱਝਵਾਂ ਹੈ। ਮੁਖ਼ਤਾਰ ਗਿੱਲ ਦੀਆਂ ਕਹਾਣੀਆਂ ਦਰਿਆ ਦੇ ਆਸ-ਪਾਸ ਦੇ ਜਨ ਜੀਵਨ ਦਾ ਸਜੀਵ ਚਿਤਰ ਹਨ। ਵਿਸ਼ਿਆਂ ਦੀ ਵਿਭਿੰਨਤਾ ਪੱਖੋਂ ਵੀ ਕਹਾਣੀਆਂ ਦਾ ਸਵਾਗਤ ਕਰਨਾ ਬਣਦਾ ਹੈ। **-(ਡਾ.) ਹਰਿੰਦਰ ਸਿੰਘ**

## ਲੂਣਦਾਨੀ (ਕਹਾਣੀ ਸੰਗ੍ਰਹਿ) ਹਰਪ੍ਰੀਤ ਸੇਖਾ

ਹਰਪ੍ਰੀਤ ਸੇਖਾ ਕਨੇਡਾ ਰਹਿੰਦਾ ਨਵੀਂ ਪੋਚ ਦਾ ਗਲਪਕਾਰ ਹੈ। ਉਸਦੀਆਂ ਨੌਂ ਕਹਾਣੀਆਂ ਦਾ ਚੌਥਾ ਕਹਾਣੀ ਸੰਗ੍ਰਹਿ 'ਲੂਣਦਾਨੀ' (ਨਵਯੁਗ ਪਬਲੀਸ਼ਰਜ਼, ਦਿੱਲੀ, ਪੰਨੇ:127, ਮੁੱਲ: 250 ਰੁਪਏ) ਹੁਣੇ ਛਪ ਕੇ ਆਇਆ ਹੈ। ਹਰਪ੍ਰੀਤ ਸੇਖਾ ਆਪਣੀਆਂ ਕਹਾਣੀਆਂ ਵਿਚ ਪਰਵਾਸੀ ਜੀਵਨ ਦੇ ਸਮਕਾਲੀ ਸਰੋਕਾਰਾਂ ਦਾ ਚਿਤੇਰਾ ਹੈ। ਹੱਥਲੀਆਂ ਕਹਾਣੀਆਂ ਪਰਵਾਸੀ ਸਰੋਕਾਰਾਂ ਦੇ ਨਵੇਂ ਆਯਾਮ ਸਿਰਜਦੀਆਂ ਨਜ਼ਰ ਆਉਂਦੀਆਂ ਹਨ। ਸਮੇਂ ਦੇ ਬੀਤਣ ਨਾਲ ਹਰਪ੍ਰੀਤ ਸੇਖਾ ਦੀ ਕਹਾਣੀ ਚੇਤਨਾ ਵਿਚ ਵਿਸ਼ਿਆਂ ਨੂੰ ਲੱਭਣ ਤੇ ਉਹਨਾਂ ਦੇ ਨਿਭਾਅ ਵਿਚ ਵੱਡਾ ਵਿਕਾਸ ਦੇਖਣ ਨੂੰ ਮਿਲਦਾ ਹੈ। ਸਮਕਾਲੀ ਸਰੋਕਾਰਾਂ ਦੇ ਸਨਮੁਖ ਪੀੜ੍ਹੀ-ਪਾੜਾ, ਨਸਲੀ ਵਿਤਕਰਾ, ਪਰਵਾਸੀਆਂ ਦੇ ਦੁੱਖਾਂ-ਦਰਦਾਂ ਆਦਿ ਦੀ ਪੇਸ਼ਕਾਰੀ ਦੀ ਥਾਂ ਹਰਪ੍ਰੀਤ ਸੇਖਾ ਪਾਠਕਾਂ ਨੂੰ ਨਵੀਂ ਪੀੜ੍ਹੀ ਦੀਆਂ ਮਾਨਸਿਕ ਗੁੰਝਲਾਂ, ਨਾਰੀ ਵੇਦਨਾ, ਬਰਾਬਰਤਾ ਦੇ ਅਵਚੇਤਨੀ ਸਰੋਕਾਰਾਂ ਦੇ ਸਨਮੁੱਖ ਕਰਦਾ ਹੈ।

ਪਰਵਾਸੀ ਜੀਵਨ ਵਿਚ ਆਪਣਾ ਘਰ-ਬਾਰ ਬੰਨ੍ਹਦਿਆਂ, ਕੰਮਾਂ ਕਾਰਾਂ ਵਿਚ ਉਲਝੇ ਪੰਜਾਬੀ ਮਾਪੇ ਆਪਣੇ ਬੱਚਿਆਂ ਵੱਲ ਲੋੜੀਂਦਾ ਧਿਆਨ ਨਹੀਂ ਦੇ ਸਕੇ, ਜਿਸ ਕਾਰਨ ਬੱਚੇ ਮੂੰਹ ਫੱਟ, ਵਿਗੜੈਲ, ਨਸ਼ਿਆਂ ਤੇ ਹੋਰ ਅਲਾਮਤਾਂ ਵੱਲ ਚਲੇ ਜਾਂਦੇ ਹਨ। ਹਰਪ੍ਰੀਤ ਸੇਖਾ ਅਜਿਹੇ ਮਾਹੌਲ ਨੂੰ ਆਪਣੀਆਂ ਕਹਾਣੀਆਂ ਦੇ ਬਿਰਤਾਂਤ ਵਿਚ ਥਾਂ ਤਾਂ ਦਿੰਦਾ ਹੈ ਪਰ ਉਸਦਾ ਮੁੱਖ ਫੋਕਸ ਇਸ ਮਾਹੌਲ ਏਜਰ ਬੱਚਿਆਂ ਉੱਤੇ ਇਸ ਮਾਹੌਲ ਦੇ ਮਾਨਸਿਕ ਪ੍ਰਭਾਵ 'ਤੇ ਵੱਧ ਰਹਿੰਦਾ ਹੈ। 'ਬੇਵਿਸਾਹੀ ਰੁੱਤ', 'ਗੁੰਮੇ ਪੰਨੇ', 'ਸਕੰਕ' ਆਦਿ ਕਹਾਣੀਆਂ ਇਸ ਪੱਖ ਤੋਂ ਕਮਾਲ ਦੀ ਪੇਸ਼ਕਾਰੀ ਹਨ। ਨਸ਼ਿਆਂ ਤੇ ਗੈਂਗਵਾਰ ਕਾਰਨ ਕੈਨੇਡਾ ਦੇ ਖਤਰਨਾਕ ਮਾਹੌਲ ਵਿਚ ਮਾਪੇ ਬੱਚਿਆਂ ਦੀਆਂ ਮਾਨਸਿਕ ਭਾਵਨਾਵਾਂ

ਸਮਝਣ ਤੋਂ ਕੋਰੇ ਹਨ। 'ਬੇਵਿਸਾਹੀ ਰੁੱਤ' ਕਹਾਣੀ ਵਿਚ ਅਮੀਤ ਦਾ ਆਪਣੇ ਮਾਂ-ਬਾਪ ਦੀ ਥਾਂ ਦਾਦਾ-ਦਾਦੀ ਨਾਲ ਵਧੇਰੇ ਪਿਆਰ ਹੈ। ਦਾਦਾ-ਦਾਦੀ ਦੀ ਮੌਤ ਪਿੱਛੋਂ ਉਸਦਾ ਵਿਹਾਰ ਬਦਲ ਜਾਂਦਾ ਹੈ। ਉਸਦੇ ਦੋਸਤ ਦੇ ਕਤਲ ਪਿੱਛੋਂ ਉਹ ਹੋਰ ਵੀ ਜ਼ਿਆਦਾ ਮਾਨਸਿਕ ਰੋਗੀ ਹੋ ਜਾਂਦਾ ਹੈ। ਮਾਂ-ਪਿਉ ਇਹ ਸਮਝਦੇ ਹਨ ਕਿ ਸ਼ਾਇਦ ਉਹ ਨਸ਼ਿਆਂ ਦੀ ਦਲਦਲ ਵੱਲ ਚਲਾ ਗਿਆ ਹੈ। ਪਿਆਰ ਨਾਲ ਉਸਦੇ ਪੱਧਰ 'ਤੇ ਆ ਕੇ ਸਮਝਣ ਨਾਲ ਪਤਾ ਲੱਗਦਾ ਹੈ ਕਿ ਉਸਨ ਮਹਿਸੂਸ ਹੁੰਦਾ ਰਿਹਾ ਹੈ ਜਿਵੇਂ ਪਿਆਰ ਕਰਨ ਵਾਲਾ ਹਰ ਕੋਈ ਉਸਤੋਂ ਦੂਰ ਚਲਾ ਗਿਆ ਹੈ।

ਹਰਪ੍ਰੀਤ ਸੇਖਾ ਆਪਣੀਆਂ ਕਹਾਣੀਆਂ ਵਿਚ ਪੁਰਾਣੀ ਪੀੜ੍ਹੀ ਦੇ ਮੁਕਾਬਲੇ ਨਵੀਂ ਪੀੜ੍ਹੀ ਦੇ ਬੱਚਿਆਂ ਵਿਚ ਰਿਸ਼ਤਿਆਂ ਨੂੰ ਸਮਝਣ ਤੇ ਨਿਭਾਉਣ ਦੀ ਵਧੇਰੇ ਯੋਗਤਾ ਨੂੰ ਚਿਤਰਦਾ ਹੈ। ਅਮੀਤ ਤੋਂ ਇਲਾਵਾ 'ਮੋਹ ਜਾਲ' ਕਹਾਣੀ ਦੀ ਰਮਣੀਕ, 'ਗੁੰਮੇ ਪੰਨੇ' ਕਹਾਣੀ ਦਾ ਅਰਜਣ ਤੇ 'ਕਮੈਂਸਮੈਂਟ' ਦਾ ਜੇਡਸ ਇਸ ਪੱਖ ਤੋਂ ਬਹੁਤ ਭਾਵੁਕ ਸਮਝ ਰੱਖਦੇ ਹਨ। ਪਰਵਾਸੀ ਜੀਵਨ ਵਿਚ ਜਿੱਥੇ ਭੱਜ-ਦੌੜ ਤੇ ਤੜਕ-ਭੜਕ ਕਾਰਨ ਰਿਸ਼ਤਿਆਂ ਦਾ ਪੂੰਜੀਵਾਦੀ ਸਵਾਰਥ ਸਾਹਮਣੇ ਆਉਂਦਾ ਹੈ ਉਥੇ ਇਹਨਾਂ ਕਹਾਣੀਆਂ ਵਿਚ ਰਿਸ਼ਤਿਆਂ ਦੇ ਮੋਹ ਪ੍ਰਤੀ ਸਾਮੰਤੀ ਪਹੁੰਚ ਵੀ ਨਜ਼ਰ ਆਉਂਦੀ ਹੈ। ਰਮਣੀਕ ਆਪਣੇ ਦਾਦੇ ਨਾਲ ਹੱਦ ਤੋਂ ਵੱਧ ਪਿਆਰ ਕਰਦੀ ਹੈ। ਉਹ ਦਾਦੇ ਦੇ ਕਮਰੇ ਵਿਚ ਪਏ ਸਮਾਨ ਤੇ ਉਸਦੀਆਂ ਪੱਗਾਂ ਨੂੰ ਹੱਥ ਨਹੀਂ ਲਾਉਣ ਦਿੰਦੀ। ਇਸਦੇ ਉਲਟ ਇਸ ਮੋਹ ਤੋਂ ਸੱਖਣੇ ਰਮਣੀਕ ਦੇ ਮਾਂ-ਪਿਉ ਸਵਾਰਥੀ ਹਨ। 'ਗੁੰਮੇ ਪੰਨੇ' ਦਾ ਮਾਂ ਵਿਹੂਣਾ ਅਰਜਣ ਆਪਣੀ ਮਾਂ ਦੇ ਪਿਆਰ ਨੂੰ ਤਰਸਦਾ ਰਹਿੰਦਾ ਹੈ। ਉਸਦਾ ਬਾਪ ਆਪਣੇ ਕੰਮਾਂ ਵਿਚ ਜ਼ਿਆਦਾਤਰ ਬਾਹਰ ਹੀ ਰਹਿੰਦਾ ਹੈ। ਘਰੇ ਨਾਨਾ-ਨਾਨੀ ਨਾਲ ਰਹਿੰਦਿਆਂ ਤੇ ਮਾਸੀ ਦੇ ਬੱਚਿਆਂ ਨਾਲ ਖੇਡਦਿਆਂ ਉਸਦੀ ਮਾਨਸਿਕਤਾ ਵਿਚ ਮਾਂ ਦੀ ਘਾਟ ਦਾ ਵੱਡਾ ਅਸਰ ਦੇਖਣ ਨੂੰ ਮਿਲਦਾ ਹੈ।

'ਕਮੈਂਸਮੈਂਟ' ਦਾ ਜੇਡਸ ਭਾਵੇਂ ਹਮਜਿਨਸੀ ਹੋਣ ਕਾਰਨ ਸਮਾਜ ਵੱਲੋਂ ਵੀ ਅਸਵੀਕਾਰੇ ਜਾਣ ਦੀ ਹੀਣ ਭਾਵਨਾ ਦਾ ਸ਼ਿਕਾਰ ਹੈ ਪਰ ਸਮਾਜ ਨਾਲੋਂ ਜਿਆਦਾ ਉਸਨੂੰ ਆਪਣੇ ਦਾਦਾ-ਦਾਦੀ ਦੀ ਸਵੀਕ੍ਰਿਤੀ ਦੀ ਵੱਧ ਆਸ ਹੈ। ਜੇਡਸ ਪੜ੍ਹਾਈ ਵਿਚ ਹੁਸ਼ਿਆਰ ਹੋਣ ਕਾਰਨ ਸਕਾਲਰਸ਼ਿਪ ਹਾਸਲ ਕਰ ਲੈਂਦਾ ਹੈ। ਸਕਾਲਰਸ਼ਿਪ ਦੇ ਪ੍ਰੋਗਰਾਮ ਦੌਰਾਨ ਭੀੜ ਵਿਚੋਂ ਕੋਈ ਉਸਦੇ ਹਮਜਿਨਸੀ ਹੋਣ ਦਾ ਭੇਤ ਖੋਲ੍ਹ ਦਿੰਦਾ ਹੈ। ਇਸ ਨਾਲ ਉਹ ਹੀਣ ਭਾਵਨਾ ਵਿਚ ਚਲਿਆ ਜਾਂਦਾ ਹੈ। ਉਸਦੇ ਮਾਂ-ਬਾਪ ਉਸਦੀਆਂ ਭਾਵਨਾਵਾਂ ਦੀ ਕਦਰ ਕਰਦੇ ਹੋਏ ਉਸਨੂੰ ਸਵੀਕਾਰ ਕਰ ਲੈਂਦੇ ਹਨ ਪਰ ਦਾਦਾ-ਦਾਦੀ ਨਹੀਂ ਕਰਦੇ। ਬੱਚਿਆਂ ਦੀ ਮਾਨਸਿਕ ਸਮੱਸਿਆ ਦੇ ਪੱਖ ਤੋਂ 'ਸਕੰਕ' ਕਹਾਣੀ ਬਹੁਤ ਕਮਾਲ ਦੀ ਹੈ। ਕਹਾਣੀ ਵਿਚਲੀ ਬੱਚੀ ਗੁਨੀਤ ਨਹਾਉਣਾ-ਧੋਣਾ ਤੇ ਧੋਤੇ ਕੱਪੜੇ ਪਾਉਣੇ ਬੰਦ ਕਰ ਕੇ ਆਪਣੇ ਆਪ ਨੂੰ ਸਮਾਜ ਨਾਲੋਂ ਤੋੜਨ ਦੀ ਕੋਸ਼ਿਸ਼ ਕਰਦੀ ਹੈ। ਉਸਦੀ ਮਾਂ ਕਾਰਨ ਜਾਣਨ ਦੀ ਕੋਸ਼ਿਸ਼ ਕਰਦੀ ਹੈ ਤਾਂ ਗੁਨੀਤ ਦੇ ਭੰਗ ਵਾਲੀਆਂ ਸਿਗਰਟਾਂ ਪੀਣ ਦਾ ਪਤਾ ਲੱਗਦਾ ਹੈ। ਮਾਂ ਸੋਚਦੀ ਹੈ ਕਿ ਉਹ ਕੋਈ ਵੱਡਾ ਨਸ਼ਾ ਲੈਂਦੀ ਹੋਵੇਗੀ। ਬੰਬ ਵਾਂਗ ਫਟਦੇ ਕਹਾਣੀ ਦੇ ਕਲਾਈਮੈਕਸ ਵਿਚੋਂ ਸਪੱਸ਼ਟ ਹੁੰਦਾ ਹੈ ਕਿ ਉਹ ਆਪਣੇ ਚਾਚੇ/ਤਾਏ ਦੇ ਮੁੰਡੇ ਮੋਨੂੰ ਦੀ ਸਰੀਰਕ ਹਵਸ ਦਾ ਸ਼ਿਕਾਰ ਹੁੰਦੀ ਰਹੀ ਹੈ। ਵਾਰ-ਵਾਰ ਦੁਹਰਾਈ ਜਾਣ ਵਾਲੀ ਇਸ ਪ੍ਰਕਿਰਿਆ ਤੋਂ ਬਚਣ ਲਈ ਉਹ ਆਪਣੇ ਆਪ ਨੂੰ ਸਾਫ ਸੁਥਰਾ ਰੱਖਣਾ ਛੱਡ ਦਿੰਦੀ ਹੈ। ਸਕੰਕ ਬਿੱਲੀ ਨੁਮਾ ਇਕ ਅਜਿਹਾ ਜਾਨਵਰ ਹੈ ਜਿਹੜਾ ਬਹੁਤ ਮੁਸ਼ਕ ਵਾਲੀ ਸਪਰੇਅ ਕਰ ਕੇ ਹਮਲਾਵਰ ਜਾਨਵਰਾਂ ਤੋਂ ਬਚਦਾ ਹੈ। ਗੁਨੀਤ ਵੀ ਮੋਨੂੰ ਤੋਂ ਬਚਣ ਲਈ ਅਜਿਹਾ ਕਰਦੀ ਹੈ।

ਹਰਪ੍ਰੀਤ ਸੇਖਾ ਨੇ 'ਵਿਰਾਸਤ' ਕਹਾਣੀ ਵਿਚ ਕਿਰਤੀ ਕਾਮਿਆਂ ਦੀਆਂ ਸਮੱਸਿਆਵਾਂ ਤੇ ਉਹਨਾਂ ਦੇ ਹੱਕਾਂ ਦੀ ਸੰਘਰਸ਼ਮਈ ਆਵਾਜ਼ ਬੁਲੰਦ ਕੀਤੀ ਹੈ। ਕਹਾਣੀ ਵਿਚ ਪੰਜਾਬੀਆਂ ਦੀ ਮਿਹਨਤ ਤੇ ਈਮਾਨਦਾਰੀ ਨਾਲ ਕੰਮ ਕਰਨ ਦੀ ਸ਼ਕਤੀ ਬਾਰੇ ਵੀ ਦੱਸਿਆ ਗਿਆ ਹੈ ਤੇ ਕਿਰਤ ਦੀ ਵਿਰਾਸਤ ਬਾਰੇ ਕਹਾਣੀ ਵੱਡਾ ਸਵਾਲ ਖੜ੍ਹਾ ਕਰਦੀ ਹੈ। ਬਰੂਸ ਆਪਣੀ ਮਸ਼ੀਨ ਫੈਕਟਰੀ ਵਿਚ ਕੰਮ ਕਰਦੇ ਗੋਰੇ ਮਾਈਕ ਅਤੇ ਕਹਾਣੀ ਦੇ ਪੰਜਾਬੀ ਮੈਂ ਪਾਤਰ ਦੀ ਆਰਥਿਕ ਲੁੱਟ ਕਰਦਾ

ਹੈ। ਮਾਈਕ ਤੇ ਮੈਂ ਪਾਤਰ ਦੇ ਵਿਰਾਸਤ ਦੇ ਵਾਰਿਸ ਹੋਣ ਬਾਰੇ ਵੱਖ-ਵੱਖ ਵਿਚਾਰ ਹਨ। ਮੈਂ ਪਾਤਰ ਪੰਜਾਬ ਦਾ ਜੰਮਪਲ ਹੋਣ ਕਾਰਨ ਬਾਪ ਦੀ ਵਿਰਾਸਤ ਨੂੰ ਆਪਣੀ ਸਮਝਦਾ ਹੈ ਪਰ ਮਾਈਕ ਆਪਣੇ ਬਲਬੂਤੇ 'ਤੇ ਬਣਾਈ ਵਿਰਾਸਤ 'ਤੇ ਆਪਣੀ ਮਾਲਕੀ ਸਮਝਦਾ ਹੈ। ਬਰੂਸ ਆਪਣੇ ਨਾਲਾਇਕ ਪੁੱਤ ਜਸਟਿਨ ਨੂੰ ਆਪਣੀ ਮਸ਼ੀਨ ਫੈਕਟਰੀ ਦਾ ਵਾਰਿਸ ਬਣਾਉਣਾ ਚਾਹੁੰਦਾ ਹੈ। ਮਾਈਕ ਤੇ ਮੈਂ ਪਾਤਰ ਉਸਦੀਆਂ ਸ਼ਰਤਾਂ ਮੰਨਣ ਤੋਂ ਇਨਕਾਰ ਕਰਕੇ ਆਪਣੀ ਮਸ਼ੀਨ ਫੈਕਟਰੀ ਲਾਉਣ ਦੀ ਗੱਲ ਕਰਦੇ ਹਨ। ਕਹਾਣੀ ਸਪੱਸ਼ਟ ਕਰਦੀ ਹੈ ਕਿ ਕਿਰਤ ਦੀ ਵਿਰਾਸਤ 'ਤੇ ਅਸਲ ਵਿਚ ਕਾਮਿਆਂ ਦੀ ਮਾਲਕੀ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ 'ਵੀਡਜ਼' ਕਹਾਣੀ ਕਨੇਡਾ ਵਿਚ ਚੱਲਦੇ ਰੇਡੀਓ ਸਟੇਸ਼ਨਾਂ 'ਤੇ ਮਾਲਕਾਂ ਵੱਲੋਂ ਕੀਤੀਆਂ ਜਾਂਦੀਆਂ ਮਨਮਾਨੀਆਂ, ਭ੍ਰਿਸ਼ਟਾਚਾਰ ਤੇ ਜੁਗਾੜਬਾਜ਼ੀਆਂ ਦਾ ਬਿਰਤਾਂਤ ਹੈ। ਰੇਡੀਓ ਚੈਨਲ ਆਮ ਲੋਕਾਂ ਦੀਆਂ ਸਮੱਸਿਆਵਾਂ, ਨੌਕਰੀ ਦਾ ਝਾਂਸਾ ਦੇ ਕੇ ਕੁੜੀਆਂ ਦਾ ਸਰੀਰਕ ਸ਼ੋਸ਼ਣ ਕਰਨ ਵਾਲੇ ਹਰਨੇਕ ਵਰਗੇ ਇੰਮੀਗਰੇਸ਼ਨ ਸੈਂਟਰਾਂ ਦੇ ਮਾਲਕਾਂ ਨੂੰ ਨੰਗਾ ਕਰਨ ਦੀ ਬਜਾਏ ਉਹਨਾਂ ਦੇ ਪੱਖ ਵਿਚ ਭੁਗਤਦੇ ਹਨ। ਅਜਿਹੇ ਭ੍ਰਿਸ਼ਟ ਲੋਕ ਆਪਣੀਆਂ ਗ਼ਲਤੀਆਂ ਨੂੰ ਲੁਕਾਉਣ ਲਈ ਇਸ਼ਤਿਹਾਰ ਦੇ ਕੇ ਚੈਨਲਾਂ ਨੂੰ ਆਪਣੇ ਹੱਥ ਠੋਕਾ ਬਣਾ ਲੈਂਦੇ ਹਨ। ਕਹਾਣੀਕਾਰ ਨੇ ਅਜਿਹੇ ਲੋਕਾਂ ਨੂੰ ਜੰਗਲੀ ਕਿਸਮ ਦੇ ਨਦੀਨ ਕਿਹਾ ਹੈ ਜਿਹਨਾਂ ਦੀ ਗਿਣਤੀ ਵਧਣ ਨਾਲ ਜ਼ਮੀਨ ਵਿਚ ਕੋਈ ਫਸਲ ਵਧ ਫੁੱਲ ਨਹੀਂ ਸਕਦੀ।

'ਉਹ ਰਾਤ', 'ਰੀਟ੍ਰੀਟ' ਕਹਾਣੀਆਂ ਔਰਤ ਤੇ ਮਰਦ ਦੇ ਰਿਸ਼ਤੇ ਦੀਆਂ ਭਾਵੁਕ ਤੰਦਾਂ ਨੂੰ ਫੜਨ ਦਾ ਯਤਨ ਕਰਦੀਆਂ ਹਨ। 'ਉਹ ਰਾਤ' ਦੀ ਮੁੱਖ ਪਾਤਰ ਦੇ ਮਨ ਵਿਚ ਪੰਜਾਬ ਵਿਚ ਹੋਏ ਆਪਣੇ ਵਿਆਹ ਤੋਂ ਬਾਅਦ ਦੀ ਪਹਿਲੀ ਰਾਤ ਖ਼ੂਬਸੂਰਤ ਯਾਦ ਵਜੋਂ ਵਸੀ ਹੁੰਦੀ ਹੈ। ਵਿਆਹ ਕਰਵਾ ਕੇ ਕਨੇਡਾ ਪਰਤਣ ਤੋਂ ਮਗਰੋਂ ਪਤੀ ਦੀ ਇੰਮਗਰੇਸ਼ਨ ਉਡੀਕਦੀ ਹੋਈ ਉਹ ਇਸ ਯਾਦ ਦੇ ਨਾਲ-ਨਾਲ ਆਪਣੀਆਂ ਭਾਵਨਾਵਾਂ ਨੂੰ ਬੰਨ੍ਹ ਮਾਰ ਕੇ ਰੱਖਦੀ ਹੈ। ਗੁਰਪ੍ਰੀਤ ਨਾਲ ਹੋਈ ਨੇੜਤਾ ਵਿਚੋਂ ਵੀ ਨਿਕਲ ਜਾਂਦੀ ਹੈ। ਆਪਣੇ ਪਤੀ ਅਮਨ ਦੇ ਕਨੇਡਾ ਆਉਣ 'ਤੇ ਉਸ ਅੰਦਰ ਉਸ ਰਾਤ ਵਾਲੀਆਂ ਭਾਵਨਾਵਾਂ ਫਿਰ ਜਾਗ ਪੈਂਦੀਆਂ ਹਨ। ਅਮਨ ਉਹਨਾਂ ਭਾਵਨਾਵਾਂ ਦੇ ਅਨੁਸਾਰੀ ਵਿਹਾਰ ਕਰਨ ਵਿਚ ਨਾ ਸਿਰਫ ਨਾਕਾਮ ਰਹਿੰਦਾ ਹੈ ਸਗੋਂ ਇਸ ਦੀ ਥਾਂ ਉਸਦਾ ਰਵੱਈਆ ਸ਼ੱਕੀ ਮਰਦਾਵੀਂ ਚੌਧਰ ਵਾਲਾ ਹੈ। ਇਸ ਨਾਲ ਮੈਂ ਪਾਤਰ ਦਾ ਆਪਣੇ ਪਤੀ ਨਾਲ ਮਿਲਾਪ ਦਾ ਸਾਰਾ ਉਤਸ਼ਾਹ ਮੱਠਾ ਪੈ ਜਾਂਦਾ ਹੈ। ਦੂਜੇ ਪਾਸੇ ਆਪਣੇ ਪਤੀ ਨਾਲੋਂ ਤਲਾਕਸ਼ੁਦਾ 'ਰੀਟ੍ਰੀਟ' ਕਹਾਣੀ ਦੀ ਕੇਂਦਰੀ ਪਾਤਰ ਰਮਨ ਆਪਣੇ ਲਈ ਸਾਥ ਦੀ ਤਲਾਸ਼ ਵਿਚ ਰਾਜ ਨਾਲ ਇਕ ਮੈਡੀਟੇਸ਼ਨ ਕੈਂਪ 'ਤੇ ਜਾਂਦੀ ਹੈ। ਰਾਜ ਦੀ ਪਤਨੀ ਬਿਮਾਰ ਹੈ ਤੇ ਪੂਰੀ ਤਰ੍ਹਾਂ ਦੂਜਿਆਂ 'ਤੇ ਨਿਰਭਰ ਹੈ। ਰਾਜ ਦੀ ਇੱਛਾ ਰਮਨ ਨੂੰ ਭੋਗਣ ਤਕ ਹੀ ਮਹਿਦੂਦ ਹੈ। ਆਪਣੀ ਪਤਨੀ ਬਾਰੇ ਰਾਜ ਦਾ ਰਵੱਈਆ ਜਾਣ ਕੇ ਰਮਨ ਦਾ ਉਸ ਪ੍ਰਤੀ ਵਿਹਾਰ ਬਦਲ ਜਾਂਦਾ ਹੈ। ਕਹਾਣੀ ਨਾਰੀ ਮਨ ਦੀਆਂ ਗੁੰਝਲਦਾਰ ਤੈਹਾਂ ਨੂੰ ਰੂਪਮਾਨ ਕਰਦੀ ਹੈ।

ਹਰਪ੍ਰੀਤ ਸੇਖਾ ਦੀਆਂ ਕਹਾਣੀਆਂ ਦੇ ਪ੍ਰਤੀਕਮਈ ਸਿਰਲੇਖ ਵਿਸ਼ੇ ਨੂੰ ਹੋਰ ਗਹਿਰਾਈ ਬਖਸ਼ਦੇ ਹਨ। ਕਹਾਣੀਆਂ ਦੀ ਬੁਣਤਰ ਬਹੁਤ ਸੰਘਣੀ ਤੇ ਕਸਵੀਂ ਹੈ। ਬਿਰਤਾਂਤ ਵਿਚ ਕਿਤੇ ਵੀ ਢਿੱਲਾਪਣ ਨਹੀਂ ਨਜ਼ਰ ਆਉਂਦਾ। ਸੰਗ੍ਰਹਿ ਦਾ ਨਾਮਕਰਨ 'ਲੂਣਦਾਨੀ' ਵੀ ਆਪਣੇ ਆਪ ਵਿਚ ਪ੍ਰਤੀਕਮਈ ਹੈ। ਜਿਸ ਤਰ੍ਹਾਂ ਲੂਣਦਾਨੀ ਵਿਚ ਨਮਕ, ਮਿਰਚ, ਮਸਾਲਾ ਤੇ ਹਲਦੀ ਦੇ ਵੱਖ-ਵੱਖ ਖਾਨੇ ਹੁੰਦੇ ਹਨ ਉਸੇ ਤਰ੍ਹਾਂ ਆਪਣੇ ਵਿਸ਼ਿਆਂ ਪੱਖੋਂ ਇਹ ਸੰਗ੍ਰਹਿ ਕਹਾਣੀਆਂ ਦੀ ਲੂਣਦਾਨੀ ਹੈ। ਇਨ੍ਹਾਂ ਕਹਾਣੀਆਂ ਦੇ ਵਿਸ਼ੇ ਚੇਤਨ ਪਾਠਕਾਂ ਦੀਆਂ ਅੱਖਾਂ ਵਿਚ ਰੜਕ ਪਾਉਣ ਵਾਲੇ ਹਨ। ਪਰਵਾਸੀ ਸਾਹਿਤ ਵਿਚ ਰਵਾਇਤੀ ਵਿਸ਼ਿਆਂ ਦੀ ਥਾਂ ਇਸ ਤਰ੍ਹਾਂ ਦੇ ਨਵੀਨ ਵਿਸ਼ਿਆਂ ਦੀ ਚੋਣ ਅਤੇ ਸਾਰਥਿਕ ਢੰਗ ਨਾਲ ਪੇਸ਼ਕਾਰੀ ਇਹਨਾਂ ਸੰਕਟਾਂ ਨੂੰ ਸਮਝਣ ਵਿਚ ਬਹੁਤ ਸਹਾਈ ਹੋਵੇਗੀ। ਹੋਰ ਵਿਸ਼ੇਸ਼ਤਾਈਆਂ ਨਾਲ ਇਸ ਪੱਖ ਤੋਂ ਵੀ ਹਰਪ੍ਰੀਤ ਸੇਖਾ ਦੇ ਇਸ ਕਹਾਣੀ ਸੰਗ੍ਰਹਿ ਦਾ ਸਵਾਗਤ ਕਰਨਾ ਬਣਦਾ ਹੈ।

**-(ਡਾ.) ਹਰਿੰਦਰ ਸਿੰਘ**

## ਅਣ-ਫਿਰਿਆ ਮੱਕਾ (ਕਾਵਿ ਸੰਗ੍ਰਹਿ) ਉਂਕਾਰਪ੍ਰੀਤ

ਉਂਕਾਰਪ੍ਰੀਤ ਆਪਣੇ ਨਵੇਂ ਕਾਵਿ ਸੰਗ੍ਰਹਿ 'ਅਣ-ਫਿਰਿਆ ਮੱਕਾ' (ਪੰਨੇ 112, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ ਲੁਧਿਆਣਾ) ਵਿਚ ਬਿਲਕੁਲ ਨਵਾਂ ਰੰਗ ਲੈ ਕੇ ਆਇਆ ਹੈ। ਇਸ ਤੋਂ ਪਹਿਲਾਂ ਉਸ ਦੇ ਦੋ ਗ਼ਜ਼ਲ ਸੰਗ੍ਰਹਿ 'ਮਿੱਪਲ ਦੀ ਕੈਨਵਸ' (2005) ਤੇ 'ਆਪਣੀ ਛਾਂ ਦੇ ਸ਼ਬਦ' (2019) ਅਤੇ ਤਿੰਨ ਨਾਟ ਪੁਸਤਕਾਂ 'ਪ੍ਰਗਟਿਓ ਖ਼ਾਲਸਾ' (2007), 'ਆਜ਼ਾਦੀ ਦੇ ਜਹਾਜ਼' (2008) ਤੇ 'ਰੋਟੀ ਵਾਇਆ ਲੰਡਨ' (2017) ਛਪ ਚੁੱਕੇ ਹਨ। ਤਕਰੀਬਨ ਦੋ ਦਹਾਕੇ ਪਹਿਲਾਂ ਛਪੇ ਗ਼ਜ਼ਲ ਸੰਗ੍ਰਹਿ 'ਮਿੱਪਲ ਦੀ ਕੈਨਵਸ' ਵਿਚ ਬੀੜੇ ਸ਼ਬਦ ਸੱਚਮੁੱਚ ਚਿੱਤਰਾਂ ਦੀ ਜੂਨੇ ਪਏ ਜਾਪਦੇ ਸਨ। ਇਸ ਵਾਰ ਵਾਲਾ ਚਿੱਤਰ ਸਿੱਖੀ ਦੇ ਨੈਣ-ਨਕਸ਼ਾਂ ਵਾਲਾ ਹੈ। ਉਹ ਆਪ ਦੱਸਦਾ ਹੈ ਕਿ ਉਹ 'ਸਿੱਖੁ ਸੁ ਖੋਜਿ ਲਹੈ' ਦੀ ਉਂਗਲ ਫੜ ਕੇ ਇੱਥੇ ਤਕ ਪਹੁੰਚਿਆ ਹੈ। ਇਹ ਗੱਲ ਉਹਨੇ ਕਵਿਤਾਵਾਂ ਸ਼ੁਰੂ ਕਰਨ ਤੋਂ ਪਹਿਲਾਂ ਲਿਖੇ ਮੁੱਖਬੰਦ 'ਅਣ-ਫਿਰਿਆ ਮੱਕਾ' ਕਿਉਂ?' ਵਿਚ ਚਿਤਾਰੀ ਹੈ। 'ਕਿਉਂ' ਵਾਲਾ ਇਹ ਸਵਾਲ ਅਗਾਂਹ ਸਵਾਲਾਂ ਨੂੰ ਜ਼ਰਬਾਂ ਦੇਣ ਵਾਲਾ ਹੈ।

ਉਂਝ, ਸਵਾਲਾਂ ਨੂੰ ਜ਼ਰਬਾਂ ਦਾ ਸਿਲਸਿਲਾ ਪਹਿਲੀ ਹੀ ਕਵਿਤਾ 'ਇਕ ਓਅੰਕਾਰ' ਤੋਂ ਆਰੰਭ ਹੋ ਜਾਂਦਾ ਹੈ। ਅਰਦਾਸ ਵਿਚਲੇ ਸ਼ਬਦ ਕਿਸੇ ਕਿਸਮ ਦੀ ਵਿਆਖਿਆ ਦੀ ਥਾਂ ਸਵਾਲਾਂ ਵਿਚ ਢਲ ਗਏ ਜਾਪਦੇ ਹਨ। ਚਿਰ ਪਹਿਲਾਂ ਚਿੰਤਕ ਸ਼ਾਇਰ ਜਸਵੰਤ ਸਿੰਘ ਨੇਕੀ ਨੇ ਇਉਂ ਅਰਦਾਸ ਦੇ ਸ਼ਬਦਾਂ ਬਾਰੇ ਮੁਕੰਮਲ ਕਿਤਾਬ ਲਿਖੀ ਸੀ। ਉਹ ਅਸਲ ਵਿਚ ਅਰਦਾਸ ਦੀ ਵਿਆਖਿਆ ਸੀ ਜੋ ਨਸਰ (ਵਾਰਤਕ) ਵਿਚ ਹੀ ਸੰਭਵ ਹੈ ਪਰ ਉਂਕਾਰਪ੍ਰੀਤ ਇਹ ਗੱਲ ਨਸਰ ਤੋਂ ਨਜ਼ਮ ਤਕ ਲੈ ਆਇਆ ਹੈ। ਇਹ ਨਜ਼ਮਾਂ ਸਬਰ ਸੰਜਮ ਦੀ ਗਲ਼ੀ ਵਿਚੋਂ ਲੰਘ ਕੇ ਆਈਆਂ ਹਨ। ਇਹ ਦਰਅਸਲ *'ਇਕ ਨੇ ਪਾਈਆਂ/ਬਾਤਾਂ ਗੁੱਝੀਆਂ, ਇਕ ਹੋਏ ਬਿਨ/ਜਾਣ ਨਾ ਬੁੱਝੀਆਂ'* ਵਾਲੀਆਂ ਰਮਜ਼ਾਂ ਹਨ ਜਿਹੜੀਆਂ ਅਗਲੇ ਪੰਨਿਆਂ ਉੱਤੇ ਬਹੁਤ ਗੂੜ੍ਹੇ ਰੰਗਾਂ ਵਿਚ ਫੈਲੀਆਂ ਹੋਈਆਂ ਹਨ। ਅਗਲੀ ਕਵਿਤਾ 'ਸਤਿਨਾਮ' ਸਮਝੋ 'ਇਕ ਓਅੰਕਾਰ' ਦਾ ਹੀ ਵਿਸਥਾਰ ਹੈ ਪਰ 'ਕਰਤਾ ਪੁਰਖ' ਵਿਚ ਜਦੋਂ 'ਕਰਤਾ' ਤੇ 'ਪੁਰਖ' ਦੇ ਵੱਖਰੇ ਜ਼ਾਵੀਏ ਉਘੜਦੇ ਹਨ ਤਾਂ ਝਟਕੇ ਨਾਲ ਅੱਖਾਂ ਖੁੱਲ੍ਹਦੀਆਂ ਹਨ। ਲਿਖਿਆ ਹੈ: 'ਕਰਤਾ' ਕਹਾਉਣ ਲੱਗਿਆ ਸੀ 'ਪੁਰਖ'।... ਇਹ ਜ਼ਾਵੀਆ ਔਰਤ-ਮਰਦ ਵਿਚਕਾਰਲੇ ਰਿਸ਼ਤੇ ਦਾ ਹੈ। ਅੱਗ ਦੀ ਹਾਜ਼ਰੀ ਵਾਲਾ ਦ੍ਰਿਸ਼ ਚਿਤਰਨ ਇਸ ਰਿਸ਼ਤੇ ਅੰਦਰ ਜਾਗਦੇ ਨੈਣਾਂ ਵਾਲੇ ਸੁਪਨੇ ਜਗਾਉਂਦਾ ਹੈ। 'ਕਰਤਾ' ਤੇ 'ਪੁਰਖ' ਵਾਲੀ ਇਸ ਸਤਰ ਤੋਂ ਪਹਿਲਾਂ ਕਵਿਤਾ ਜਿਹੜੇ ਸ਼ਬਦਾਂ ਦਾ ਜਾਮਾ ਪਹਿਨਦੀ ਹੈ, ਉਹ ਵਿਆਖਿਆ ਬਾਰੇ ਕੋਈ ਭੁਲੇਖਾ ਨਹੀਂ ਰਹਿਣ ਦਿੰਦੇ। ਇਹ ਸ਼ਬਦ ਹਕੀਕਤਾਂ ਦੇ ਰੂ-ਬ-ਰੂ ਹੋਣ ਦਾ ਜ਼ਰੀਆ ਬਣਦੇ ਹਨ। ਕਵਿਤਾ 'ਕਰਤਾ ਪੁਰਖ' ਫਿਰ ਇਵੇਂ ਥਿਰ ਹੁੰਦੀ ਹੈ:

*ਤੈਨੂੰ ਤੇ ਯਾਦ ਹੋਵੇਗਾ/ਲੋਕਾਂ ਦੇ ਆਦਿ-ਸੱਚ ਵੇਲੀਂ/'ਪੁਰਖ' ਹੀ ਕਰਤਾ ਨਈਂ ਸੀ॥*

ਇਸ ਦੇ ਨਾਲ ਹੀ ਸਵਾਲਾਂ ਦੀ ਲੜੀ ਹੈ: ਕਿੰਝ ਜੀਵੀਏ ਨਿਰਭਉ? ਕਿੰਝ ਹੋਵੀਏ ਨਿਰਵੈਰ? ਕਿੰਝ ਹੋਵੀਏ ਅਕਾਲ ਮੂਰਤ? 'ਯੋਨੀ' ਤੋਂ 'ਜੂਨੀ' ਵਿਚਲੇ 'ਅਜੂਨੀ'/ਕਿੰਝ ਪੁੱਜ ਸਕੀਏ? ਕਿੰਝ ਹੋਵੀਏ 'ਸੈਭੰ'??... ਤੇ ਇਹ ਲੜੀ ਅਗਾਂਹ 'ਗੁਰ ਪ੍ਰਸਾਦ' ਕਵਿਤਾ ਦੀਆਂ ਇਨ੍ਹਾਂ ਸਤਰਾਂ ਨਾਲ ਜਾ ਜੁੜਦੀ ਹੈ:

*ਗੁਰ ਪ੍ਰਸਾਦ*
*ਆਪਣਾ ਮੂਲ ਪਛਾਨਣ ਜਾਨਣ*
*ਅਨਿਕ ਨਾਲ ਏਕਾ ਮਾਨਣ ਵਾਲਾ ਰਾਹ*
*ਜਿਸ ਰਾਹ ਤੁਰਨ ਲਈ ਕਰਨੀ ਪੈਂਦੀ*
*ਖ਼ੁਦ ਹੀ ਖ਼ੁਦ 'ਤੇ ਕਿਰਪਾ।*

ਇਹ ਖ਼ੁਦ ਉੱਤੇ ਕਿਰਪਾ ਦਾ ਹੀ ਪ੍ਰਤਾਪ ਹੋਵੇਗਾ ਕਿ ਬੰਦਾ *'ਗੁਰੂ-ਘਰੋਂ' ਬਾਹਰ/ਰੁਮਕਦੀ/ 'ਵਾ-ਧੁਪੀਲੀ॥'* ਆਖ/ਬੋਲ ਸਕਦਾ ਹੈ। ਇਸ ਕਿਰਪਾ ਕਰ ਕੇ ਹੀ ਮਰਦਾਨਾ 'ਮਰ-ਜਾਣਾ' ਬਣਦਾ ਹੈ। ਇਹ ਕਿਰਪਾ ਪੂਰਨਮਾਸ਼ੀ ਵਿਚ ਵਟਦੀ ਹੈ ਤਾਂ ਸ਼ਬਦ ਇਉਂ ਜੁੜਦੇ ਹਨ:

*ਉਸ ਨੇ/ਦੁਨੀਆ ਵਿਹੜੇ/ਮਹਿਬੂਬ ਵਾਂਗ/ਕਦਮ ਧਰਿਆ!*
*ਮੱਸਿਆ ਦਾ ਨੇਰ੍ਹ/ਪੂਰਨਮਾਸ਼ੀ ਹੋ ਗਿਆ॥*

ਜ਼ਾਹਿਰ ਹੈ ਕਿ ਨਵੀਆਂ ਪੰਕਤੀਆਂ ਜੁੜ ਕੇ ਨਵੀਆਂ ਤਰਜ਼ਾਂ/ਤਰਬਾਂ ਛਿੜਦੀਆਂ ਹਨ। ਇਹੀ 'ਨਾਨਕ ਦੀ ਸਿਖ਼ਰ' ਹੈ:

*ਚਾਰੇ ਉਦਾਸੀਆਂ ਤੋਂ ਬਾਅਦ*
*ਪੂਰਾ-ਸੂਰਾ ਘਰ ਮੁੜਨਾ*
*ਖੇਤਾਂ ਵਿਚ ਹਲ਼ ਵਾਹੁਣਾ*

ਇਹ ਅਸਲ ਵਿਚ ਕਵਿਤਾ ਨਹੀਂ, ਸਿੱਖ ਅਤੇ ਸਿੱਖੀ ਨੂੰ ਮਾਰੀਆਂ ਹਾਕਾਂ ਹਨ। ਮਾਛੀਵਾੜੇ ਦੇ ਜੰਗਲ 'ਚੋਂ ਕਿਸੇ 'ਮਿੱਤਰ ਪਿਆਰੇ' ਨੂੰ ਮਾਰੀ ਹਾਕ ਕਿਸੇ ਨੂੰ ਸੁਣਦੀ ਵੀ ਹੈ? ਤੇ ਅਗਲੀ ਹਾਕ 'ਬੰਦਾ' ਵਿਚ ਦਰਜ ਹੈ: *ਬੰਦਾ ਜਜ਼ਬਾ ਹੈ, ਜਿਸਮ ਨਹੀਂ/ਜੇ ਬੰਦ-ਬੰਦ ਜਿਸਮ ਤਿਆਗੇਗਾ/ਬੰਦ-ਬੰਦ 'ਚੋਂ ਬੰਦਾ ਜਾਗੇਗਾ।*... 'ਖ਼ਾਲਿਸਤਾਨ' ਕਿਹੜਾ ਕੋਈ ਕਵਿਤਾ ਹੈ, ਇਹ ਵੀ ਤਾਂ ਖ਼ਾਲਿਸਤਾਨ ਦੇ ਮੈਨੀਫੈਸਟੋ ਦਾ ਰੂਪ-ਸਰੂਪ ਧਾਰ ਲੈਂਦੀ ਹੈ। ਇਹ ਵੀ 'ਮਨਾਂ ਨੂੰ ਫੋਲਣ' ਵਾਲੀ ਹਾਕ ਹੀ ਹੈ। 'ਨਾਨਕਸ਼ਾਹੀ ਸੁਪਨੇ', 'ਪੁਰਖਾ ਰਬਾਬ ਛੇੜ', 'ਬਾਬੇ ਨੂੰ ਖ਼ਤ', 'ਖੰਡ-ਪਾਠ', 'ਨਵੇਂ ਲਾਲੋ ਭਾਗੋ' ਵਰਗੀਆਂ ਕਵਿਤਾਵਾਂ ਵਿਚਲਾ 'ਲੋਭ ਮੋਹ...' ਜਦੋਂ 'ਹੁਣ' (ਕਵਿਤਾ) ਤਕ ਦਾ ਸਫ਼ਰ ਤੈਅ ਕਰਦਾ ਹੈ ਤਾਂ ਮਾਛੀਵਾੜੇ ਦੀ ਸੇਜ ਦੀਆਂ ਸੂਲਾਂ ਦਾ ਕੇਸਰੀ ਦਸਤਾਰਾਂ ਲਈ ਮਹਿਜ਼ ਪਿੰਨਾਂ ਬਣਨ ਵਾਲਾ ਸੱਚ ਆਣ ਦਸਤਕ ਦਿੰਦਾ ਹੈ। ਅੱਜ ਦਾ ਇਹ ਸੱਚ 'ਗੁਰੂ ਗਰੰਥ ਜੀ, ਮਾਨਿਓ' ਵਿਚ *'ਜੋਤ ਤੋਂ ਪਹਿਲਾਂ ਜਾਤ/ਬਾਣੀ ਤੋਂ ਪਹਿਲਾਂ ਬਾਣਾ'* ਰਾਹੀਂ ਉਜਾਗਰ ਹੁੰਦਾ ਹੈ। ਜੇ ਜੋਤ ਦੀ ਥਾਂ ਜਾਤ ਅਤੇ ਬਾਣੀ ਦੀ ਥਾਂ ਬਾਣੇ ਬਾਰੇ ਸਵਾਲ ਹਨ ਤਾਂ ਇਹ ਸਵਾਲ ਵੀ ਤਾਂ ਹੈ ਕਿ ਬਰਛੇ ਦਾ ਦਲੀਲਾਂ ਜਾਂ ਗੋਸ਼ਟਾਂ ਨਾਲ ਕੋਈ ਵਾਹ-ਵਾਸਤਾ ਕਿੰਨਾ ਕੁ ਬਣ ਸਕਦਾ ਹੈ? ਇਹ ਸਵਾਲ ਪਿੰਡ ਤੇ ਬ੍ਰਹਿਮੰਡ ਨੂੰ ਇਕ ਕਰ ਜਾਣਦੇ ਹਨ। ਇਹ ਉਸੇ 'ਕਿਉਂ' ਦਾ ਜਲੌਅ ਹੈ ਜਿਸ ਦਾ ਜ਼ਿਕਰ ਲੇਖਕ ਮੁੱਖਬੰਦ ਵਿਚ ਕਰਦਾ ਹੈ ਅਤੇ ਜੋ ਵਿਸਾਰ ਦਿੱਤੀ ਗਈ ਹੈ। ਉਂਕਾਰਪ੍ਰੀਤ ਆਪਣੀਆਂ ਕਵਿਤਾਵਾਂ ਰਾਹੀਂ ਇਸ ਵਿੱਸਰੀ 'ਕਿਉਂ' ਦਾ ਹੀ ਚੇਤਾ ਕਰਵਾ ਰਿਹਾ ਹੈ। ਇਹ ਗੁਰੂ ਨਾਨਕ ਸਮੇਤ ਸਭ ਗੁਰੂ ਸਾਹਿਬਾਨ ਅਤੇ ਉਹਨਾਂ ਨਾਲ ਜੁੜੇ ਭਗਤ ਸਾਹਿਬਾਨ ਦੇ ਰੌਸ਼ਨ ਖਿਆਲਾਂ ਵਾਲਾ ਕੋਈ ਰਾਹ ਹੈ। ਲੇਖਕ ਦਾ ਆਪਣਾ ਬਿਆਨ ਹੈ: (ਇਹ) "ਕਵਿਤਾਵਾਂ ਅਜਿਹੇ 'ਅਣ-ਫਿਰੇ ਮੂੜ੍ਹ ਮਨ ਵਾਲਿਆਂ ਅਤੇ ਉਹਨਾਂ ਵੱਲੋਂ ਸਿੱਖੀ ਦੇ ਨਾਮ ਹੇਠ ਵਰਤਾਏ ਜਾ ਰਹੇ 'ਮਨਮੁਖੀ ਭਾਣਿਆਂ' ਦੇ ਦਰਮਿਆਨ ਸਿੱਖ ਆਸ਼ੇ ਦੀ ਅੱਜੋਕੀ ਤ੍ਰਾਸਦੀ ਅਤੇ ਦਰਦ ਦਾ ਬਿਆਨ ਹਨ।"... 'ਅਣ-ਫਿਰਿਆ ਮੱਕਾ' ਵਿਚ ਵਰਤ ਚੁੱਕੇ ਇਸ ਭਾਣੇ ਦੀ ਹੀ ਨਿਸ਼ਾਨਦੇਹੀ ਹੈ: *ਉਦਾਸੀ ਲੰਮੀ ਸੀ/ਕਿ ਪਿੰਡੋਂ ਥੋੜ੍ਹੀ ਦੂਰ/ਬਾਬੇ ਦੇ ਸਿੱਖਾਂ ਦਾ ਮੱਕਾ ਸੀ/'ਅਣ-ਫਿਰਿਆ' ਹੀ।*

ਉਂਕਾਰਪ੍ਰੀਤ ਦੀ ਇਹ ਕਿਤਾਬ ਧਰਮ ਤੇ ਸਿਆਸਤ ਹੀ ਨਹੀਂ, ਅੱਜ ਦੇ ਕਰੂਰ ਸਿਸਟਮ ਅਤੇ ਬਾਹਰੋਂ ਸਬੂਤੇ ਜਾਪਦੇ ਪਰ ਅੰਦਰੋਂ ਅਧੂਰੇ ਬੰਦੇ ਬਾਰੇ ਧਿਆਨ ਧਰਨ ਲਈ ਹੋਕਾ ਹੈ। ਉਹ ਬਹੁਤ ਸਹਿਜ ਨਾਲ ਧਰਮ ਦੀ ਸਿਆਸਤ, ਸਿਸਟਮ ਦੀ ਮਾਰ ਅਤੇ ਤਨ ਦੀ ਸੁੱਚਮ ਰੱਖਦੇ ਮਨ ਦੀ ਮੈਲ਼ ਵਾਲੇ ਬੰਦੇ ਬਾਰੇ ਆਪਣੀ ਗੱਲ ਆਖ ਜਾਂਦਾ ਹੈ। ਉਹ ਉਧੇੜੀਆਂ ਜਾ ਰਹੀਆਂ ਉਦਾਸੀਆਂ ਬਾਰੇ 'ਸਿੱਖ ਸੰਗੀਆਂ' ਤੋਂ ਕੁਝ ਸੁਣਨਾ ਚਾਹੁੰਦਾ ਹੈ। ਇਹਨਾਂ ਪੱਖਾਂ ਤੋਂ 'ਅਣ-ਫਿਰਿਆ ਮੱਕਾ' ਬਹੁਤ ਅਹਿਮ ਹੈ।

**-ਜਸਬੀਰ**

'ਸਿਰਜਣਾ' ਦੀ ਉਡੀਕ ਹਮੇਸ਼ਾ ਹੀ ਬੜੀ ਸ਼ਿੱਦਤ ਨਾਲ ਰਹਿੰਦੀ ਹੈ। ਕੋਸ਼ਿਸ਼ ਰਹਿੰਦੀ ਹੈ ਕਿ ਸਭ ਤੋਂ ਪਹਿਲਾਂ ਬੱਸ ਏਹੀ ਪੜ੍ਹਿਆ ਜਾਵੇ। ਪਰ ਇਸ ਵਾਰ ਕਿਤੇ ਬਾਹਰ ਜਾਣਾ ਸੀ ਤੇ ਯਾਦ ਨਾਲ ਸੱਜਰਾ ਅੰਕ 210 ਬੈਗ ਵਿਚ ਰੱਖ ਲਿਆ। ਉੱਥੇ ਜਾ ਕੇ ਅਜਿਹਾ ਕੱਢਿਆ ਕਿ ਜ਼ਿਆਦਾ ਸਾਂਭ ਕੇ ਰੱਖੀ ਚੀਜ਼ ਮੁੜ ਥਿਆਇਆ ਈ ਨਾ। ਅੱਜ ਦੁਬਾਰਾ ਧਾਅ ਕੇ ਮਿਲਿਆ। ਵੈਸੇ ਮੇਰੀ ਕੋਸ਼ਿਸ਼ ਹੁੰਦੀ ਆ ਕਿ ਸਭ ਤੋਂ ਪਹਿਲਾਂ ਕਹਾਣੀਆਂ ਪੜ੍ਹਾਂ। ਪਰ ਇਸ ਵਾਰ ਮੈਂ ਸੰਪਾਦਕੀ ਪੜ੍ਹ ਕੇ ਸਭ ਤੋਂ ਪਹਿਲਾਂ ਵਰਿਆਮ ਸਿੰਘ ਸੰਧੂ ਹੁਰਾਂ ਦਾ ਆਰਟੀਕਲ 'ਮੇਰਾ ਨਾਨਕ ਇਕੱਲਾ ਰਹਿ ਗਿਆ ਹੈ' ਪੜ੍ਹਿਆ। ਸੰਧੂ ਸਾਹਿਬ ਨੇ ਇਸ ਵਿਚ ਆਮ ਜਨ ਤੇ ਬੁੱਧ ਵਿਵੇਕ ਵਾਲਿਆਂ ਨੂੰ ਆਪਣੇ ਸ਼ਬਦਾਂ ਵਿਚ ਇਹ ਸਮਝਾਉਣ ਦਾ ਯਤਨ ਕੀਤਾ ਹੈ ਕਿ ਬਾਬੇ ਦੀ ਜੀਵਨ ਯਾਤਰਾ ਵਿਚ ਮਰਦਾਨੇ ਦਾ ਕੀ ਮਹੱਤਵ ਸੀ। ਇਹ ਅਸੀਂ ਅੱਜ ਤਕ ਕਿੰਨਾ ਕੁ ਸਮਝ ਪਾਏ ਹਾਂ। ਸੱਚਮੁੱਚ ਸਾਡੇ ਕਥਾ ਵਾਚਕ ਜਾਂ ਸਾਖੀਕਾਰ ਬਾਬੇ ਨੂੰ ਵਡਿਆਉਣ ਲਈ ਇਸ ਗੱਲ ਦੀ ਉਦਾਹਰਣ ਦਿੰਦੇ ਹਨ ਕਿ ਬਾਬੇ ਨੇ ਕਥਿਤ ਛੋਟੀ ਜਾਤ ਦੇ ਡੂਮ ਨੂੰ ਆਪਣਾ ਸਾਥੀ ਬਣਾਇਆ। ਜਦਕਿ ਬਾਬੇ ਲਈ ਉਹ ਕਦੀ ਵੀ, ਨਾ ਪਹਿਲਾਂ ਜਾਂ ਬਾਅਦ ਵਿਚ, ਨਾ ਡੂਮ ਸੀ ਨਾ ਮਿਰਾਸੀ। ਉਹ ਉਸਦਾ ਸਖਾ ਸੀ, ਭਾਈ ਸੀ, ਮਿੱਤਰ ਸੀ। ਬਾਬਾ ਉਹ ਸੀ ਜਿਸਦੀ ਗੱਲ ਖੁਦਾਈ ਮੰਨਦੀ ਸੀ ਤੇ ਮਰਦਾਨਾ ਉਹ ਸੀ ਜਿਸਦੀ ਗੱਲ ਬਾਬਾ ਮੰਨਦਾ ਸੀ। ਇਸ ਲੇਖ ਵਿਚ ਬਾਬੇ ਤੇ ਮਰਦਾਨੇ ਦੀ ਰੂਹਾਨੀ ਸਾਂਝ ਦੀਆਂ ਬਹੁਤ ਸਾਰੀਆਂ ਖ਼ੂਬਸੂਰਤ ਗੱਲਾਂ ਕੀਤੀਆਂ ਗਈਆਂ ਹਨ। ਨਾਨਕ ਤੋਂ ਬਾਅਦ ਜਿਸ ਦਾ ਨਾਮ ਆਉਂਦਾ ਹੈ, ਉਹ ਹੈ ਮਰਦਾਨਾ। ਇਹ ਲੇਖ ਪੜ੍ਹਦਿਆਂ ਮੈਨੂੰ ਯਾਦ ਆਇਆ ਕਿ ਇਕ ਵਾਰ ਡਾ. ਸੁਖਦੇਵ ਸਿੰਘ ਸਿਰਸਾ ਨੇ ਕਲਾਸ ਵਿਚ ਪੜ੍ਹਾਉਂਦਿਆਂ ਕਿਹਾ ਸੀ ਕਿ ਕਿਵੇਂ ਹੌਲ਼ੀ ਹੌਲ਼ੀ ਚੁੱਪ ਚੁਪੀਤੇ ਕਿਸੇ ਸਾਜ਼ਿਸ਼ ਦੇ ਤਹਿਤ ਤਸਵੀਰਾਂ ਵਿਚੋਂ ਕੈਲੰਡਰਾਂ ਵਿਚੋਂ ਮਰਦਾਨੇ ਨੂੰ ਗ਼ਾਇਬ ਕੀਤਾ ਜਾ ਰਿਹਾ ਹੈ ਤੇ ਕਿਰਤੀ ਨਾਨਕ ਨੂੰ ਕੋਮਲ ਮਲੂਕ ਬਣਾ ਕੇ ਇਕੱਲਾ ਕੀਤਾ ਜਾ ਰਿਹਾ ਹੈ। ਇਸ ਆਰਟੀਕਲ ਲਈ ਵਰਿਆਮ ਸਿੰਘ ਸੰਧੂ ਜੀ ਨੂੰ ਬਹੁਤ ਬਹੁਤ ਮੁਬਾਰਕ।

**-ਤ੍ਰਿਪਤਾ ਕ ਸਿੰਘ (ਹੁਸ਼ਿਆਰਪੁਰ)**

'ਸਿਰਜਣਾ' ਦੇ ਸੰਪਾਦਕ ਇਸ ਲਈ ਵਧਾਈ ਦੇ ਹੱਕਦਾਰ ਹਨ ਕਿ ਅੰਕ 210 ਵਿਚ ਛਪੀਆਂ ਕਹਾਣੀਆਂ ਮੌਲਿਕ ਤੇ ਵੱਖ ਵੱਖ ਵਿਸ਼ਿਆਂ ਨਾਲ ਸੰਬੰਧਤ ਹਨ। ਪਾਠਕੀ ਨਜ਼ਰੀਏ ਤੋਂ ਸਭ ਕਹਾਣੀਕਾਰਾਂ ਨੂੰ ਬਹੁਤ ਬਹੁਤ ਮੁਬਾਰਕਾਂ ਕਿਉਂਕਿ ਇਹ ਕਹਾਣੀਆਂ ਪੜ੍ਹਨਯੋਗ ਹਨ। --- ਦਰਸ਼ਨ ਜੋਗਾ ਦੀ ਕਹਾਣੀ 'ਕੁਛ ਨੀ ਹੁੰਦਾ' ਵਿਚ ਛੁਪੇ 'ਕੁਛ ਹੋਣ' ਦੇ ਅਰਥ ਬੜੇ ਗਹਿਰੇ ਨੇ। ਚੇਤਨਾ ਪ੍ਰਵਾਹ 'ਚ ਤੁਰਦੀ ਇਹ ਕਹਾਣੀ ਪਿਤਾ ਤੇ ਪੁੱਤ 'ਚ ਪੀੜ੍ਹੀ ਪਾੜੇ ਨੂੰ ਵੀ ਉਭਾਰਦੀ ਹੈ, ਅਤੀਤ ਤੇ ਵਰਤਮਾਨ ਨੂੰ ਵੀ ਸਮਾਨਾਂਤਰ ਲੈ ਕੇ ਤੁਰਦੀ ਹੈ। ਤਣਾਉ ਤੇ ਟਕਰਾਅ ਏਸ ਕਹਾਣੀ ਨੂੰ ਰੌਚਿਕ ਬਣਾਉਂਦੇ ਨੇ। 'ਕੁਛ ਨਹੀਂ ਹੁੰਦਾ' ਦੀ ਧੁਨੀ ਬਿਰਤਾਂਤ ਦੇ ਆਰ-ਪਾਰ ਹੋ ਕੇ ਗਹਿਰੇ ਅਰਥਾਂ ਦਾ ਸੰਚਾਰ ਕਰ ਜਾਂਦੀ ਹੈ ਤੇ ਖਲੀਲ ਜਿਬਰਾਨ ਦੇ ਉਸ ਕਥਨ ਦੀ ਗਵਾਹੀ ਭਰਦੀ ਹੈ ਕਿ ਤੁਹਾਡੇ ਬੱਚੇ ਤੁਹਾਡੇ ਰਾਹੀਂ ਹਨ, ਤੁਹਾਡੇ ਨਹੀਂ। ਸੰਕੇਤਕ ਭਾਸ਼ਾ, ਸਰੀਰਕ ਹਰਕਤਾਂ ਰਾਹੀਂ ਕਹੇ ਨਾਲੋਂ ਅਣਕਿਹਾ ਕਿਵੇਂ ਮਹੱਤਵ ਰੱਖਦਾ ਹੈ, ਇਹ ਕਹਾਣੀ ਇਸਦੀ ਸ਼ਾਹਦੀ ਭਰਦੀ ਹੈ। ਸੋਮਾ ਤੇ ਸੁਖਚੈਨ ਰਾਹੀਂ ਬੋਲਿਆ ਇਕੋ ਹੀ ਵਾਕ ਦੋ ਵੱਖਰੀਆਂ ਦ੍ਰਿਸ਼ਟੀਆਂ ਨੂੰ ਉਘਾੜਦਾ ਹੈ। ਦਰਸ਼ਨ

ਜੋਗਾ ਹੁਰਾਂ ਦੀ ਕਲਮ ਨੂੰ ਸਲਾਮ। -- ਤੌਕੀਰ ਚੁਗਤਾਈ ਹੁਰਾਂ ਦੀ ਕਹਾਣੀ 'ਤੁਬਕੇ' ਨਿੱਕੀ ਕਹਾਣੀ ਦੇ ਕਲਾਤਮਕ ਗੁਣਾਂ ਨੂੰ ਸਾਂਭੀ ਬੈਠੀ ਹੈ ਤੇ ਦੱਸਣ 'ਚ ਸਫਲ ਹੋਈ ਹੈ ਕਿ 'ਨਿੱਕੀ ਕਹਾਣੀ ਜਿੰਨੀ ਨਿੱਕੀ ਉਨੀ ਤਿੱਖੀ'। -- ਦੀਪਤੀ ਬਬੂਟਾ ਦੀ ਕਲਮ ਵਾਪਰਦੇ ਹਰ ਸਮਕਾਲੀ ਵਰਤਾਰੇ ਨੂੰ ਫੌਰੀ ਹੁੰਗਾਰਾ ਦਿੰਦੀ ਹੈ। 'ਚੱਕਰਵਿਊ' ਕਹਾਣੀ 'ਚ ਦੋ ਮੁਲਕਾਂ 'ਚ ਲੱਗੀ ਜੰਗ ਦਾ ਜ਼ਿਕਰ ਹੈ। ਕਹਾਣੀ ਦਿਸਦੀ ਤੇ ਅਣਦਿਸਦੀ ਜੰਗ ਨੂੰ ਉਘਾੜਨ ਦਾ ਯਤਨ ਕਰਦੀ ਹੈ। ਕਹਾਣੀ 'ਚ ਮਧਵਰਗੀ ਪਰਿਵਾਰ ਇਸ ਜੰਗ ਨੂੰ ਮਾਨਸਿਕ ਪੱਧਰ 'ਤੇ ਝੱਲਦਾ ਹੈ ਜਿੱਥੇ ਪੁੱਤ ਸੁਹਜ ਦਾ ਭਵਿੱਖ ਇਸ ਜੰਗ 'ਚ ਤਬਾਹ ਹੋ ਜਾਂਦਾ ਹੈ। ਪਰ ਇਸ ਕਹਾਣੀ ਦਾ ਗਲਪੀਕਰਨ ਕਰਦਿਆਂ ਬਿਰਤਾਂਤਕ ਵੇਰਵੇ ਪੱਤਰਕਾਰੀ ਦਾ ਪ੍ਰਭਾਵ ਦੇਣ ਲੱਗਦੇ ਹਨ। ਕਹਾਣੀ 'ਚ ਵਾਪਰਦੀ ਸਮੱਸਿਆ ਦਾ ਹੱਲ ਵੀ ਅਗਲੇਰੇ ਬਿਰਤਾਂਤਕ ਵੇਰਵਿਆਂ 'ਚ ਮੌਜੂਦ ਹੈ। ਜੇਕਰ ਇਹ ਸਮੱਸਿਆ ਤਣਾਉ ਤੇ ਟਕਰਾਅ 'ਚ ਵਟ ਜਾਂਦੀ ਤਾਂ ਕਹਾਣੀ ਵਧੇਰੇ ਕਲਾਤਮਿਕ ਹੋਣੀ ਸੀ। ਕਹਾਣੀ ਦਾ ਅੰਤ ਪ੍ਰਭਾਵਸ਼ਾਲੀ ਹੈ। -- ਸਵਾਮੀ ਸਰਬਜੀਤ ਹੁਰਾਂ ਦੀ ਕਹਾਣੀ ਨਾਟਕ ਤੇ ਨਿਬੰਧਕਾਰੀ ਦੇ ਸੂਤਰਾਂ ਰਾਹੀਂ ਵਿਸਥਾਰ ਗ੍ਰਹਿਣ ਕਰਦੀ ਹੈ। ਕਹਾਣੀ 'ਚ ਵਰਤੀ ਭਾਸ਼ਾ ਕਹਾਣੀ ਦੀ ਜਿੰਦ ਜਾਨ ਹੈ। ਕਹਾਣੀ ਵਿਚਲੇ ਬੇਲੋੜੇ ਵਿਸਥਾਰ ਤੋਂ ਬਚਿਆ ਜਾ ਸਕਦਾ ਸੀ। **-ਸਰਘੀ ਜੰਮੂ (ਅੰਮ੍ਰਿਤਸਰ)**

'ਸਿਰਜਣਾ' (ਅਕਤੂਬਰ-ਦਸੰਬਰ 2023) ਦੀ ਸੰਪਾਦਕੀ 'ਭੀੜ ਤੰਤਰ - ਹਨੇਰੇ ਦੇ ਵਣਜਾਰੇ' ਪੜ੍ਹ ਕੇ ਹਟਿਆ ਹਾਂ। ਪੰਜਾਬੀ ਦੇ ਅਕਾਦਮਿਕ ਹਲਕਿਆਂ ਵਿਚ ਪ੍ਰੋਫੈਸਰ ਸੁਰਜੀਤ ਸਿੰਘ ਦੇ ਖਿਲਾਫ ਹੋਈ ਹਿੰਸਾ ਦੇ ਵਿਰੁੱਧ ਜਿੰਨਾ ਮੱਠਾ ਹੁੰਗਾਰਾ ਮਿਲਿਆ ਹੈ, ਉਹ ਸੱਚਮੁੱਚ ਹੀ ਉਦਾਸ ਕਰਨ ਵਾਲਾ ਹੈ। ਇਹ ਹਮਲਾ ਸਿਰਫ ਇਕ ਅਧਿਆਪਕ 'ਤੇ ਹਮਲਾ ਨਹੀਂ, ਅਧਿਆਪਨ ਤੇ ਖੋਜ ਪ੍ਰਤਿਬੱਧਤਾ 'ਤੇ ਹਮਲਾ ਹੈ। ਪਰ ਪੰਜਾਬੀ ਦੇ ਅਧਿਆਪਕ ਵਰਗ ਅਤੇ ਲੇਖਕਾਂ ਨੇ ਇਸ ਹਿੰਸਾ ਵਿਰੁੱਧ ਲਗਪਗ ਚੁੱਪ ਸਾਧ ਰੱਖੀ ਹੈ ਜਿਸ ਤੋਂ ਅੰਦਾਜ਼ਾ ਲੱਗਦਾ ਹੈ ਕਿ ਅਸੀਂ ਕਿਵੇਂ ਨਿੱਜ ਤਕ ਸੁੰਗੜ ਕੇ ਰਹਿ ਗਏ ਹਾਂ। ਅਜਿਹੇ ਸਮੇਂ ਵਿਚ ਸੰਪਾਦਕੀ ਹਨੇਰੇ ਵਿਚ ਦੀਵਾ ਜਗਾਉਣ ਵਾਂਗ ਹੈ। ਇਸ ਵਿਚ ਬਹੁਤ ਬੇਬਾਕੀ ਨਾਲ ਇਸ ਹਮਲੇ ਪਿੱਛੇ ਕਾਰਜਸ਼ੀਲ ਧਿਰਾਂ ਨੂੰ ਬੇਪਰਦ ਕੀਤਾ ਗਿਆ ਹੈ। ਇਸ ਸਮੇਂ ਜੇ ਇਸ ਭੀੜ ਤੰਤਰ ਨੂੰ ਰੋਕਿਆ ਨਾ ਗਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਹਰ ਲੋਕ ਪੱਖੀ ਆਵਾਜ਼ ਨੂੰ ਚੁੱਪ ਕਰਾਉਣ ਲਈ ਅਜਿਹੀ ਭੀੜ ਇਕੱਠੀ ਕਰ ਲਈ ਜਾਵੇਗੀ। ਇਸ ਮਾਹੌਲ ਵਿਚ ਭੀੜ ਤੰਤਰ ਦੇ ਖਿਲਾਫ 'ਸਿਰਜਣਾ' ਦਾ ਹੁੰਗਾਰਾ ਬਹੁਤ ਸਕੂਨ ਦੇਣ ਵਾਲਾ ਹੈ। ਸ਼ਾਇਦ ਸੰਪਾਦਕੀ ਪੜ੍ਹ ਕੇ ਅਧਿਆਪਕ ਤੇ ਲੇਖਕ ਬੋਲਣ ਦਾ ਕੁਝ ਹੌਸਲਾ ਕਰਨ ਲੱਗ ਜਾਣ। **-ਪਰਮਜੀਤ ਸਿੰਘ (ਪਟਿਆਲਾ)**

'ਸਿਰਜਣਾ' (210) ਦੀ ਸੰਪਾਦਕੀ ਨੇ ਭੀੜ ਤੰਤਰ ਪੈਦਾ ਕਰਨ ਵਾਲੇ ਤੱਤਾਂ ਨੂੰ ਤਕੜਾ ਝੰਜੋੜਾ ਦਿੱਤਾ ਹੈ, ਜੇ ਸਮਝਣ ਤਾਂ। **-ਅਤਰਜੀਤ (ਬਠਿੰਡਾ)**

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: 1 ਜਨਵਰੀ, 2024

## ਸੰਤਾਲੀ ਦੀ ਵੰਡ ਬਾਰੇ ਸੁਰਿੰਦਰ ਸਿੰਘ ਨੇਕੀ ਦਾ ਨਾਵਲ 'ਨੋ ਮੈਨਜ਼-ਲੈਂਡ ਤੋਂ ਸ਼ਕੀਲਾ'




ਸੁਰਿੰਦਰ ਸਿੰਘ ਨੇਕੀ ਦੇ ਨਾਵਲ 'ਨੋ ਮੈਨਜ਼-ਲੈਂਡ ਤੋਂ ਸ਼ਕੀਲਾ' ਵਿਚ 1947 ਦੀ ਵੰਡ ਅਤੇ ਵੱਢ-ਵਢਾਂਗੇ ਦੇ ਸੰਤਾਪ ਦੀ ਕਹਾਣੀ ਹੈ। ਇਸ ਅੰਦਰ ਪੇਂਡੂ ਮੁਹਾਵਰਾ, ਦੁਆਬੀ ਉਪ ਭਾਸ਼ਾ ਦਾ ਜਲੌਅ, ਕਿਰਤੀਆਂ ਦਾ ਸਿਰੜ ਤੇ ਸੰਘਰਸ਼,ਸਿਰ ਉੱਚਾ ਕਰ ਕੇ ਜੀਣ-ਥੀਣ ਦਾ ਸੰਕਲਪ, ਸਾਵੇਂ ਸਮਾਜ ਦੀ ਸਿਰਜਣਾ ਹਿਤ ਗੁਰੂਆਂ ਭਗਤਾਂ ਦੇ ਦੱਸੇ ਮਾਰਗ ਦੀਆਂ ਕਨਸੋਆਂ ਸਹਿਜ ਨਾਲ ਪੇਸ਼ ਹੋਈਆਂ ਹਨ।

ਪੰਨ 336 ਸੁੰਦਰ ਦਿੱਖ ਮੁੱਲ 450 ਰੁਪਏ

**ਯੂਨੀਸਟਾਰ ਬੁੱਕਸ, ਮੁਹਾਲੀ**

**SIRJANA** Literary Punjabi Quarterly Chandigarh
No. 211 ISSN 2455-1058 January-March **2024**
Registered with the Registrar of Newspapers for India vide R.N. 10215/65

'ਛੱਟਾ ਚਾਨਣਾਂ ਦਾ ਦਈ ਜਾਣਾ' ਦੇ ਰਚੇਤਾ ਸੁਰਿੰਦਰ ਗਿੱਲ
ਦਾ ਨਵਾਂ ਕਾਵਿ ਸੰਗ੍ਰਹਿ 'ਪੁਲ਼ ਤੇ ਪਾਣੀ'




'ਪੁਲ਼ ਤੇ ਪਾਣੀ' ਸੁਰਿੰਦਰ ਗਿੱਲ ਦਾ ਦਸਵਾਂ ਕਾਵਿ ਸੰਗ੍ਰਹਿ ਹੈ। 1963 ਵਿਚ ਪਲੇਠੇ ਕਾਵਿ ਸੰਗ੍ਰਹਿ 'ਸ਼ਗਨ' ਤੋਂ ਲੈ ਕੇ 'ਪੁਲ਼ ਤੇ ਪਾਣੀ' ਤਕ ਸ਼ਾਇਰੀ ਦੇ ਵੱਖ-ਵੱਖ ਰੰਗ ਇਨ੍ਹਾਂ ਸੰਗ੍ਰਹਿਆਂ ਵਿਚ ਗਵਾਹ ਬਣੇ ਹਨ।

ਪੰਨੇ 116 ਸੁੰਦਰ ਦਿੱਖ ਮੁੱਲ 175 ਰੁਪਏ

ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ